ੴ ਸਤਿਗੁਰ ਪ੍ਰਸਾਦਿ ॥

# ਨਾਮ, ਸੇਵਾ ਤੇ ਹੁਕਮ


ਲੇਖਕ :

ਬਲਬੀਰ ਸਿੰਘ ਐਮ. ਏ.

ਪ੍ਰਿੰਸੀਪਲ

ਪ੍ਰਕਾਸ਼ਕ :
ਪ੍ਰਿੰਸੀਪਲ ਬਲਬੀਰ ਸਿੰਘ ਐਮ. ਏ,
ਜਗਰਾਉਂ ਮੰਡੀ।
ਜ਼ਿਲਾ ਲੁਧਿਆਣਾ (ਪੰਜਾਬ)

( ਸਭ ਹੱਕ ਰਾਖਵੇਂ ਹਨ, ਬਿਨਾਂ ਆਗਿਆ ਕੋਈ ਨਾ ਛਾਪੇ )

ਪਹਿਲੀ ਵਾਰ : 1100 ਜੂਨ, 1980
ਦੂਜੀ ਵਾਰ : 1100 ਅਗਸਤ, 1986
ਤੀਜੀ ਵਾਰ : 1100 ਅਗਸਤ, 1993

ਭੇਟਾ : 8 ਰੁਪਏ

ਪ੍ਰਿੰਟਰਜ਼ :
ਜੋਗਿੰਦਰ ਸਿੰਘ 'ਮਨੀਲਾ'
ਮਨੀਲਾ ਪ੍ਰਿੰਟਿੰਗ ਪ੍ਰੈਸ,
ਅਨਾਰਕਲੀ ਬਾਜ਼ਾਰ,
ਜਗਰਾਉਂ।

# ਤਤਕਰਾ


1. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ 1
2. ਰੱਬ ਕਿਸਦਾ ਬਣਦਾ ਹੈ ? 11
3. ਕੀ ਸਭ ਇਕੋ ਰੂਪ ਹਨ ? 18
4. ਚਰਨ ਕਮਲ 26
5. ਨਾਮ 37
   1) ਨਾਮ ਕਿਸ ਨੂੰ ਆਖਦੇ ਹਨ ? 37
   2) ਨਾਮ ਦੀ ਲੋੜ 42
   3) ਨਾਮ ਵੱਡਾ ਹੈ ਜਾਂ ਨਾਮੀ ? 54
   4) ਕੀ ਨਾਮ ਨਾਲੋਂ ਭੀ ਕੋਈ ਵੱਡਾ ਹੈ ? 56
   5) ਨਾਮ ਦੀ ਮਹੱਤਤਾ 57
   6) ਜਿਹੜੇ ਨਾਮ ਨਹੀਂ ਜਪਦੇ 62
   7) ਨਾਮ ਦਾ ਅਧਿਕਾਰੀ ਕੌਣ ? 72
   a) ਮਨ ਦੀ ਗਰੀਬੀ 78
   b) ਮਨ ਵੱਸ ਕਰਨ ਨਾਲ 81
   c) ਆਪਣਾ ਆਪ ਗੁਰੂ ਨੂੰ ਸੌਂਪਣਾ 81
   d) ਹਿਸਾਬ ਕਿਤਾਬ ਨਾ ਮੰਗਣਾ 82
   e) ਖਾਸ ਮਿੱਟੀ, ਤੇਲ ਅਤੇ ਬੱਤੀ 84
   f) ਪਾਸ ਲੈ ਲਵੇ 85
6. ਧਿਆਨ ਦੀ ਲੋੜ 90
7. ਨਾਮ ਲਈ ਪੂਰਨ ਸੰਤ ਦੀ ਲੋੜ 117
8. ਕੀ ਮਾਲਾ ਜ਼ਰੂਰੀ ਹੈ ? 132
9. ਨਾਮ ਜਪਣ ਵਾਸਤੇ ਵੇਲਾ (ਟਾਈਮ) 146
10. ਵਾਹਿਗੁਰੂ ਸ਼ਬਦ ਦੀ ਮਹੱਤਤਾ 150
11. ਸੇਵਾ 158
12. ਨਾਮ ਵੱਡਾ ਹੈ ਜਾਂ ਹੁਕਮ ? 180
13. ਹੁਕਮ ਦੀ ਉਲੰਘਣਾ 191

# ਮੁਖ ਬੰਧ

ਦਾਸ ਨੇ ਜੁਲਾਈ ਤੇ ਅਗਸਤ 1978 ਵਿਚ ਪ੍ਰਗਟ ਗੁਰਾਂ ਕੀ ਦੇਹ (ਭਾਗ ਪਹਿਲਾ) ਤੇ (ਭਾਗ ਦੂਜਾ) ਲਿਖਣ ਤੇ ਛਪਵਾਉਣ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ। ਦਾਸ ਆਪਣੇ ਆਪ ਵਿਚ ਅਣਗਿਣਤ ਊਣਤਾਈਆਂ ਨੂੰ ਵੇਖਦੇ ਹੋਏ ਬੜੀ ਸ਼ਰਮ ਭੀ ਮਹਿਸੂਸ ਕਰਦਾ ਸੀ। ਪ੍ਰੰਤੂ ਦਾਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਸੰਗਤਾਂ ਨੇ ਇਸ ਕੂਕਰ ਨੂੰ ਇਤਨੀ ਹੌਂਸਲਾ ਅਫਜ਼ਾਈ ਬਖਸ਼ੀ ਕਿ ਕੁਝ ਮਹੀਨਿਆਂ ਦੇ ਅੰਦਰ-2 ਹੀ ਸਾਰਾ ਸਟਾਕ ਖਤਮ ਹੋ ਗਿਆ ਅਤੇ ਸਭ ਪਾਸਿਆਂ ਤੋਂ ਕਿਤਾਬ ਦੀ ਮੰਗ ਆਉਣ ਲੱਗ ਪਈ।

ਇਹ ਕਿਤਾਬ ਉਸੇ ਲੜੀ ਦਾ ਹੀ ਇਕ ਹਿੱਸਾ ਹੈ। ਦਾਸ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਕਿਤਾਬ ਪੜ੍ਹ ਕੇ ਆਪਣੇ-2 ਸੁਝਾਅ ਭੇਜਣ ਦੀ ਖੇਚਲ ਕਰਨ ਅਤੇ ਦਾਸ ਦੀਆਂ ਊਣਤਾਈਆਂ ਨੂੰ ਦੱਸ ਕੇ ਦਾਸ ਨੂੰ ਅੱਗੇ ਵਾਸਤੇ ਸੁਮੱਤ ਬਖਸ਼ਣ।

ਸੰਗਤਾਂ ਦਾ ਦਾਸ :
ਬਲਬੀਰ ਸਿੰਘ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ

ਜਿੰਨੇ ਪੀਰ, ਪੈਗੰਬਰ, ਅਵਤਾਰ ਹੋਏ ਹਨ, ਸਭ ਨੂੰ ਗੁਰੂ ਧਾਰਨ ਕਰਨਾ ਪਿਆ। ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਿਆ ਤਾਂ ਉਹੀ ਰੂਪ ਹੋਏ। ਇਸੇ ਤਰਾਂ ਬਾਕੀ ਦੇ ਗੁਰੂ ਸਾਹਿਬਾਨ ਨੇ ਕੀਤਾ।

ਤਾਂ ਹੁਣ ਸਵਾਲ ਉਠਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਕੌਣ ਸੀ ? ਕਈ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਦੇ ਗੁਰੂ ਅਕਾਲ ਪੁਰਖ ਜਾਂ ਨਿਰੰਕਾਰ ਸਨ। ਤਾਂ ਫਿਰ ਸਵਾਲ ਉਠਦਾ ਹੈ ਕਿ ਕੀ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਜਾਂ ਨਿਰੰਕਾਰ ਨਹੀਂ ਸਨ ? ਇਹ ਗੱਲ ਤਾਂ ਉਹਨਾਂ ਵਾਸਤੇ ਪੂਰੀ ਢੁਕਦੀ ਹੈ ਜਿਹੜੇ ਗੁਰੂ ਨਾਨਕ ਸਾਹਿਬ ਨੂੰ ਸਾਧ, ਸੰਤ ਅਤੇ ਪਤਾ ਨਹੀਂ ਕੀ ਕੁਝ ਪਏ ਕਹਿੰਦੇ ਹਨ। ਪ੍ਰੰਤੂ ਆਪਣੀ ਵੀਚਾਰ ਤਾਂ ਉਹਨਾਂ ਨਾਲ ਹੈ ਜਿਹੜੇ ਸਿਖ ਇਤਿਹਾਸ ਨੂੰ ਅੱਖਾਂ ਉਹਲੇ ਨਹੀਂ ਕਰਦੇ। ਜਿਹੜੇ ਜਾਣਦੇ ਹਨ ਕਿ ਇਕ ਮੂਰਖ, ਗੂੰਗੇ ਅਤੇ ਬੋਲੇ ਦੇ ਸਿਰ ਤੇ ਜੇ ਅਠਵੇਂ ਪਾਤਸ਼ਾਹ ਸੋਟੀ ਰਖਦੇ ਹਨ ਤਾਂ ਉਸ ਨੂੰ ਸਾਰੀ ਗੀਤਾ ਦਾ ਗਿਆਨ ਹੋ ਜਾਂਦਾ ਹੈ। ਮੂਰਖ ਤੋਂ ਸੋਟੀ ਰੱਖਣ ਨਾਲ ਹੀ ਸੰਤ ਬਣ ਗਿਆ। ਜਿਹੜੇ ਸ਼ਬਦ ਵੀਚਾਰਦੇ ਹਨ :

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥
ਮਹਿਮਾ ਸਾਧੂ ਸੰਗ ਕੀ ਸੁਣਹੁ ਮੇਰੇ ਮੀਤਾ ॥ (ਅੰਗ 809)

ਪਿੰਗਲਾ ਪਹਾੜ ਪਾਰ ਕਰ ਸਕਦਾ ਹੈ, ਮੂਰਖ ਵਿਆਖਿਆ ਕਰ ਸਕਦਾ ਹੈ ਅਤੇ ਅੰਨ੍ਹੇ ਨੂੰ ਤਿੰਨਾਂ ਭਵਨਾਂ ਦੀ ਸੋਝੀ ਹੋ ਸਕਦੀ ਹੈ।

ਆਪਣੀ ਵੀਚਾਰ ਤਾਂ ਉਹਨਾਂ ਨਾਲ ਹੈ ਜਿਹੜੇ ਇਤਨਾ ਗਿਆਨ ਰਖਦੇ ਹਨ ਕਿ ਗੁਰੂ ਨਾਨਕ ਸਾਹਿਬ ਸਾਧ ਜਾਂ ਸੰਤ ਨਹੀਂ ਸਨ ਬਲਕਿ ਜੇ ਕੋਈ ਗੁਰੂ ਨਾਨਕ ਸਾਹਿਬ ਦੇ ਕੁੱਤਿਆਂ ਦੀ ਚਰਨ ਧੂੜ ਮੱਥੇ ਨਾਲ ਲਾ ਲਵੇ ਤਾਂ ਉਹ ਭੀ ਸੰਤ ਬਣ ਸਕਦਾ ਹੈ।

ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰ ਗੁਰ ਸੰਗਿ ਥੀਏ ॥
(ਅੰਗ 1172)

ਜਿਹੜਾ ਗੁਰੂ ਨਾਨਕ ਪਾਰਸ ਨਾਲ ਛੋਹ ਗਿਆ ਉਹ ਭੀ ਪਾਰਸ ਬਣ ਗਿਆ ਅਤੇ ਅਗੋ ਅਨੇਕਾਂ ਨੂੰ ਲੋਹੇ ਤੋਂ ਸੋਨਾ ਬਣਾ ਸਕਦਾ ਹੈ (ਮੂਰਖ ਤੋਂ ਸੰਤ ਬਣਾ ਸਕਦਾ ਹੈ)। ਕੌਣ ? ਗੁਰੂ ਨਾਨਕ ਸਾਹਿਬ ? ਨਹੀਂ ਨਹੀਂ ਜਿਹੜਾ ਗੁਰੂ ਨਾਨਕ ਸਾਹਿਬ ਦੇ ਚਰਨ ਪਰਸ ਲਵੇ, ਉਸ ਦੇ ਅਗੇ ਚਰਨ ਪਰਸਣ ਨਾਲ ਇਕ ਮੂਰਖ ਭੀ ਸੰਤ ਬਣ ਸਕਦਾ ਹੈ।

ਹੁਣ ਆਪਾਂ ਵੀਚਾਰ ਕਰੀਏ ਕਿ ਬਾਣੀ ਕੀ ਕਹਿੰਦੀ ਹੈ ?

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ॥ (ਅੰਗ 1408)

ਸਤਿਗੁਰ ਨਾਨਕ ਦੇਉ ਹੈ ਪਰਮੇਸ਼ਰ ਸੋਈ ॥ (ਵਾਰ 38)

ਆਪ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
(ਅੰਗ 1395)

ਗੁਰੂ ਨਾਨਕ ਆਮਦ ਨਰਾਇਨ ਸਰੂਪ ॥ (ਭਾਈ ਨੰਦ ਲਾਲ)

ਹੁਣ ਫਿਰ ਆਪਾਂ ਵੀਚਾਰ ਕਰਨਾ ਹੈ ਕਿ ਜੇ ਗੁਰੂ ਨਾਨਕ ਸਾਹਿਬ ਆਪ ਨਿਰੰਕਾਰ ਸਨ ਤਾਂ ਉਹਨਾਂ ਦਾ ਗੁਰੂ ਕੌਣ ਸੀ ?

ਬਾਬਾ ਜੀ ਬੜੇ ਠਰੰਮੇਂ ਨਾਲ ਸਮਝਾਉਂਦੇ ਸਨ :

"ਜਿਸ ਤਰਾਂ ਆਪਾਂ ਪੱਗ ਬੰਨ੍ਹਦੇ ਹਾਂ ਅਤੇ ਆਪਾਂ ਦੇਖਣੀ ਚਾਹੁੰਦੇ ਹਾਂ ਕਿ ਪੱਗ ਕਿਹੋ ਜਿਹੀ ਬੱਝੀ ਹੈ ਤਾਂ ਫਿਰ ਆਪਾਂ ਸ਼ੀਸ਼ੇ ਵਿਚ ਆਪਣਾ ਮੂੰਹ ਦੇਖਦੇ ਹਾਂ । ਸੋ ਇਸੇ ਤਰਾਂ ਗੁਰੂ ਨਾਨਕ ਸਾਹਿਬ ਖੁਦ ਨਿਰੰਕਾਰ (ਨਿਰਾਕਾਰ) ਸਨ । ਨਿਰੰਕਾਰ ਨੂੰ ਇਛਿਆ ਹੋਈ ਕਿ ਉਹ ਆਪਣਾ ਮੁਖ ਦੇਖੇ ਸੋ ਉਸ ਨੇ ਗੁਰੂ ਨਾਨਕ ਦਾ ਸਰੂਪ ਧਾਰਨ ਕਰ ਲਿਆ ।"

ਗੁਰਬਾਣੀ ਕਹਿੰਦੀ ਹੈ :-

ਆਪੇ ਸੂਰੁ ਕਿਰਣਿ ਬਿਸਥਾਰੁ ॥ ਸੋਈ ਗੁਪਤੁ ਸੋਈ ਆਕਾਰੁ ॥
ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥
(ਅੰਗ 360)

ਨਿਰੰਕਾਰ ਆਕਾਰੁ ਕਰਿ ਜੋਤਿ ਸਰੂਪ ਅਨੂਪ ਦਿਖਾਇਆ ॥
(ਵਾਰ 12, 17)

ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥
(ਅੰਗ 827)

ਫਿਰ ਬਾਬਾ ਜੀ ਫੁਰਮਾਉਂਦੇ ਸਨ :-

"ਸੱਚ ਨੂੰ ਸੱਚ ਕਹਿਣਾ ਕੋਈ ਗੁਨਾਹ [ਪਾਪ] ਨਹੀਂ ਹੈ । ਜਿਨੇ ਪੀਰ ਪੈਗੰਬਰ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਆਏ ਸਨ, ਸਭ ਆਪਣਾ ਹੀ ਨਾਂ ਜਪਾਉਣ ਲਗ ਪਏ ਸਨ । ਕਿਸੇ ਨੇ ਕਿਹਾ "ਮੈਂ ਰੱਬ ਹਾਂ ।" ਕਿਸੇ ਨੇ

ਕਿਹਾ "ਮੇਰਾ ਨਾਮ ਜਪੋ" ਕਿਸ ਨੇ ਘੱਟ ਕਹਿ ਦਿਤਾ "ਮੈਂ ਰੱਬ ਦਾ ਪੁੱਤਰ ਹਾਂ।" ਪ੍ਰੰਤੂ ਨਿਰੰਕਾਰ ਦਾ ਨਾਂ ਕਿਸੇ ਨੇ ਨਹੀਂ ਜਪਾਇਆ। ਜਦ ਬੀਮਾਰੀ ਵਧ ਜਾਂਦੀ ਹੈ ਤਾਂ ਡਾਕਟਰ ਨੂੰ ਆਪ ਚੱਲ ਕੇ ਆਉਣਾ ਪੈਂਦਾ ਹੈ। ਸੋ ਭਾਰਤ ਦੀ ਦਸ਼ਾ ਵੇਖ ਕੇ ਖੁਦ ਨਿਰੰਕਾਰ ਗੁਰੂ ਸਾਹਿਬ ਦੇ ਸਰੂਪ ਵਿਚ ਇਸ ਧਰਤੀ ਤੇ ਪ੍ਰਵੇਸ਼ ਕੀਤੇ।"

ਫਿਰ ਬਾਬਾ ਜੀ ਫੁਰਮਾਉਂਦੇ ਸਨ :-

"ਗੁਰੂ ਨਾਨਕ ਸਾਹਿਬ ਦੇ ਪਾਸ ਗਰੀਬੀ ਭੀ ਸਾਰੇ ਪੀਰ ਪੈਗੰਬਰਾਂ ਨਾਲੋਂ ਵਧ ਸੀ। ਨਿਰੰਕਾਰ ਨੇ ਖੁਦ ਗਰੀਬੀ ਦੇ ਚਾਰ ਹਿਸਿਆਂ ਵਿਚੋਂ ਤਿੰਨ ਆਪਣੇ ਪਾਸ ਰਖ ਲਏ ਸਨ ਅਤੇ ਚੌਥਾ ਹਿਸਾ ਸਾਰੇ ਪੀਰ ਪੈਗੰਬਰਾਂ ਨੂੰ ਅਤੇ ਸਾਰੀ ਦੁਨੀਆਂ ਨੂੰ ਦੇ ਦਿਤਾ ਸੀ। ਇਸੇ ਪਿਛੇ ਹੀ ਸਾਹਿਬ ਆਪਣੇ ਆਪ ਨੂੰ ਦਾਸ, ਆਦਮੀ, ਗਰੀਬ, ਅਨਾਥ, ਨੀਚ, ਕੁੱਤਾ ਅਤੇ ਹੋਰ ਇਹੋ ਜਿਹੇ ਲਫਜ਼ ਵਰਤਦੇ ਹਨ। ਇਸੇ ਗਰੀਬੀ ਨੂੰ ਨਾ ਸਮਝ ਕੇ ਕਈ ਭੁੱਲੜ ਵੀਰ ਗਲਤ ਫਹਿਮੀ *(mis-understanding)* ਵਿਚ ਫਸ ਜਾਂਦੇ ਹਨ ਅਤੇ ਗੁਰੂ ਸਾਹਿਬਾਨ ਨੂੰ ਇਕ ਇਨਸਾਨ, ਮਨੁੱਖ, ਪਰਮ ਮਨੁੱਖ, ਸੰਤ ਸਿਪਾਹੀ ਆਦਿ ਕਹਿਣ ਲਗ ਜਾਂਦੇ ਹਨ।

ਦਸਵੇਂ ਪਾਤਸ਼ਾਹ ਦੀ ਗਰੀਬੀ ਵੇਖੋ :

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ
ਪਰੇ ॥ (ਗਿਆਨ ਪ੍ਰਬੋਧ)

ਬਾਬਾ ਜੀ ਫੁਰਮਾਉਂਦੇ ਸਨ :-

"ਜੇ ਤੁਹਾਡੀ (ਖਾਲਸੇ ਦੀ) ਕ੍ਰਿਪਾ ਨਾਲ ਦਸਵੇਂ ਪਾਤਸ਼ਾਹ ਸਜੇ ਸਨ ਤਾਂ ਹੁਣ ਹੋਰ ਸਜਾ ਕੇ ਦਿਖਾ ਦੇਵੋ।"

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਬਾਰੇ ਜੋ ਬਚਨ ਬਾਬਾ ਜੀ ਕਰਦੇ ਸਨ, ਉਹ ਇਸ ਤਰਾਂ ਹਨ :-

ਪੂਰਨ ਮਹਾਂ ਪੁਰਸ਼ ਸਾਖਿਆਤ ਦੇਖ ਸਕਦੇ ਹਨ ਜਦੋਂ ਕਿ ਦੂਸਰੇ ਲੋਕ ਇਤਿਹਾਸ ਪੜ੍ਹਦੇ ਹਨ। ਜਿਥੇ ਹੁਣ ਦਰਬਾਰ ਸਾਹਿਬ ਵਾਲੀ ਥਾਂ ਹੈ, ਇਥੇ ਜੰਗਲ ਹੁੰਦਾ ਸੀ। ਅਤੇ ਇਸ ਥਾਂ ਜਿਥੇ ਸਰੋਵਰ ਹੈ ਸੱਤ ਰਿਸ਼ੀ ਤਪੱਸਿਆ ਕਰਦੇ ਸਨ। ਕਿਹੜੇ ?

1. ਪਿਤਾ ਕਾਲੂ 2. ਮਾਤਾ ਤ੍ਰਿਪਤਾ 3. ਬੇਬੇ ਨਾਨਕੀ
4. ਭਾਈ ਜੈ ਰਾਮ 5. ਭਾਈ ਲਾਲੋ 6. ਰਾਏ ਬੁਲਾਰ
7. ਝੰਡਾ ਬਾੜੀ।

ਇਸੇ ਦਰਬਾਰ ਸਾਹਿਬ ਦੇ ਸਰੋਵਰ ਵਾਲੀ ਥਾਂ ਤੇ ਚਾਰੇ ਪਾਸੇ ਦੇਵਤਿਆਂ ਨੇ ਹਵਨ ਭੀ ਕੀਤਾ। ਇਕ ਪਾਸੇ ਬ੍ਰਹਮਾ ਨੇ ਇਕ ਪਾਸੇ ਇੰਦਰ ਨੇ, ਇਕ ਪਾਸੇ ਸ਼ਿਵ ਜੀ ਨੇ ਅਤੇ ਇਕ ਪਾਸੇ ਵਿਸ਼ਨੂੰ ਨੇ।

ਸੋ ਇਹ ਸਰੋਵਰ ਵਾਲੀ ਧਰਤੀ ਭਗਤੀ ਨਾਲ ਗੱਚ ਹੋਈ (ਥੰਧਿਆਈ) ਧਰਤੀ ਸੀ। ਜਿਵੇਂ ਪਹਿਲਾਂ ਦੁੱਧ ਹੁੰਦਾ ਹੈ, ਫਿਰ ਮੱਖਣ ਬਣਦਾ ਹੈ, ਫਿਰ ਘਿਉ ਬਣਦਾ ਹੈ, ਮਿੱਟੀ ਦੇ ਭਾਂਡੇ ਵਿਚ ਪਾਉਂਦੇ ਹਾਂ, ਭਾਂਡਾ ਟੁੱਟ ਜਾਂਦਾ ਹੈ, ਸੁੱਟ ਦਿੰਦੇ ਹਾਂ। ਉਸ ਦੀਆਂ ਠੀਕਰੀਆਂ ਵਿਚੋਂ ਥੰਧਿਆਈ ਲੈਣ ਲਈ ਕੀੜੀਆਂ ਭੱਜੀਆਂ ਆਉਂਦੀਆਂ ਹਨ। ਉਸ ਠੀਕਰੀਆਂ ਦੀ ਥੰਧਿਆਈ ਨੂੰ ਕੀੜੀ ਹੀ ਬੁਝ ਸਕਦੀ ਹੈ। ਇਸੇ ਤਰਾਂ ਇਹ ਸਰੋਵਰ ਵਾਲੀ ਧਰਤੀ ਥੰਧਿਆਈ ਵਾਲੀ ਧਰਤੀ ਸੀ। ਇਸ ਨੂੰ ਗੁਰੂ ਸਾਹਿਬ ਹੀ ਬੁਝ ਸਕਦੇ ਹਨ।

ਹਰੇਕ ਤਪੱਸਵੀ ਦੀ ਅਰਦਾਸ ਹੁੰਦੀ ਹੈ। ਕੋਈ ਕੁਝ ਮੰਗਦਾ ਹੈ ਅਤੇ ਕੋਈ ਕੁਝ। ਮਾਤਾ ਅਤੇ ਪਿਤਾ ਨੇ ਮੰਗ ਕੀਤੀ ਸੀ "ਸਾਡੀ ਗੋਦੀ ਨੂੰ ਭਾਗ

ਲਾਵੇਂ, ਅਸੀਂ ਰੱਜ ਕੇ ਸੇਵਾ ਕਰ ਲਈਏ।" ਰਾਏ ਬੁਲਾਰ ਅਤੇ ਦੂਜਿਆਂ ਨੇ ਮੰਗ ਕੀਤੀ ਸੀ "ਸਾਨੂੰ ਖੁਦਾ ਦੇ ਦਰਸ਼ਨ ਹੋ ਜਾਣ।" ਬੇਬੇ ਨਾਨਕੀ ਨੇ ਮੰਗ ਕੀਤੀ ਸੀ "ਮੈਂ ਨਿਰੰਕਾਰ ਦੀ ਰਜ ਕੇ ਸੇਵਾ ਕਰ ਲਵਾਂ।"

ਜਿਵੇਂ ਕਿਸੇ ਵੱਡੇ ਅਫਸਰ ਨੇ ਆਉਣਾ ਹੋਵੇ, ਤਾਂ ਉਸ ਨੂੰ ਲੈਣ ਲਈ ਅੱਗੇ ਪੰਚਾਇਤ ਜਾਂਦੀ ਹੈ। ਇਸੇ ਤਰਾਂ ਇਹ ਸੱਤੇ ਰਿਖੀ ਦਰਗਾਹ ਵਿਚ ਗਏ ਅਤੇ ਅਰਜ਼ ਕੀਤੀ "ਹੇ ਨਿਰੰਕਾਰ, ਕ੍ਰਿਪਾ ਕਰੋ, ਮਾਤ ਲੋਕ ਵਿਚ ਆਵੋ। ਕਿਉਂਕਿ ਦੁਨੀਆਂ ਦੇ ਵਿਹਾਰ ਵਿਗੜ ਗਏ ਹਨ ਅਤੇ ਦੁਨੀਆਂ ਦੀ ਕਲਿਆਣ ਕਰਨ ਖਾਤਰ ਆਵੋ।" ਨਿਰੰਕਾਰ ਇਹਨਾਂ ਦੀ ਭਗਤੀ ਤੇ ਖੁਸ਼ ਸਨ ਸੋ ਬਚਨ ਕੀਤੇ "ਤੁਸੀਂ ਚਲੋ, ਅਸੀਂ ਆਵਾਂਗੇ।"

ਸਮਾਂ ਬੀਤ ਗਿਆ ਤਾਂ ਮਾਤਾ ਤ੍ਰਿਪਤਾ ਜੀ ਦੇ ਪੇਟੋਂ ਬੇਬੇ ਨਾਨਕੀ ਨੇ ਜਨਮ ਲਿਆ। ਮਾਤਾ ਜੀ ਉਦਾਸ ਹੋ ਗਏ ਕਿਉਂਕਿ ਨਿਰੰਕਾਰ ਨੇ ਬਚਨ ਕੀਤਾ ਸੀ ਕਿ ਅਸੀਂ ਆਪ ਆਵਾਂਗੇ। ਸੋ ਮਾਤਾ ਜੀ ਨੇ ਜਵਾਬੀ ਤਾਰ ਭੇਜੀ ਕਿ ਸੱਚੇ ਪਾਤਸ਼ਾਹ ਆਪਣਾ ਬਚਨ ਪਾਲੋ।

ਉਧਰ ਧਰਤੀ ਨੇ ਪੁਕਾਰ ਕੀਤੀ "ਸੱਚੇ ਪਾਤਸ਼ਾਹ ਹਉਮੈ, ਜ਼ੁਲਮ ਤੇ ਕਾਇਰਤਾ ਦੀ ਬੀਮਾਰੀ ਵਧ ਗਈ ਹੈ। ਮੈਂ ਭੀ ਬਹੁਤ ਦੁਖੀ ਹਾਂ। ਸੋ ਜਲਦੀ ਤੋਂ ਜਲਦੀ ਪ੍ਰਗਟ ਹੋ ਕੇ ਮੇਰੀ ਕਲਿਆਣ ਕਰੋ।"

ਨਿਰੰਕਾਰ ਦਾ ਜਵਾਬ ਆਇਆ "ਮਾਤਾ ਜੀ, ਘਬਰਾਓ ਨਾ। ਜਿੱਥੇ ਬਾਦਸ਼ਾਹ ਨੇ ਜਾਣਾ ਹੋਵੇ, ਸੇਵਾਦਾਰ ਪਹਿਲਾਂ ਜਾਂਦੇ ਹਨ। ਬੇਬੇ ਨਾਨਕੀ ਨੂੰ ਤਾਂ ਗੁਰੂ ਨਾਨਕ ਸਾਹਿਬ ਨੂੰ ਖਿਡਾਉਣ ਵਾਸਤੇ ਭੇਜਿਆ ਹੈ। ਬੇਬੇ ਨਾਨਕੀ ਭਗਤੀ ਦਾ ਸਰੂਪ ਹਨ, ਜਦ ਕਿ ਗੁਰੂ ਨਾਨਕ ਸਾਹਿਬ ਗਿਆਨ ਦਾ ਸਰੂਪ ਹੋਣਗੇ। ਭਗਤੀ ਸਭ ਤੋਂ ਪਹਿਲਾਂ ਗਿਆਨ ਨੂੰ ਪ੍ਰਗਟ ਕਰੇਗੀ।"

ਜਿਨ੍ਹਾਂ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਪਹਿਲਾਂ ਪਛਾਣਿਆ, ਉਹਨਾਂ 2 ਨੇ ਭਾਰੀ ਤਪੱਸਿਆ ਕੀਤੀ ਹੋਣੀ ਸੀ। ਕੋਈ ਇਕ ਜਨਮ ਦੇ ਸਬੰਧ ਨਾਲ ਗੱਲ ਨਹੀਂ ਬਣਦੀ (ਜੇ ਪੂਰੀ ਭਾਵਨਾ ਬਣ ਜਾਵੇ ਅਤੇ ਸਾਹਮਣੇ ਪੂਰਾ ਗੁਰੂ ਹੋਵੇ ਤਾਂ ਇਕ ਜਨਮ ਵਿਚ ਭੀ ਪ੍ਰਾਪਤੀ ਹੋ ਸਕਦੀ ਹੈ)। ਕਈਆਂ ਜਨਮਾਂ ਦਾ ਸਬੰਧ ਹੁੰਦਾ ਹੈ। ਕਈ ਜਨਮਾਂ ਦੀ ਕਮਾਈ ਹੁੰਦੀ ਹੈ।

ਫਿਰ ਭਾਵਨਾ ਬਣ ਜਾਵੇ। ਕਿਉਂਕਿ ਜੇ ਭਾਵਨਾ ਬਣ ਜਾਵੇ ਤਾਂ ਰਸਤਾ ਸੌਖਾ ਹੈ ਅਤੇ ਜੇ ਭਾਵਨਾ ਨਾ ਬਣੇ ਤਾਂ ਜੁੱਗ ਜਨਮ ਬੀਤ ਜਾਂਦੇ ਹਨ।

ਕੱਤਕ ਦੀ ਪੂਰਨਮਾਸ਼ੀ ਤੋਂ ਪਹਿਲੀ ਰਾਤ (ਜਿਵੇਂ ਪੂਰਨਮਾਸ਼ੀ 20 ਨਵੰਬਰ ਦੀ ਹੋਵੇ ਤਾਂ 19 ਨਵੰਬਰ ਤੇ 20 ਨਵੰਬਰ ਦੀ ਵਿਚਲੀ ਰਾਤ) ਨੂੰ ਰਾਤ ਦੇ 12 ਬਜ ਕੇ 21 ਮਿੰਟ ਤੇ ਗੁਰੂ ਨਾਨਕ ਸਾਹਿਬ ਨੇ ਅਵਤਾਰ ਧਾਰਿਆ।

ਦਿਨ ਦੇ 12 ਤੋਂ ਰਾਤ ਦੇ 12 ਤਕ ਰਾਖਸ਼ਾਂ ਦਾ ਪਹਿਰਾ ਹੁੰਦਾ ਹੈ ਫਿਰ ਸੰਤਰੀ ਬਦਲ ਜਾਂਦੇ ਹਨ।

ਅਤੇ ਰਾਤ ਦੇ 12 ਤੋਂ ਦਿਨ ਦੇ 12 ਤਕ ਦੇਵਤਿਆਂ ਦਾ ਪਹਿਰਾ ਹੁੰਦਾ ਹੈ। ਮਾਤਾ ਤ੍ਰਿਪਤਾ ਦੇ ਲਾਲ ਨਹੀਂ ਸਨ ਇਹ ਤਾਂ 84 ਲੱਖ ਜੂਨ ਦੇ ਲਾਲ ਸਨ। ਇੰਦਰ ਦੇਵਤਾ ਆਪਣੀ ਡਿਊਟੀ ਬਜਾ ਰਿਹਾ ਸੀ। ਮਿੰਨ੍ਹਾ ਮਿੰਨ੍ਹਾ ਛਿੜਕਾ ਕਰ ਰਿਹਾ ਸੀ। ਪਉਣ ਦੇਵਤਾ ਪੱਖਾ ਕਰ ਰਿਹਾ ਸੀ। ਬਨਸਪਤੀ ਫੁੱਲ ਭੇਟਾ ਕਰ ਰਹੀ ਸੀ ਹਰ ਪਾਸੇ ਖੁਸ਼ਬੂ ਹੀ ਖੁਸ਼ਬੂ ਸੀ। ਦੇਵਤੇ ਅਤੇ 84 ਲੱਖ ਜੂਨ ਹੱਥ ਬੰਨ੍ਹੀ ਖੜੇ ਸਨ।

ਸਾਰੇ ਪੜ੍ਹ ਰਹੇ ਸਨ।

"ਦਰਸ਼ਨ ਦੇਖਣੇ ਕਾ ਚਾਓ ਮਨ ਵੈਰਾਗ ਭਇਆ ।"

ਮਾਤਾ ਜੀ ਨੇ ਇਹ ਨਜ਼ਾਰਾ ਦੇਖਿਆ ਅਤੇ ਇਹ ਭੀ ਦਰਸ਼ਨ ਹੋ ਗਏ ਕਿ ਸਤਿਗੁਰੂ ਸਿੰਘਾਸਨ ਤੇ ਬਰਾਜਮਨ ਹਨ । ਕੋਈ ਆਰਤੀ ਕਰ ਰਹੇ ਹਨ, ਕੋਈ ਧੂਫ ਧੁਖਾ ਰਹੇ ਹਨ, ਕੋਈ ਰੂਹ ਕਿਉੜਾ ਅਤੇ ਅਤਰ ਛਿੜਕ ਰਹੇ ਹਨ, ਕੋਈ ਫੁੱਲ ਵਰਸਾ ਰਹੇ ਹਨ ਅਤੇ ਕੋਈ ਜੈ ਜੈ ਕਾਰ ਗਾ ਰਹੇ ਹਨ । ਸਭ ਪਾਸੇ ਰੋਸ਼ਨੀ ਹੀ ਰੋਸ਼ਨੀ ਜਗਮਗਾ ਰਹੀ ਸੀ । ਮਾਤਾ ਜੀ ਨੂੰ ਖੁਸ਼ੀ ਹੋਈ ਪ੍ਰੰਤੂ ਕੁਝ ਦੇਰ ਬਾਦ ਮਾਇਆ ਪੈ ਗਈ ।

ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ :-

ਕਾਹਨੂੰ ਤਕੇਂ ਫੁੱਲ ਨਰਗਸ ਦਾ<br>
ਭੁੱਲ ਕੇ ਚਿਤ ਨਾ ਲਿਆਵੇਂ<br>
ਜਿਸ ਨੇ ਡਿਠੇ ਨੇਤਰ ਗੁਰ ਦੇ ਬ੍ਰਹਮ ਅਨੰਦ ਸੁਖਾਵੇ

ਨਰਗਸ ਦਾ ਫੁੱਲ ਤਾਂ ਇਕ ਝੂਠੀ ਨਰਗਸ ਹੈ ਜਿਸ ਤੇ ਖੁਸ਼ਬੂ ਲੈਣ ਖਾਤਰ ਭੌਰਾ ਭੱਜਿਆ ਆਉਂਦਾ ਹੈ । ਸੱਚੀ ਨਰਗਸ ਹੈ ਮਾਤਾ ਤ੍ਰਿਪਤਾ ਜਿਸ ਨੇ ਖੁਦ ਨਿਰੰਕਾਰ ਨੂੰ ਹੀ ਖਿੱਚ ਲਿਆ ।

ਸੱਚੀ ਨਰਗਸ ਰੱਬ ਦੀ ਬਖਸ਼ਸ਼<br>
ਜਿਹੜੀ ਰੱਬ ਨੂੰ ਖਿਚ ਲਿਆਈ ॥

ਪ੍ਰੰਤੂ ਇਹ ਸਭ ਕੁਝ ਸਮਝਣ ਲਈ ਜਮਾਤਾਂ ਪੜ੍ਹਨੀਆਂ ਪੈਂਦੀਆਂ ਹਨ । ਟੈਲੀਫੂਨ ਵਾਲਾ ਟੈਲੀਫੂਨ ਕਰ ਸਕਦਾ ਹੈ । ਤਾਰ ਕਰਨ ਵਾਲਾ ਤਾਰ ਕਰ ਸਕਦਾ ਹੈ । ਇਸੇ ਤਰਾਂ ਇਸ ਸਾਰੀ ਚੀਜ਼ ਦੀ ਸਮਝ ਮਹਾਂ ਪੁਰਸ਼ਾਂ ਨੂੰ ਪੈ ਸਕਦੀ ਹੈ ।

ਹੁਣ ਪਿਤਾ ਜਦੋਂ ਪਰਦੇਸ ਵਿਚੋਂ ਆਉਂਦਾ ਹੈ ਤਾਂ ਬੱਚਿਆਂ ਨੂੰ ਆਸ ਹੁੰਦੀ ਹੈ ਕਿ ਸਾਡੇ ਵਾਸਤੇ ਕੁਝ ਲੈ ਕੇ ਆਵੇਗਾ । ਇਸੇ ਤਰਾਂ ਜਦ ਗੁਰੂ

ਨਾਨਕ ਸਾਹਿਬ ਦਰਗਾਹ ਵਿਚੋਂ ਆਏ ਤਾਂ ਕਿਹੜੀ ਦਾਤ ਲੈ ਕੇ ਆਏ ?

ਧੁਰ ਕੀ ਬਾਣੀ ਆਈ
ਤਿਨਿ ਸਗਲੀ ਚਿੰਤ ਮਿਟਾਈ ॥ (ਅੰਗ 628)

ਸਾਨੂੰ ਧੁਰ ਕੀ ਬਾਣੀ ਲਿਆ ਕੇ ਦਿਤੀ ਜਿਸਦੇ ਜਪਣ ਨਾਲ ਜੰਮਣਾ ਮਰਨਾ ਕਟਿਆ ਜਾਵੇ, ਗੁਰੂ ਦੇ ਚਰਨਾਂ ਨਾਲ ਗੰਢ ਪੈ ਜਾਵੇ ਅਤੇ ਦੁਖਾਂ ਕਲੇਸ਼ਾਂ ਤੋਂ ਬਚਾ ਹੋ ਜਾਵੇ ।

ਗੁਰਬਾਣੀ ਗਾਵਹ ਭਾਈ ॥
ਓਹ ਸਫਲ ਸਦਾ ਸੁਖਦਾਈ ॥ (ਅੰਗ 629)

ਇਹ ਸਭ ਤੋਂ ਉੱਤਮ ਦਾਤ ਹੈ । ਦਾਤਾਂ ਭੀ ਮਿਲ ਜਾਂਦੀਆਂ ਹਨ । ਹੋਰ ਦਾਤਾਂ ਉਰੇ ਉਰੇ ਦੀਆਂ ਦਾਤਾਂ ਹਨ । ਚਾਂਦੀ, ਸੋਨਾ, ਹੀਰੇ ਤੇ ਲਾਲ ਸਮਾਂ ਪਾ ਕੇ ਮਿੱਟੀ ਬਣ ਜਾਂਦੇ ਹਨ ਪ੍ਰੰਤੂ ਇਹ ਦਾਤ ਤਾਂ ਹੁਣ ਤਕ ਕਿਸੇ ਪੀਰ ਪੈਗੰਬਰ ਨੂੰ ਭੀ ਨਹੀਂ ਮਿਲੀ ਸੀ ।

ਜਗਰਾਤੇ ਵਾਲਾ ਦਿਨ ਕਿਹੜਾ ਹੈ ਅਤੇ ਕੀ ਮਹਾਨਤਾ ਹੈ ? :-

ਬਾਬਾ ਜੀ ਫੁਰਮਾਉਂਦੇ ਸਨ :-

ਜਦੋਂ ਕਿਸੇ ਨੇ ਆਉਣਾ ਹੋਵੇ ਤਾਂ ਪਹਿਲਾਂ ਆਪਾਂ ਉਡੀਕ ਵਿਚ ਖੜਦੇ ਹਾਂ ਅਤੇ ਜਦੋਂ ਉਹ ਆ ਜਾਂਦਾ ਹੈ ਤਾਂ ਖੁਸ਼ੀ ਦੇ ਗੀਤ ਗਾਉਂਦੇ ਹਾਂ । ਸੋ ਬਹੁਤਿਆਂ ਨੂੰ ਪਤਾ ਨਹੀਂ ਹੁੰਦਾ ਕਿ ਜਗਰਾਤਾ ਕਦੋਂ ਕਰਨਾ ਹੈ ? ਉਹ ਪੂਰਨਮਾਸ਼ੀ ਦੀ ਰਾਤ ਨੂੰ ਹੀ ਜਗਰਾਤਾ ਕਰਦੇ ਹਨ ।

ਜਿਵੇਂ 20 ਨਵੰਬਰ ਦੀ ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਵਾਲੇ ਦਿਹਾੜੇ ਦੀ ਪੂਰਨਮਾਸ਼ੀ ਹੋਵੇ ਤਾਂ ਜਗਰਾਤਾ 20 ਤਰੀਕ ਦਾ ਨਹੀਂ ਹੁੰਦਾ ਬਲਕਿ 19 ਨਵੰਬਰ ਦਾ ਹੁੰਦਾ ਹੈ ਕਿਉਂਕਿ 19 ਨਵੰਬਰ ਦੀ ਰਾਤ ਨੂੰ 12 ਵਜੇ ਤੋਂ ਬਾਦ 20 ਤਰੀਕ ਚਲ ਪੈਂਦੀ ਹੈ । ਸੋ ਇਸ ਅਨੁਸਾਰ 19

ਦੀ ਰਾਤ ਨੂੰ 12 ਬਜ ਕੇ 21 ਮਿੰਟ ਤੇ ਗੁਰੂ ਸਾਹਿਬ ਨੇ ਅਵਤਾਰ ਧਾਰਿਆ ਹੋਇਆ।

19 ਦੀ ਰਾਤ ਨੂੰ 12 ਬਜ ਕੇ 21 ਮਿੰਟ ਤਕ ਤਾਂ ਆਪਾਂ ਗੁਰੂ ਸਾਹਿਬ ਦੇ ਆਉਣ ਦੀ ਉਡੀਕ ਵਿਚ ਖੜਨਾ ਹੈ ਅਤੇ ਫਿਰ 12-21 ਤੋਂ ਮਗਰੋਂ ਖੁਸ਼ੀ ਦੇ ਸੋਹਲੇ ਗਾਉਣੇ ਹਨ। ਇਸ ਤਰਾਂ ਸਾਰੀ ਰਾਤ ਹੀ ਜਾਗ ਕੇ ਲੰਘਾਉਣੀ ਹੈ। ਜਿਹੜਾ ਜਗਿਆਸੂ ਇਸ ਰਾਤ ਨੂੰ ਬਾਣੀ ਪੜ੍ਹੇ, ਸੁਣੇ ਅਤੇ ਗਾਵੇ ਤਾਂ ਉਸ ਨੂੰ ਇਕ ਸਾਲ ਦੇ ਪਾਠ ਦਾ ਫਲ ਮਿਲ ਜਾਂਦਾ ਹੈ ? ਹੋਰ ਭੀ ਜਗਰਾਤੇ ਕਰ ਲੈਂਦੇ ਹਾਂ। ਕਿੰਨਾ ਸਸਤਾ ਸੌਦਾ ਹੈ ? ਜਿਹੜੇ ਸੰਗੀਆਂ ਨੂੰ ਇਸ ਮਰਿਆਦਾ ਦਾ ਪਤਾ ਹੈ ਉਹ ਹੁਣ ਭੀ ਹਜ਼ਾਰਾਂ ਦੀ ਗਿਣਤੀ ਵਿਚ ਪੂਰਨਮਾਸ਼ੀ ਤੋਂ ਪਹਿਲੀ ਰਾਤ ਨਾਨਕਸਰ ਇਕੱਤਰ ਹੋ ਕੇ ਜਗਰਾਤਾ ਕਰਦੇ ਹਨ।

# ਰੱਬ ਕਿਸ ਦਾ ਬਣਦਾ ਹੈ ?

ਜਿਸ ਕਾ ਨਾਹਿ ਕੋਇ ਹਾਂ ॥
ਤਿਸ ਕਾ ਪ੍ਰਭੁ ਸੋਇ ਹਾਂ ॥ (ਅੰਗ 410)

ਜੋ ਸਾਨੂੰ ਰੱਬ ਦੀ ਹੋਂਦ ਤੇ ਵਿਸ਼ਵਾਸ਼ ਹੀ ਨਹੀਂ ਹੈ, ਤਾਂ ਸਾਡੇ ਮਨੋਂ ਰੱਬ ਦੇ ਸਾਹਮਣੇ ਅਰਦਾਸ ਨਿਕਲ ਹੀ ਨਹੀਂ ਸਕਦੀ। ਸੋ ਇਹੋ ਜਿਹੇ ਲੋਗ ਰੱਬ ਦੀ ਕ੍ਰਿਪਾ ਤੋਂ ਵਾਂਝੇ ਰਹਿ ਜਾਂਦੇ ਹਨ।

ਦੂਜੀ ਕਿਸਮ ਦੇ ਉਹ ਲੋਗ ਹਨ ਜੋ ਰੱਬ ਦੀ ਹੋਂਦ ਤੇ ਵਿਸ਼ਵਾਸ਼ ਰਖਦੇ ਹਨ ਅਤੇ ਗੁਰਬਾਣੀ ਦੀਆਂ ਤੁਕਾਂ ਪੜ੍ਹ-2 ਕੇ ਇਹ ਸਾਬਤ ਕਰਦੇ ਹਨ ਕਿ ਰੱਬ ਸਾਰਿਆਂ ਜੀਵਾਂ ਵਿਚ ਅਤੇ ਸਾਰੀ ਬਨਸਾਪਤੀ ਵਿਚ ਹੈ ਪ੍ਰੰਤੂ ਜੋ ਕਹਿੰਦੇ ਹਨ ਉਸ ਨੂੰ ਆਪ ਹੀ *Contradict* (ਉਲਟ ਬੋਲਦੇ ਹਨ) ਕਰਦੇ ਹਨ।

ਜੇ ਕੋਈ ਕਹਿ ਦੇਵੇ ਕਿ ਕਲਗੀਧਰ ਆਪ ਰੱਬ ਜਾਂ ਪ੍ਰਮੇਸ਼ਰ ਸਨ ਤਾਂ ਪੁਕਾਰ ਉਠਦੇ ਹਨ ਕਿ ਖਬਰਦਾਰ ਜੇ ਇਸ ਤਰਾਂ ਕਿਹਾ ਕਿਉਂਕਿ ਨਰਕਾਂ ਦੀ ਬਲਦੀ ਭੱਠੀ ਵਿਚ ਸੁੱਟ ਦਿਤੇ ਜਾਵੋਗੇ। ਸੋ ਜੋ ਚੀਜ਼ ਇਹ ਕਹਿੰਦੇ ਹਨ, ਉਸ ਤੇ ਇਹਨਾਂ ਨੂੰ ਵਿਸ਼ਵਾਸ਼ ਨਹੀਂ ਹੈ। ਆਪਣੇ ਗੁਰੂ [ਦਸੇ ਪਾਤਸ਼ਾਹੀਆਂ ਅਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ] ਵਿਚ ਤਾਂ ਰੱਬ ਦੇਖ ਨਹੀਂ ਸਕਦੇ, ਪ੍ਰੰਤੂ ਕੁੱਤਿਆਂ ਅਤੇ ਗਧਿਆਂ ਵਿਚ ਰੱਬ ਦੇਖਦੇ ਫਿਰਦੇ ਹਨ। ਇੰਜ ਛੁਟਕਾਰਾ ਨਹੀਂ ਹੋਣਾ। ਪਰਮੇਸ਼ਰ ਦੀ

ਸਮਾਨ ਥਾਂ ਭੀ ਹੈ ਅਤੇ ਵਿਸ਼ੇਸ਼ ਥਾਂ ਭੀ ਹੈ। ਸਮਾਨ ਸਾਰਿਆਂ ਵਿਚ ਹੈ ਪ੍ਰੰਤੂ ਵਿਸ਼ੇਸ਼ ਥਾਂ ਪ੍ਰਗਟ ਗੁਰਾਂ ਕੀ ਦੇਹ ਵਿਚ ਹੈ। ਜਿਸ ਨੇ ਪ੍ਰਗਟ ਗੁਰਾਂ ਕੀ ਦੇਹ ਨੂੰ ਤਾਂ ਪਰਮੇਸ਼ਰ ਸਮਝਿਆ ਨਹੀਂ, ਪਰਮੇਸ਼ਰ ਸਮਝ ਕੇ ਪੂਜਾ ਨਹੀਂ ਕੀਤੀ ਅਤੇ ਅਲਮਾਰੀਆਂ ਵਿਚ ਬੰਦ ਕਰਦੇ ਹਨ, ਉਹ ਖੁਸ਼ੀ ਆਸ ਰੱਖਣ ਅਤੇ ਉਹ ਖੁਸ਼ੀ ਲੈਕਚਰ ਕਰਦੇ ਫਿਰਨ ਕਿ ਰੱਬ ਸਾਰੇ ਵਿਆਪਕ ਹੈ। ਜੇ ਆਪਣੇ ਗੁਰੂ ਵਿਚ ਰੱਬ ਨਹੀਂ ਦੇਖ ਸਕਦੇ, ਤਾਂ ਹੋਰ ਕਿਤੇ ਨਹੀਂ ਮਿਲਣਾ ਭਾਵੇਂ ਪੁੱਠੇ ਲਮਕ ਕੇ ਭਗਤੀ ਕਰੀ ਜਾਣ।

ਉਧਰ ਤਾਂ ਕੋਈ ਦੇਰ ਨਹੀਂ ਹੈ। ਕਮਜ਼ੋਰੀ ਤਾਂ ਸਾਡੇ ਵਿਚ ਹੈ। ਬੀਬੀ ਰਜਨੀ ਨੂੰ ਉਸ ਦੇ ਬਾਪ ਨੇ ਪਿੰਗਲੇ ਨਾਲ ਵਿਆਹ ਦਿਤਾ ਸੀ ਪ੍ਰੰਤੂ ਉਸ ਬੀਬੀ ਨੇ ਪਿੰਗਲੇ ਨੂੰ ਹੀ ਪਤੀ ਪ੍ਰਮੇਸ਼ਰ ਸਮਝ ਕੇ ਪੂਜਿਆ। ਕਿੱਡਾ ਦ੍ਰਿੜ ਵਿਸ਼ਵਾਸ਼ ਸੀ ਅਤੇ ਫਿਰ ਮੁਰਾਤਬਾ ਕਿੱਡਾ ਮਿਲਿਆ ? ਤੀਰਥ ਪ੍ਰਗਟ ਹੋ ਗਿਆ ਅਤੇ ਰਹਿੰਦੀ ਦੁਨੀਆਂ ਤਕ ਬੀਬੀ ਰਜਨੀ ਦਾ ਨਾਂ ਅਮਰ ਹੋ ਗਿਆ। ਤੀਰਥ ਅਜ ਭੀ ਉਹੀ ਹੈ। ਅਜ ਉਸ ਤੀਰਥ ਦੀ ਤਾਕਤ ਨਹੀਂ ਘਟ ਗਈ ਪ੍ਰੰਤੂ ਉਸ ਤੀਰਥ ਵਿਚੋਂ ਕੁਝ ਹਾਸਲ ਕਰਨ ਲਈ ਬੀਬੀ ਰਜਨੀ ਜਿੰਨੇ ਵਿਸ਼ਵਾਸ਼ ਦੀ ਲੋੜ ਹੈ ਅਤੇ ਸਾਡੀ ਹਾਲਤ ਕਿੰਨੀ ਤਰਸ ਯੋਗ ਹੈ ? ਬੀਬੀ ਨੇ ਇਕ ਪਿੰਗਲੇ ਨੂੰ ਪਰਮੇਸ਼ਰ ਸਮਝ ਕੇ ਪੂਜਿਆ ਅਤੇ ਅਸੀਂ ਨਰਕਾਂ ਤੋਂ ਡਰਦੇ ਹੋਏ ਖੁਦ ਕਲਗੀਧਰ ਪਾਤਸ਼ਾਹ ਨੂੰ ਪਰਮੇਸ਼ਰ ਕਹਿਣ ਤੋਂ ਡਰਦੇ ਹਾਂ। ਅਸੀਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਉਤਲੇ ਮਨੋਂ ਦਸੇ ਗੁਰੂਆਂ ਦੀ ਜੋਤ ਕਹਿੰਦੇ ਹਾਂ ਪ੍ਰੰਤੂ ਵਿਚਲੇ ਮਨੋਂ ਅੱਖਾਂ ਮੀਚ ਕੇ ਅਕਾਲ ਪੁਰਖ ਕਿਤੇ ਹੋਰ ਦੇਖਦੇ ਹਾਂ। ਪ੍ਰੰਤੂ ਨਹੀਂ, ਇਹੋ ਜਿਹੇ ਸੋਹਣੇ ਪਾਤਸ਼ਾਹਾਂ ਨੂੰ ਛੱਡ ਕੇ ਉਸ ਗੋਲ ਮੋਲ ਦਾਇਰੇ ਤੋਂ ਇਹਨਾਂ ਨੇ ਕੀ ਲੈਣਾ ਹੈ ? ਉਸ ਬੀਬੀ ਨੇ ਤਾਂ ਪਿੰਗਲੇ ਪਤੀ ਨੂੰ ਪਰਮੇਸ਼ਰ ਸਮਝ ਕੇ ਦਿਖਾ ਦਿਤਾ ਅਤੇ ਅਸੀਂ ਇਤਨੇ ਸੁੰਦਰ ਗੁਰੂ ਸਾਹਿਬਾਨ ਨੂੰ ਛੱਡ ਕੇ ਇਕ ਗੋਲ ਮੋਲ ਨੂੰ (ਜਿਸਦੀ ਕੋਈ ਸ਼ਕਲ ਸੂਰਤ ਹੀ ਨਹੀਂ ਹੈ)

ਪਤੀ ਬਣਾਉਂਦੇ ਫਿਰਦੇ ਹਾਂ। ਸੋ ਸਭ ਤੋਂ ਨੀਵੀਂ ਸਟੇਜ ਤੇ ਇਹ ਲੋਕ ਹਨ ਕਿਉਂਕਿ ਜਿਹੜੇ ਗੁਰੂ ਸਾਹਿਬਾਨ ਨੂੰ ਪ੍ਰਤੱਖ ਗੁਰਾਂ ਕੀ ਦੇਹ ਸਮਝ ਕੇ ਸੇਵਾ ਕਰਦੇ ਹਨ, ਉਹਨਾਂ ਨੂੰ ਬੁਰਾ ਸਮਝਦੇ ਹਨ।[1] ਪ੍ਰੰਤੂ ਇਨ੍ਹਾਂ ਦੇ ਕਹਿਣ ਨਾਲ ਕੋਈ ਫਰਕ ਨਹੀਂ ਪੈਣਾ।

ਸੋ ਜਦੋਂ ਆਪਾਂ ਨੂੰ ਗੁਰੂ ਸਾਹਿਬਾਨ ਤੇ ਪੂਰਨ ਵਿਸ਼ਵਾਸ਼ ਆਪਣੇ ਅੰਦਰਲੇ ਮਨੋਂ ਆ ਜਾਵੇਗਾ ਤਾਂ ਗੁਰੂ ਸਾਹਿਬ ਸਾਡੇ ਅਵੱਸ਼ ਹੀ ਬਣ ਜਾਣਗੇ। ਕਿਉਂਕਿ :-

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ (ਅੰਗ 488)

ਜੇ ਅਸੀਂ ਗੁਰੂ ਸਾਹਿਬ ਨੂੰ ਛੱਡ ਕੇ ਅਕਾਲ ਪੁਰਖ ਕਿਤੇ ਹੋਰ ਭਾਲਦੇ ਹਾਂ, ਤਾਂ ਗੁਰੂ ਸਾਹਿਬ ਸਾਡੇ ਕਦੀ ਨਹੀਂ ਬਣਨਗੇ ਭਾਵੇਂ ਲੱਖ ਤੁਕਾਂ ਪੜ੍ਹੀ ਜਾਈਏ ਅਤੇ ਲੱਖਾਂ ਪਾਠ ਕਰੀ ਜਾਈਏ। ਕਮਜ਼ੋਰੀ ਸਾਡੇ ਵਿਚ ਹੈ, ਉਧਰ ਤਾਂ ਕੋਈ ਦੇਰ ਨਹੀਂ। ਸਾਡੇ ਪਾਸ ਟੈਲੀਫੂਨ ਨੰਬਰ ਤਾਂ ਹੈ ਨਹੀਂ ਅਤੇ ਹੈਲੋ ਹੈਲੋ ਕਰੀ ਜਾਂਦੇ ਹਾਂ ਤਾਂ ਕਸੂਰ ਸਾਡਾ ਹੈ। ਟੈਲੀਫੂਨ ਨੰਬਰ ਕਿਹੜਾ ਹੈ? ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਪੂਜਾ ਕਰੋ ਅਤੇ ਫਿਰ ਦੇਖੋ ਗੁਰੂ ਸਾਹਿਬ ਤੁਹਾਡੇ ਕਿਵੇਂ ਬਣਦੇ ਹਨ।

ਸਾਡੇ ਨਾਲੋਂ ਤਾਂ ਤੀਵੀਆਂ ਚੰਗੀਆਂ ਹੋ ਗਈਆਂ ਜਿਹਨਾਂ ਨੇ ਆਪਣੇ ਪਤੀ ਨੂੰ ਪਰਮੇਸ਼ਰ ਸਮਝ ਕੇ ਪੂਜਿਆ। ਸਾਡੇ ਨਾਲੋਂ ਹੀਰ ਚੰਗੀ ਹੋ ਗਈ ਜਿਸ ਨੂੰ ਰਾਂਝੇ ਤੋਂ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ ਸੀ। ਸਾਡੇ ਨਾਲੋਂ ਬ੍ਰਿਛ ਚੰਗੇ ਹਨ। ਇਹ ਬ੍ਰਿਛ ਸਿਰ ਦੇ ਭਾਰ ਖੜੇ ਹਨ, ਲੱਤਾਂ ਉਪਰ ਨੂੰ ਹਨ। ਹਜ਼ਾਰਾਂ ਸਾਲ ਉਥੇ ਹੀ ਸਿਰ ਦੇ ਭਾਰ ਖੜੇ ਰਹਿੰਦੇ ਹਨ ਜਿਥੇ ਨਿਰੰਕਾਰ ਨੇ ਖੜੇ ਕਰ ਦਿਤੇ। ਲੱਖਾਂ ਹਨ੍ਹੇਰੀਆਂ ਵਗ

ਜਾਂਦੀਆਂ ਹਨ, ਤੂਫਾਨ ਆਉਂਦੇ ਹਨ, ਹੜ੍ਹ ਆਉਂਦੇ ਹਨ ਪ੍ਰੰਤੂ ਆਪਣੀ ਜਗ੍ਹਾ ਨਹੀਂ ਛੱਡਦੇ। ਟੁੱਟ ਭਾਵੇਂ ਜਾਣ ਪ੍ਰੰਤੂ ਜਿਥੇ ਨਿਰੰਕਾਰ ਨੇ ਖੜੇ ਕਰ ਦਿਤੇ, ਉਥੇ ਹੀ ਖੜੇ ਰਹਿੰਦੇ ਹਨ, ਅਤੇ ਸਾਡੀ ਹਾਲਤ ਕੀ ਹੈ ? ਜਿਥੇ ਕਲਗੀਧਰ ਸਾਨੂੰ ਖੜੇ ਕਰ ਗਏ ਹਨ, ਉਥੇ ਖੜਦੇ ਨਹੀਂ ਅਤੇ ਪ੍ਰਗਟ ਗੁਰਾਂ ਦੀ ਦੇਹ ਨਹੀਂ ਮੰਨਦੇ ਅਤੇ ਮੂੰਹ ਉਪਰ ਨੂੰ ਚੁੱਕ ਕੇ ਅਕਾਲ ਪੁਰਖ ਕਿਤੇ ਹੋਰ ਲਭਦੇ ਹਨ ਅਤੇ ਸਾਡੀ ਬਹਾਦਰੀ ਕਿੱਡੀ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਅਤੇ ਕਲਗੀਧਰ ਪਾਤਸ਼ਾਹ ਦੇ ਮੁਖੜੇ ਭੀ ਫੋਟੋਆਂ ਵਿਚ ਉਪਰ ਨੂੰ ਚੁਕਾ ਦਿਤੇ ਹਨ। ਉਹ ਭੀ ਉਪਰ ਨੂੰ ਦੇਖਦੇ ਹਨ ਅਤੇ ਉਪਰ ਨੂੰ ਉਂਗਲੀ ਕਰ ਰਹੇ ਹੁੰਦੇ ਹਨ। ਅਤੇ ਜਿਹੜਾ ਸਾਨੂੰ ਗਲਤੀ ਮਹਿਸੂਸ ਕਰਾਉਂਦਾ ਹੈ ਅਤੇ ਸਿੱਧੇ ਰਸਤੇ ਪਾਉਣਾ ਚਾਹੁੰਦਾ ਹੈ, ਅਸੀਂ ਐਲਾਨ ਕਰਦੇ ਹਾਂ ਕਿ ਅਸੀਂ ਉਸ ਦੀ ਸੰਗਤ ਨਹੀਂ ਕਰਨੀ। ਇਹ ਘੋਰ ਮਨਮਤ ਹੈ ਸਾਨੂੰ ਤਾਂ ਨਿਰੰਕਾਰ ਨੇ ਲੱਤਾਂ ਦੇ ਭਾਰ ਖੜਾ ਕੀਤਾ ਹੈ ਅਤੇ ਸਿਰ ਉਪਰ ਨੂੰ ਹਨ। ਸ਼ਾਇਦ ਇਸੇ ਕਰਕੇ ਇਹ ਵੀਰ ਆਪਣੇ ਥਾਂ ਨੂੰ ਛੱਡ ਕੇ ਹੋਰ ਪਾਸੇ ਭਜਦੇ ਹਨ ਅਤੇ ਮੂੰਹ ਉਪਰ ਨੂੰ ਚੁੱਕੀ ਫਿਰਦੇ ਹਨ। ਵੀਰ ਮੂੰਹ ਹੇਠਾਂ ਨੂੰ ਕਰੋ ਅਤੇ ਪੜ੍ਹੋ ਗੁਰਬਾਣੀ ਦੀ ਤੁਕ :-

ਮੋਹਿ ਮੋਹਿਆ ਜਾਨੈ ਦੂਰਿ ਹੈ ॥
ਕਹੁ ਨਾਨਕ ਸਦਾ ਹਦੂਰਿ ਹੈ ॥ (ਅੰਗ 210)

ਸੋ ਰੱਬ ਉਸਦਾ ਬਣਦਾ ਹੈ ਜਿਸ ਨੂੰ ਰੱਬ ਤੇ ਪੂਰਨ ਵਿਸ਼ਵਾਸ਼ ਹੋ ਜਾਵੇ।

ਜਿਸ ਨੂੰ ਸਭ ਪਾਸਿਆਂ ਤੋਂ ਜਵਾਬ ਮਿਲ ਜਾਵੇ।
ਜਿਸ ਨੂੰ ਸਾਰੇ ਧੱਕਾ ਦੇ ਦੇਣ।
ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥

ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ (ਅੰਗ 70)

ਬਾਬਾ ਜੀ ਫੁਰਮਾਉਂਦੇ ਸਨ "ਇਕ ਰਾਜਾ ਸੀ, ਉਸ ਦੇ ਮੁੰਡਾ ਨਹੀਂ ਸੀ। ਉਸ ਨੇ ਜੋਤਸ਼ੀਆਂ ਪਾਸੋਂ ਪੁਛਿਆ ਕਿ ਕੀ ਕੀਤਾ ਜਾਵੇ ? ਜੋਤਸ਼ੀਆਂ ਨੇ ਸਲਾਹ ਦਿਤੀ "ਹੇ ਰਾਜਨ, ਜੇ ਜੰਗਲ ਵਿਚ ਇਕ ਤਲਾ ਬਣਾ ਦਿਤਾ ਜਾਵੇ ਜਿਸ ਤੇ ਪਸ਼ੂ ਪੰਛੀ ਪਾਣੀ ਪੀਣ ਤਾਂ ਤੁਹਾਡੇ ਲੜਕਾ ਹੋ ਸਕਦਾ ਹੈ"

ਰਾਜੇ ਨੇ ਤਲਾ ਬਨਾਉਣ ਦਾ ਹੁਕਮ ਦਿਤਾ। ਤਲਾ ਬਣ ਗਿਆ ਪ੍ਰੰਤੂ ਜਦ ਪਾਣੀ ਪਾਇਆ ਤਾਂ ਹੇਠਾਂ ਜਜ਼ਬ ਹੋ ਗਿਆ ਅਤੇ ਤਲਾ ਸੁੱਕ ਗਿਆ। ਕਈ ਵਾਰੀ ਪਾਣੀ ਪਾਇਆ ਪ੍ਰੰਤੂ ਪਾਣੀ ਨਹੀਂ ਠਹਿਰਿਆ।

ਰਾਜੇ ਨੇ ਫਿਰ ਜੋਤਸ਼ੀਆਂ ਨੂੰ ਪੁਛਿਆ। ਜੋਤਸ਼ੀਆਂ ਨੇ ਕਿਹਾ "ਰਾਜਨ ਦੇਵਤੇ ਬਲੀ [ਕੁਰਬਾਨੀ] ਮੰਗਦੇ ਹਨ, ਸੋ ਜੇ ਇਕ 18 ਸਾਲ ਦੇ ਬ੍ਰਾਹਮਣਾਂ ਦੇ ਮੁੰਡੇ ਦੀ ਦੇਵਤਿਆਂ ਨੂੰ ਬਲੀ ਦੇ ਦਿਤੀ ਜਾਵੇ ਤਾਂ ਪਾਣੀ ਠਹਿਰ ਸਕਦਾ ਹੈ।"

ਰਾਜੇ ਨੇ ਸੋਚਿਆ ਕਿ ਉਂਜ ਬਲੀ ਦੇਣੀ ਤਾਂ ਠੀਕ ਨਹੀਂ ਕਿਸੇ ਪਾਸੋਂ ਮੁੱਲ ਲੈ ਕੇ ਬਲੀ ਦੇ ਦਿੱਤੀ ਜਾਵੇ। ਸੋ ਇਸ ਤਰਾਂ ਹੀ ਹੋਇਆ। ਰਾਜੇ ਨੇ ਢੰਡੋਰਾ ਪਿਟਵਾ ਦਿਤਾ "ਜੋ ਕੋਈ ਬ੍ਰਾਹਮਣ 18 ਸਾਲ ਦਾ ਮੁੰਡਾ ਵੇਚ ਸਕਦਾ ਹੋਵੇ ਤਾਂ ਮੈਂ ਲੈਣਾ ਚਾਹੁੰਦਾ ਹਾਂ ਕਿਉਂਕਿ ਉਸ ਦੀ ਬਲੀ ਦੇਣੀ ਹੈ।"

ਇਕ ਗਰੀਬ ਬ੍ਰਾਹਮਣ ਦੇ ਤਿੰਨ ਲੜਕੇ ਸਨ। ਇਕ 18 ਸਾਲ ਦਾ ਸੀ। ਉਸ ਨੇ ਲੜਕੇ ਨੂੰ ਰਾਜੇ ਪਾਸ ਵੇਚ ਦਿਤਾ। ਲੜਕੇ ਦੀ ਬਲੀ ਦੀ

ਤਰੀਕ ਰਖ ਦਿਤੀ ਗਈ।

ਹੁਣ ਉਹ ਮੁੰਡਾ ਰੇਤੇ ਦੀਆਂ ਚਾਰ ਢੇਰੀਆਂ ਬਣਾਉਂਦਾ ਹੈ। ਤਿੰਨ ਢਾਹ ਦਿੰਦਾ ਹੈ। ਚੌਥੀ ਨਹੀਂ ਢਾਹੁੰਦਾ। ਵਾਰ ਵਾਰ ਇਸੇ ਤਰਾਂ ਕਰੀ ਜਾਂਦਾ ਹੈ।

ਵਜ਼ੀਰਾਂ ਨੇ ਰਾਜੇ ਨੂੰ ਦਸਿਆ। ਰਾਜਾ ਚਲ ਕੇ ਆਇਆ ਅਤੇ ਪੁਛਿਆ ਇਸ ਦਾ ਕੀ ਕਾਰਨ ਹੈ?

ਮੁੰਡਾ ਬੋਲਿਆ, "ਰਾਜਨ!

ਪਹਿਲੀ ਢੇਰੀ ਮਾਂ ਬਾਪ ਦੀ ਹੈ। ਉਹਨਾਂ ਨੇ ਮੈਨੂੰ ਵੇਚ ਦਿਤਾ ਹੈ। ਪੈਸੇ ਲੈ ਲਏ ਹਨ ਪ੍ਰੰਤੂ ਮੇਰੀ ਕੋਈ ਪ੍ਰਵਾਹ ਨਹੀਂ ਕੀਤੀ। ਸੋ ਉਹ ਢੇਰੀ ਮੈਂ ਢਾਹ ਦਿਤੀ ਹੈ।

ਦੂਜੀ ਢੇਰੀ ਮੁਲਕ ਦੇ ਰਾਜੇ ਦੀ ਹੁੰਦੀ ਹੈ। ਆਪ ਖੁਦ ਮੇਰੀ ਬਲੀ ਦੇਣ ਨੂੰ ਫਿਰਦੇ ਹੋ। ਇਸ ਲਈ ਇਹ ਭੀ ਢਾਹ ਦਿਤੀ ਹੈ।

ਤੀਜੀ ਢੇਰੀ ਦੇਵੀ ਦੇਵਤਿਆਂ ਦੀ ਹੁੰਦੀ ਹੈ। ਉਹ ਭੀ ਮੇਰੀ ਬਲੀ ਲੈਣਾ ਚਾਹੁੰਦੇ ਹਨ। ਸੋ ਉਹ ਢੇਰੀ ਭੀ ਢਾਹ ਦਿਤੀ ਹੈ। ਚੌਥੀ ਢੇਰੀ ਨਿਰੰਕਾਰ ਦੀ ਹੁੰਦੀ ਹੈ। ਮੈਨੂੰ ਵਿਸ਼ਵਾਸ਼ ਹੈ ਕਿ ਉਹ ਮੇਰੀ ਜ਼ਰੂਰ ਰਖਿਆ ਕਰਨਗੇ। ਇਸ ਲਈ ਉਹ ਨਹੀਂ ਢਾਹ ਰਿਹਾ।"

ਰਾਜੇ ਨੇ ਸੋਚਿਆ ਕਿ ਇਕ ਮੁੰਡਾ ਲੈਣ ਖਾਤਰ ਇਤਨਾ ਪਾਪ ਕਰਨ ਲਗਿਆ ਹਾਂ। ਜੇ ਮੁੰਡਾ ਹੋ ਭੀ ਗਿਆ ਤਾਂ ਪਤਾ ਨਹੀਂ ਲਾਇਕ ਹੋਵੇਗਾ ਜਾਂ ਨਾਲਾਇਕ। ਕਿਉਂ ਨਾ ਮੈਂ ਇਸੇ ਨੂੰ ਹੀ ਆਪਣਾ ਮੁੰਡਾ ਬਣਾ ਲਵਾਂ? ਇਹੋ ਜਿਹਾ ਸਿਆਣਾ ਮੁੰਡਾ ਮੈਂ ਅਜ ਤਕ ਨਹੀਂ ਦੇਖਿਆ। ਸੋ ਉਸ ਨੇ ਉਸ ਨੂੰ ਆਪਣਾ ਮੁੰਡਾ ਬਣਾ ਲਿਆ ਅਤੇ ਆਪਣਾ ਰਾਜ ਭਾਗ ਉਸ ਨੂੰ ਸੌਂਪ ਦਿਤਾ।

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ

ਸੁਆਰਥ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾਂ ਨਿਹਚਲ ਹੋਵੈ ਰਾਜ । (ਅੰਗ 70)

ਖਿਨ ਮੇਂ ਨੀਚ ਕੀਟ ਕੋ ਰਾਜ ॥ (ਅੰਗ 277)

ਕੀੜਾ ਥਾਪ ਦੇਇ ਪਾਤਸ਼ਾਹੀ ਲਸਕਰ ਕਰੇ ਸੁਆਹੁ ॥ (ਅੰਗ 144)

ਇਕ ਹਿਰਨੀ ਸੀ ਉਸ ਨੂੰ ਫੜਨ ਵਾਸਤੇ ਸ਼ਿਕਾਰੀ ਨੇ ਇਕ ਪਾਸੇ ਤਾਂ ਜਾਲ ਵਿਛਾ ਦਿਤਾ । ਦੂਜੇ ਪਾਸੇ ਅੱਗ ਲਾ ਦਿਤੀ । ਤੀਜੇ ਪਾਸੇ ਸ਼ਿਕਾਰੀ ਕੁੱਤਾ ਖੜਾ ਦਿਤਾ ਅਤੇ ਚੌਥੇ ਪਾਸੇ ਆਪ ਬੰਦੂਕ ਭਰ ਕੇ ਖੜ ਗਿਆ । ਉਸ ਦੇ ਚਾਰੇ ਰਸਤੇ ਰੁਕ ਗਏ । ਉਹ ਚਾਰੇ ਪਾਸੇ ਝਾਕੀ ਤਾਂ ਦੇਖਿਆ ਸਭ ਪਾਸਿਆਂ ਤੋਂ ਘਿਰੀ ਹੋਈ ਸੀ । ਸੋ ਉਸ ਨੇ ਭਗਵਾਨ ਦਾ ਆਸਰਾ ਤਕਿਆ ਅਤੇ ਉੱਪਰ ਨੂੰ ਮੂੰਹ ਕਰਕੇ ਅਰਦਾਸ ਕੀਤੀ ਤਾਂ ਉਸੇ ਦਮ ਹੀ ਇਕ ਸੱਪ ਨਿਕਲਿਆ ਜਿਸ ਨੇ ਆ ਕੇ ਸ਼ਿਕਾਰੀ ਦੇ ਡੰਗ ਮਾਰਿਆ । ਸ਼ਿਕਾਰੀ ਦੇ ਡਿਗਣ ਲਗੇ ਤੋਂ ਘੋੜਾ *(trigger)* ਦਬਿਆ ਗਿਆ ਅਤੇ ਗੋਲੀ ਕੁੱਤੇ ਦੇ ਲਗੀ । ਸ਼ਿਕਾਰੀ ਮਰ ਗਿਆ, ਕੁੱਤਾ ਭੀ ਮਰ ਗਿਆ । ਉਧਰ ਹਵਾ ਦਾ ਬੁੱਲ੍ਹਾ ਆਇਆ ਅਤੇ ਅੱਗ ਜਾਲ ਨੂੰ ਜਾ ਲਗੀ ਅਤੇ ਇਤਨੀ ਦੇਰ ਨੂੰ ਇਕ ਬੱਦਲੀ ਉੱਠੀ ਜਿਸ ਨੇ ਅੱਗ ਨੂੰ ਬੁਝਾ ਦਿਤਾ । ਕਿਥੇ ਤੇ ਚਾਰੇ ਪਾਸੇ ਰੁਕੇ ਹੋਏ ਸਨ ਅਤੇ ਕਿਥੇ ਚਾਰੇ ਰਾਹ ਖੁਲ੍ਹ ਗਏ ਸਨ ।

ਜਿਸ ਤੂ ਰਾਖਹਿ ਤਿਸੁ ਕਉਨੁ ਮਾਰੈ ॥ (ਅੰਗ 1139)

ਤੂੰ ਰੱਬ ਦਾ ਬਣ ਜਾ, ਰੱਬ ਤੇਰਾ ਬਣ ਜਾਵੇਗਾ ।
ਤੂੰ ਰੱਬ ਨੂੰ ਬਾਂਹ ਫੜਾ ਦੇ, ਰੱਬ ਤੇਰੀ ਬਾਂਹ ਫੜ ਲਵੇਗਾ ।
ਤੂੰ ਰੱਬ ਜੋਗਾ ਹੋ ਜਾ, ਰੱਬ ਤੇਰੇ ਜੋਗਾ ਹੋ ਜਾਵੇਗਾ ।

# ਕੀ ਸਭ ਇਕੋ ਰੂਪ ਹਨ ?

ਭਗਤ ਕਬੀਰ ਜੀ ਫੁਰਮਾਉਂਦੇ ਹਨ :-

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥
(ਅੰਗ 1349)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
(ਅੰਗ 611)

ਹੁਣ ਕਬੀਰ ਸਾਹਿਬ ਫੁਰਮਾ ਰਹੇ ਹਨ ਕਿ ਕੋਈ ਭਲਾ ਕੋਈ ਭੈੜਾ ਨਹੀਂ ਹੈ। ਅਤੇ ਉਧਰ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :-

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮ ਖੋਰ ॥ (ਜਪੁਜੀ ਸਾਹਿਬ)

ਮਾਣਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ ॥
(ਅੰਗ 1182)

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥ (ਅੰਗ 1372)
(ਨਿੰਦਕ ਨਾਲੋਂ ਸੂਰ ਚੰਗਾ ਹੈ ਜੋ ਪਿੰਡ ਦੀ ਸਫਾਈ ਕਰਦਾ ਹੈ)

ਜੋ ਹੁਕਮ ਨਾ ਬੂਝੈ ਖਸਮ ਕਾ ਸੋ ਨਰ ਕੱਚਾ ॥ (ਅੰਗ 1094)

ਜੇ ਸਾਰੇ ਇਕੋ ਜਿਹੇ ਹਨ, ਕੋਈ ਭਿੰਨ ਭੇਦ ਨਹੀਂ ਹੈ ਤਾਂ ਫਿਰ ਦਸਵੇਂ ਪਾਤਸ਼ਾਹ ਕੀ ਫੁਰਮਾਉਂਦੇ ਹਨ :-

ਸੇਵਕ ਸਿਖ ਹਮਾਰੇ ਤਾਰੀਅਹਿ ॥
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥ (ਚੌਪਈ)

ਨਾਨਕ ਮਨਮੁਖਾਂ ਨਾਲੋਂ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥
(ਅੰਗ 31)

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥
(ਅਗ 219)

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ (ਅੰਗ 1369)

ਫਿਰ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :-

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥
ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਨਿ ਚੜੇ ॥
ਇਕਿ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ ॥
ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ॥ (ਆਸਾ ਦੀ ਵਾਰ)

ਹੈ ਤਾਂ ਸਾਰੇ ਇਕੋ ਹੀ। ਫਿਰ ਕਈ ਤਾਂ ਪਾਤਸ਼ਾਹਾਂ ਦੇ ਪਾਤਸ਼ਾਹ ਬਣ ਸਕਦੇ ਹਨ (ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹ) (ਜਪੁਜੀ ਸਾਹਿਬ)

ਕਈਆਂ ਦੇ ਮੂੰਹ ਡਿਠੇ ਸਭ ਪਾਪੀ ਤਰ ਜਾਂਦੇ ਹਨ, ਕਈਆਂ ਦੇ ਚਰਨ ਪਾਉਣ ਨਾਲ ਡੁਬਦੇ ਬੇੜੇ ਤਰ ਜਾਂਦੇ ਹਨ, ਕਈਆਂ ਦੇ ਪੈਰ ਪੈਣ ਨਾਲ ਤਰਦੇ ਬੇੜੇ ਡੁਬ ਜਾਂਦੇ ਹਨ, ਕਈਆਂ ਦੀ ਸੰਗਤ ਤੋਂ ਸਾਨੂੰ ਰੋਕਿਆ ਜਾਂਦਾ ਹੈ, ਕਈਆਂ ਦੀ ਸੰਗਤ ਕਰਨ ਨੂੰ ਸਾਨੂੰ ਹੁਕਮ ਦਿਤਾ ਜਾਂਦਾ ਹੈ। ਜੇ ਸਭ ਬਰਾਬਰ ਹਨ ਤਾਂ ਇਹ ਵਿਤਕਰਾ ਕਿਉਂ ?

ਇਹ ਸਵਾਲ ਸਾਡੇ ਮਨ ਵਿਚ ਸਹਿਜ ਸੁਭਾ ਹੀ ਉਠ ਖੜਦਾ ਹੈ। ਥੋੜੀ ਜਿਹੀ ਧੀਰਜ ਰਖੀਏ, ਗੁਰਬਾਣੀ ਦੀ ਪੜਚੋਲ ਕਰੀਏ, ਕਿਸੇ ਪਹੁੰਚੇ ਹੋਏ ਮਹਾਂ ਪੁਰਸ਼ ਦੀ ਸੰਗਤ ਕਰੀਏ ਤਾਂ ਆਪਣੇ ਆਪ ਹੀ ਭੁਲੇਖੇ ਦੂਰ ਹੋ ਜਾਂਦੇ ਹਨ।

ਮੁਸ਼ਕਲ ਉਦੋਂ ਪਦਾ ਹੁੰਦੀ ਹੈ, ਜਦੋਂ ਸਾਨੂੰ ਆਪ ਸਮਝ ਨਹੀਂ ਪੈਂਦੀ ਪ੍ਰੰਤੂ ਅਸੀਂ ਦੂਜਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ। ਜਦ ਮਾਸਟਰ ਨੂੰ ਆਪ ਹੀ ਸਵਾਲ ਨਹੀਂ ਕੱਢਣਾ ਆਉਂਦਾ ਤਾਂ ਬੱਚਿਆਂ ਨੂੰ ਕੀ ਸਮਝਾਵੇਗਾ ? ਇਹੀ ਹਾਲਤ ਹੈ ਅਜ ਕਲ ਦੇ ਪਰਚਾਰਕਾਂ ਦੀ ਅਤੇ ਲੀਡਰਾਂ ਦੀ।

ਜੇ ਸਭ ਬਰਾਬਰ ਹਨ ਤਾਂ ਕੋਈ ਸੜਕਾਂ ਤੇ ਰੋੜੀ ਕਿਉਂ ਚੁਕਦਾ ਫਿਰਦਾ ਹੈ ਅਤੇ ਦੂਜਾ ਜੰਮਦਾ ਹੀ ਕੋਠੀਆਂ ਵਿਚ ਕਿਉਂ ਹੈ ? ਕੋਈ ਮਾਲਕ ਬਣਿਆ ਬੈਠਾ ਹੈ ਤਾਂ ਕੋਈ ਸੇਵਾਦਾਰ। ਕਈ ਹੋਰ ਦੇਸ਼ਾਂ ਦਾ ਪ੍ਰਚਾਰ ਕਰਦੇ ਹਨ ਕਿ ਉਥੇ ਸਭ ਬਰਾਬਰ ਹਨ। ਕੀ ਉਥੇ ਕੋਈ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਦੀ ਕੁਰਸੀ ਤੇ ਨਹੀਂ ਹੈ ? ਅਤੇ ਕੋਈ ਖੇਤ ਦਾ ਕਾਮਾ ਨਹੀਂ ਹੈ ? ਇਹ ਤਾਂ ਨਿਰੰਕਾਰ ਦੀ ਖੇਡ ਹੀ ਐਸੀ ਰਚੀ ਹੈ। ਇਸ ਨੂੰ ਆਪਾਂ ਬਦਲਣ ਦੀ ਕੋਸ਼ਿਸ਼ ਕਰਦੇ ਹਾਂ ਪਰ ਇਹ ਬਦਲੀ ਨਹੀਂ ਜਾ ਸਕਦੀ।

ਇਸ ਨੂੰ ਸਮਝਣ ਲਈ ਬੜੀ ਪੜਚੋਲ ਦੀ ਲੋੜ ਹੈ। ਗੁਰਬਾਣੀ ਕਦੀ ਗਲਤ ਨਹੀਂ ਹੋ ਸਕਦੀ। ਜਿਹੜਾ ਗੁਰਬਾਣੀ ਨੂੰ ਗਲਤ ਕਹਿੰਦਾ ਹੈ ਉਹ ਜਾਂ ਤਾਂ ਮਹਾਂ ਮੂਰਖ ਹੈ ਜਾਂ ਉਸ ਲੂੰਮੜੀ ਦੀ ਤਰਾਂ ਹੈ ਜੋ ਅੰਗੂਰਾਂ ਤਕ ਪਹੁੰਚ ਨਹੀਂ ਸਕਦੀ ਅਤੇ ਕਹਿ ਉਠਦੀ ਹੈ ਕਿ ਅੰਗੂਰ ਖੱਟੇ ਹਨ।

ਘਰ ਦੇ ਵਿਚ ਕਈ ਔਰਤਾਂ ਬੈਠੀਆਂ ਹਨ। ਹੈ ਸਭ ਔਰਤਾਂ ਹੀ। ਪ੍ਰੰਤੂ ਹਰੇਕ ਦਾ ਦਰਜਾ ਅੱਡ-ਅੱਡ ਹੈ। ਕੋਈ ਮਾਂ ਲਗਦੀ ਹੈ, ਕੋਈ ਭੈਣ ਲਗਦੀ ਹੈ, ਕੋਈ ਧੀ ਲਗਦੀ ਹੈ, ਕੋਈ ਵਹੁਟੀ ਲਗਦੀ ਹੈ। ਹਨ ਸਾਰੀਆਂ ਔਰਤਾਂ ਹੀ। ਪਰ ਕੀ ਅਸੀਂ ਸਭ ਨੂੰ ਏਕ ਸਮਝ ਸਕਦੇ ਹਾਂ।

ਨਹੀਂ ਨਹੀਂ। ਮਾਂ ਨੂੰ ਮਾਂ ਕਹਾਂਗੇ, ਭੈਣ ਨੂੰ ਭੈਣ ਕਹਾਂਗੇ, ਧੀ ਨੂੰ ਧੀ ਕਹਾਂਗੇ ਅਤੇ ਵਹੁਟੀ ਨੂੰ ਵਹੁਟੀ ਕਹਾਂਗੇ। ਜੇ ਕੋਈ ਸਾਰੀਆਂ ਨੂੰ ਇਕੋ ਰੂਪ ਹੀ ਸਮਝਦਾ ਹੈ ਤਾਂ ਆਪਾਂ ਕਹਾਂਗੇ ਕਿ ਇਹ ਇਨਸਾਨ ਨਹੀਂ ਹੈ, ਬਲਕਿ ਪਸ਼ੂ ਹੈ।

ਇਸੇ ਤਰਾਂ ਇਕ ਆਦਮੀ ਆਪਣੇ ਘਰ ਆਉਂਦਾ ਹੈ। ਉਸ ਦਾ ਬਾਪ ਬੈਠਾ ਹੈ, ਭਰਾ ਬੈਠਾ ਹੈ, ਪੁੱਤਰ ਬੈਠਾ ਹੈ। ਉਹ ਬਾਪ ਨੂੰ ਬਾਪ ਕਹੇਗਾ, ਭਰਾ ਨੂੰ ਭਰਾ ਕਹੇਗਾ, ਪੁੱਤਰ ਨੂੰ ਪੁੱਤਰ ਕਹੇਗਾ। ਕਦੀ ਪੁੱਤਰ ਨੂੰ ਪਿਉ ਨਹੀਂ ਕਹਿ ਸਕਦਾ। ਦਰਜਾ ਹਰੇਕ ਦਾ ਵੱਖਰਾ-ਵੱਖਰਾ ਹੈ। ਹਾਲਾਂ ਕਿ ਹਨ ਸਾਰੇ ਇਨਸਾਨ ਹੀ।

ਇਕ ਪਲੇਟ ਵਿਚ ਕੜਾਹ ਪ੍ਰਸ਼ਾਦ ਪਾ ਲਿਆ ਜਾਵੇ ਅਤੇ ਦੂਜੀ ਵਿਚ ਗੋਹਾ। ਜਿਹੜੇ ਕਹਿੰਦੇ ਹਨ ਕਿ ਸਭ ਏਕ ਰੂਪ ਹੀ ਹਨ ਤਾਂ ਉਹਨਾਂ ਨੂੰ ਕਿਹਾ ਜਾਵੇ ਕਿ ਜੇ ਏਕ ਰੂਪ ਹੈ ਤਾਂ ਖਾ ਕੇ ਦਿਖਾਵੋ। ਫੱਟ ਕੜਾਹ ਪ੍ਰਸ਼ਾਦ ਖਾਣਗੇ ਅਤੇ ਦੂਜੇ ਨੂੰ ਪਰੇ ਰੱਖ ਦੇਣਗੇ। ਜੇ ਕੋਈ ਜ਼ਿੱਦ ਵਿਚ ਆ ਕੇ ਗੋਹਾ ਖਾ ਭੀ ਲਵੇ ਤਾਂ ਆਪਾਂ ਕਹਿ ਉਠਾਂਗੇ ਕਿ ਇਹ ਤਾਂ ਪਸ਼ੂ ਹੈ।

ਹਨ ਤਾਂ ਸਾਰੇ ਬਰਾਬਰ ਹੀ, ਪ੍ਰੰਤੂ ਹਰੇਕ ਦਾ ਕਿੱਤਾ ਦੇਖ ਕੇ ਆਪਾਂ ਹਾਕ ਮਾਰਦੇ ਹਾਂ। ਜੇ ਡਾਕਟਰ ਹੈ ਤਾਂ ਡਾਕਟਰ ਕਹਾਂਗੇ, ਜੇ ਮਾਸਟਰ ਦਾ ਕੰਮ ਕਰਦਾ ਹੈ ਤਾਂ ਮਾਸਟਰ ਕਹਾਂਗੇ, ਜੇ ਵਕਾਲਤ ਕਰਦਾ ਹੈ ਤਾਂ ਵਕੀਲ ਕਹਾਂਗੇ, ਜੇ ਖੇਤੀ ਕਰਦਾ ਹੈ ਤਾਂ ਜ਼ਿਮੀਦਾਰ ਕਹਾਂਗੇ ਅਤੇ ਜੇ ਦੁਕਾਨ ਕਰਦਾ ਹੈ ਤਾਂ ਦੁਕਾਨਦਾਰ ਕਹਾਂਗੇ।

ਇਸੇ ਤਰਾਂ ਗੁਰਬਾਣੀ ਵਿਚ ਭੀ ਦਰਜੇ ਹਨ, ਸਿੱਖ, ਗੁਰਸਿੱਖ, ਗੁਰਸਿੱਖੜਾ, ਗੁਰਮੁਖ, ਸਾਧ, ਸੰਤ, ਗੁਰੂ ਅਤੇ ਸਤਿਗੁਰੂ ਦੇ। ਜਿਹੋ ਜਿਹਾ ਕਿਸੇ ਦਾ ਦਰਜਾ ਹੋਵੇ, ਕਹਿ ਦੇਵੋ ਪ੍ਰੰਤੂ ਸਾਡੇ ਵਿਚ ਕਿੰਨੀ ਕਮਜ਼ੋਰੀ ਹੋ ਗਈ ਹੈ ਕਿ ਅਸੀਂ ਸਤਿਗੁਰੂ ਸੱਚੇ ਪਾਤਸ਼ਾਹ (ਦਸੇ ਪਾਤਸ਼ਾਹੀਆਂ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ) ਨੂੰ ਸਤਿਗੁਰੂ ਕਹਿਣ ਤੋਂ ਡਰਦੇ ਹਾਂ। ਅਕਾਲ ਪੁਰਖ ਕਹਿਣ ਤੋਂ ਡਰਦੇ ਹਾਂ। ਇਹਨਾਂ ਨੂੰ ਸੰਤ, ਸਾਧ ਕਹਿੰਦੇ ਹਾਂ ਭਾਵੇਂ ਕਿ ਪੜ੍ਹਾਈ ਕਰਨ ਤੋਂ ਬਾਦ ਪਤਾ ਚਲ ਸਕਦਾ ਹੈ ਕਿ ਦਸੇ ਪਾਤਸ਼ਾਹੀਆਂ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਕੁੱਤਿਆਂ ਵਿਚ ਭੀ ਇਤਨੀ ਤਾਕਤ ਹੈ ਕਿ ਜੇ ਕੋਈ ਸ਼ਰਧਾ ਨਾਲ ਇਹਨਾਂ ਦੀ ਚਰਨ ਧੂੜ ਮੱਥੇ ਨਾਲ ਲਾ ਲਵੇ ਤਾਂ ਉਹ ਭੀ ਸੰਤ ਜਾਂ ਸਾਧ ਬਣ ਸਕਦਾ ਹੈ।

ਪ੍ਰੰਤੂ ਸਾਡੀ ਕਿੱਡੀ ਕਮਜ਼ੋਰੀ ਹੈ? ਕਦੀ ਬਾਪੂ ਨੂੰ ਭੀ ਪੁੱਤਰ ਕਹਿ ਸਕਦੇ ਹਾਂ। ਜੇ ਕੋਈ ਆਪਣੇ ਬਾਪੂ ਨੂੰ ਪੁੱਤਰ ਕਹਿ ਦੇਵੇ ਤਾਂ ਕਿਤਨੀ ਵੱਡੀ ਸਜ਼ਾ ਦਾ ਹੱਕਦਾਰ ਹੈ? ਅਤੇ ਜੋ ਇਹ ਧੱਕੇ ਧੌਲੇ ਅੱਜ ਅਸੀਂ ਸਾਰੇ ਖਾ ਰਹੇ ਹਾਂ ਜਾਂ ਸਿੱਖੀ ਦੀ ਇਹ ਹਾਲਤ ਹੋ ਰਹੀ ਹੈ ਇਹ ਸਾਡੀ ਇਸੇ ਨਾ ਸ਼ੁਕਰੇ ਪਣ ਦੇ ਕਾਰਨ ਹੈ। ਗੁਰੂ ਸਾਹਿਬ ਦੀ ਕੋਈ ਨਰਾਜ਼ਗੀ ਨਹੀਂ ਹੈ।

ਇਸੇ ਤਰਾਂ ਗੁਰਬਾਣੀ ਵਿਚ ਨਿੰਦਕਾਂ, ਚੋਰਾਂ, ਬੇਮੁਖਾਂ ਅਤੇ ਅਕ੍ਰਿਤਘਣਾਂ ਦੇ ਦਰਜੇ ਭੀ ਦਿਤੇ ਹਨ।

ਹਨ ਸਾਰੇ ਬੰਦੇ ਹੀ। ਪ੍ਰੰਤੂ ਕੌਮਾਂ-ਕੌਮਾਂ ਵਿਚ ਕਿੰਨੀ ਭਿੰਨਤਾ *(diversity)* ਹੈ। ਯੂਰਪੀਅਨ, ਭਾਰਤੀ, ਚੀਨੇ, ਅਫਰੀਕਨ ਆਦਿ। ਹਨ ਸਾਰੇ ਇਨਸਾਨ ਹੀ ਪ੍ਰੰਤੂ ਕਿੰਨਾ ਅੱਡਰਾਪਣ ਹੈ ਸ਼ਕਲ, ਸੂਰਤ, ਕੱਦ, ਕਾਠ ਅਤੇ ਸੁਭਾਅ ਵਿਚ।

ਫਿਰ ਕਿਸੇ ਇਕ ਕੌਮ ਦੇ ਹੀ ਇਨਸਾਨ ਲੈ ਲਵੋ। ਕਿੰਨੀ ਭਿੰਨਤਾ ਹੈ ਇਹਨਾਂ ਵਿਚ ਭੀ ? ਇਥੋਂ ਤੱਕ ਕਿ ਸੱਕੇ ਭਰਾਵਾਂ ਵਿਚ ਭੀ ਕੋਈ ਨਾ ਕੋਈ ਭਿੰਨਤਾ (ਅੱਡਰਾਪਣ) ਜ਼ਰੂਰ ਹੁੰਦੀ ਹੈ। ਸਾਰਿਆਂ ਦਾ ਬੋਲ ਭੀ ਅੱਡ-ਅੱਡ ਹੁੰਦਾ ਹੈ, ਸੁਭਾਅ ਭੀ ਅੱਡ-ਅੱਡ ਹੁੰਦੇ ਹਨ, ਖਿਆਲ ਭੀ ਅੱਡ-ਅੱਡ ਹੁੰਦੇ ਹਨ।

ਫਿਰ ਇਕੋ ਇਨਸਾਨ ਹੀ ਲੈ ਲਵੋ। ਹੱਥਾਂ ਦੀਆਂ ਪੈਰਾਂ ਦੀਆਂ ਉਂਗਲਾਂ ਹੀ ਲੈ ਲਵੋ, ਹਰੇਕ ਦੀ ਸ਼ਕਲ ਅੱਡੋ-ਅੱਡ ਹੈ, ਕਰੋੜਾਂ ਇਨਸਾਨ ਖੜੇ ਕਰ ਲਵੋ। ਹਰੇਕ ਦੇ ਬੋਲ, ਨੱਕ, ਕੰਨ, ਅੱਖਾਂ, ਹੱਥ, ਪੈਰ ਆਦਿ ਕਿਸੇ ਦੂਜੇ ਨਾਲ ਨਹੀਂ ਮਿਲਦੇ।

ਕੋਈ ਜੰਮਦਾ ਹੀ ਲੰਗੜਾ ਹੈ, ਕੋਈ ਜੰਮਦਾ ਅੰਨ੍ਹਾ ਹੈ, ਕੋਈ ਜੰਮਦਾ ਕਾਣਾ ਹੈ ਇਤਿਆਦਿ। ਫਿਰ ਸਭ ਇਕ ਰੂਪ ਕਿਵੇਂ ਹੋਏ ? ਕਾਦਰ ਦੀ ਖੇਡ ਨਿਆਰੀ ਹੈ।

ਮੇਰੇ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥
ਕੋਈ ਨ ਕਿਸਹੀ ਜੇਹਾ ਉਪਾਇਆ ॥ (ਅੰਗ 1056)

ਸੋ ਸਾਰ ਅੰਸ਼ ਕੀ ਹੈ ? ਹਨ ਸਭ ਇਕ ਰੂਪ ਹੀ ਪ੍ਰੰਤੂ ਦਾਰਜਾ ਵੱਖਰਾ 2 ਹੈ । ਕਲਗੀਧਰ ਪਾਤਸ਼ਾਹ ਨੂੰ ਅਸੀਂ ਕਲਗੀਧਰ ਪਾਤਸ਼ਾਹ ਦਾ ਦਰਜਾ ਹੀ ਦੇਵਾਂਗੇ । ਬਾਬਾ ਜੀ ਫੁਰਮਾਉਂਦੇ ਸਨ ਕਿ ਜੇ ਇਕ ਗਧਾ ਕਲਗੀ ਲਾ ਲਵੇ, ਤਾਂ ਕਲਗੀਧਰ ਨਹੀਂ ਬਣ ਸਕਦਾ । ਅਸੀਂ ਗੁਰੂ ਦੇ ਤੁੱਲ ਕਿਸੇ ਕੁੱਤੇ ਜਾਂ ਗਧੇ ਨੂੰ ਦਰਜਾ ਨਹੀਂ ਦੇ ਸਕਦੇ, ਭਾਵੇਂ ਹਨ ਉਹ ਭੀ ਰੱਬੀ ਜੋਤ ਹੀ ।

ਸੋ ਗੁਰਮੁਖੋ ਜੇ ਗੁਰੂ ਸਾਹਿਬਾਨ ਨੂੰ ਇਕ ਪਰਮ ਮਨੁੱਖ, ਸੰਤ ਸਿਪਾਹੀ ਦਾ ਦਰਜਾ ਅੱਡੀਆਂ ਚੁਕ-2 ਕੇ ਦਿੰਦੇ ਹੋ ਤਾਂ ਇਹ ਤੁਹਾਡੀ ਬਹਾਦਰੀ ਨਹੀਂ ਹੈ । ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ :-

ਸਤਿਗੁਰ ਵਡਾ ਕਰ ਸਾਲਾਹੀਐ
ਜਿਸੁ ਵਿਚਿ ਵਡੀਆਂ ਵਡਿਆਈਆਂ ॥ (ਆਸਾ ਦੀ ਵਾਰ)

ਬਾਬਾ ਜੀ ਫੁਰਮਾਉਂਦੇ ਸਨ :-
ਸਤਿਗੁਰੂ ਸੱਚੇ ਪਾਤਸ਼ਾਹ ਨੂੰ
ਭਾਵੇਂ ਸਿੱਖ ਕਹਿ ਲਵੋ
ਭਾਵੇਂ ਮਨੁੱਖ ਕਹਿ ਲਵੋ
ਭਾਵੇਂ ਗੁਰਸਿੱਖ ਕਹਿ ਲਵੋ
ਭਾਵੇਂ ਗੁਰਮੁਖ ਕਹਿ ਲਵੋ
ਭਾਵੇਂ ਸਾਧ ਕਹਿ ਲਵੋ
ਭਾਵੇਂ ਸੰਤ ਕਹਿ ਲਵੋ
ਅਤੇ ਭਾਵੇਂ ਪਰਮੇਸ਼ਰ ਕਹਿ ਲਵੋ

ਫਲ ਤੁਹਾਡੀ ਭਾਵਨਾ ਨੂੰ ਹੀ ਲੱਗਣਾ ਹੈ । ਸਤਿਗੁਰੂ ਨੂੰ ਜਿਹਾ ਕੋਈ ਇਛਦਾ ਤੇਹਾ ਫਲ ਪਾਏ । ਉਧਰ ਤਾਂ ਕੋਈ ਕਮੀ ਨਹੀਂ ਹੈ । ਘਾਟਾ ਸਾਡੀ ਭਾਵਨਾ ਕਮਾਈ ਵਿਚ ਹੈ ।

ਜੇਹਾ ਸਤਿਗੁਰ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ (ਅੰਗ 28)

ਪ੍ਰਮਾਤਮਾ ਦੀ ਜੋਤ ਤਾਂ ਸਾਰੇ ਜੀਵਾਂ ਵਿਚ ਹੀ ਹੈ। ਕੁੱਤੇ, ਗਧੇ, ਸੱਪ, ਸੂਰ, ਕਾਂ ਵਰਗੀਆਂ ਤ੍ਰਿਗਧ ਜੂਨਾਂ ਵਿਚ ਭੀ ਇਹ ਜੋਤ ਹੈ। ਪ੍ਰੰਤੂ ਆਪਾਂ ਇਹਨਾਂ ਨੂੰ ਮੱਥਾ ਕਿਉਂ ਨਹੀਂ ਟੇਕਦੇ ? ਆਪਾਂ ਗੁਰੂ ਸਾਹਿਬਾਨ ਨੂੰ ਮੱਥਾ ਟੇਕਦੇ ਹਾਂ।

ਇਕ ਬੱਚਾ ਹਲੇ ਪਹਿਲੀ ਕਲਾਸ ਵਿਚ ਹੈ, ਦੂਜਾ ਪੰਜਵੀਂ ਵਿਚ ਹੈ, ਤੀਜਾ ਐਮ. ਏ. ਵਿਚ ਹੈ, ਉਹ ਇਕ ਕਿਵੇਂ ਹੋ ਸਕਦੇ ਹਨ ?

ਸੋ ਇਸੇ ਤਰਾਂ ਪ੍ਰਮਾਤਮਾ ਦਾ ਸਮਾਨ ਰੂਪ ਭੀ ਹੈ ਅਤੇ ਵਿਸ਼ੇਸ਼ ਰੂਪ ਭੀ ਹੈ। ਸਮਾਨ ਕਿਹੜਾ ਹੈ ਅਤੇ ਵਿਸ਼ੇਸ਼ ਕਿਹੜਾ ? ਸਮਾਨ ਤਾਂ ਹੈ ਸਾਰੀਆਂ ਜੂਨਾਂ ਵਿਚ, 84 ਲੱਖ ਜੂਨਾਂ ਵਿਚ ਅਤੇ ਵਿਸ਼ੇਸ਼ ਹੈ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਵਿਚ।

"ਪ੍ਰਮਾਤਮਾ ਦੀ ਜੋਤ ਸਾਰਿਆਂ ਵਿਚ ਹੀ ਹੈ" ਦੀ ਰੱਟ ਲਾਉਣ ਵਾਲੇ ਪਹਿਲਾਂ ਇਹ ਜੋਤ ਗੁਰੂ ਸਾਹਿਬ ਵਿਚ ਦੇਖਣ ਦਾ ਯਤਨ ਕਰਨ। ਜੇ ਉਹ ਗੁਰੂ ਸਾਹਿਬਾਨ ਨੂੰ ਤ੍ਰਿਗਧ ਜੂਨਾਂ ਦੇ ਬਰਾਬਰ ਹੀ ਦਰਜਾ ਦੇਈ ਜਾਂਦੇ ਹਨ ਤਾਂ ਉਹਨਾਂ ਦੀ ਬਹਾਦਰੀ ਨਹੀਂ ਹੈ ਬਲਕਿ ਬੇਵਕੂਫੀ ਹੈ।

ਸੋ ਜਦੋਂ ਤਕ ਗੁਰੂ ਸਾਹਿਬ ਵਿਚ ਤਾਂ ਜੋਤ ਦਿਸੀ ਨਹੀਂ ਤਾਂ ਉਦੋਂ ਤੱਕ ਕੁੱਤਿਆਂ, ਗਧਿਆਂ ਵਿਚ ਕਿਥੋਂ ਦਿਸ ਪਵੇਗੀ ? ਸਭ ਫੋਕਟ ਗੱਲਾਂ ਹਨ। ਵੀਰ, ਪਹਿਲਾਂ ਗੁਰੂ ਸਾਹਿਬ ਵਿਚੋਂ "ਪ੍ਰਗਟ ਗੁਰਾਂ ਕੀ ਦੇਹ" ਦੇ ਦਰਸ਼ਨ ਕਰੋ, ਫਿਰ ਗਿਆਨ ਹੋ ਜਾਵੇਗਾ। ਸਾਰਿਆਂ ਵਿਚ ਜੋਤ ਦੇਖ ਸਕੋਗੇ। ਪ੍ਰੰਤੂ ਜੇ ਗੁਰੂ ਸਾਹਿਬ ਨੂੰ ਛੱਡ ਕੇ ਜੋਤ ਉਪਰ ਕਿਸੇ ਗੋਲ ਚੱਕਰ ਵਿਚ ਲਭਦੇ ਹੋ ਤਾਂ ਹਲੇ ਪੜ੍ਹਾਈ ਦੀ ਲੋੜ ਹੈ।

★

# ਚਰਨ ਕਮਲ

ਸਤਿਗੁਰੂ ਆਪਾਂ ਨੂੰ ਵਾਰ ਵਾਰ ਉਪਦੇਸ਼ ਕਰਦੇ ਹਨ ਕਿ ਪੂਰਨ ਸਾਧੂ ਦੇ ਜਾਂ ਪੂਰਨ ਸੰਤ ਦੇ ਚਰਨਾਂ ਨੂੰ ਧੋ ਧੋ ਕੇ ਪੀਵੋ ਜਿਵੇਂ ਕਿ ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਜ਼ਾਹਰ ਕਰਦੀਆਂ ਹਨ :

ਚਰਨ ਸਾਧ ਕੇ ਧੋਇ ਧੋਇ ਪੀਉ ॥ (ਅੰਗ 283)

ਜਬ ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ ॥ (ਅੰਗ 1326)

ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥ (ਅੰਗ 1301)

ਸਤਿਗੁਰੂ ਇਕੱਲੇ ਆਪਾਂ ਨੂੰ ਹੀ ਉਪਦੇਸ਼ ਨਹੀਂ ਕਰਦੇ, ਬਲਕਿ ਆਪ ਖੁਦ ਭੀ ਫੁਰਮਾਉਂਦੇ ਹਨ ਕਿ ਜੇ ਉਹਨਾਂ ਨੂੰ ਕੋਈ ਨੀਚ ਜਾਤ ਦਾ ਸੇਵਕ ਮਿਲ ਜਾਵੇ, ਤਾਂ ਉਹ ਉਸ ਦੇ ਚਰਨਾਂ ਨੂੰ ਧੋ ਧੋ ਕੇ ਪੀ ਲੈਣ।

ਜਨ ਨਾਨਕ ਤਿਸ ਕੇ ਚਰਨ ਪਖਾਲੇ ਜੋ ਹਰਿ ਜਨੁ ਨੀਚ ਜਾਤਿ ਸੇਵਕਾਣੁ ॥ (ਅੰਗ 861)

ਹੁਣ ਆਪਾਂ ਵੀਚਾਰ ਕਰਨੀ ਹੈ ਕਿ ਆਮ ਜਗਿਆਸੂਆਂ ਦੇ ਪੈਰਾਂ ਨੂੰ ਕਿਤੇ ਚਰਨ ਨਹੀਂ ਲਿਖਿਆ, ਕੇਵਲ ਗੁਰੂ ਸਾਹਿਬਾਨ ਜਾਂ ਪੂਰਨ ਸੰਤ ਦੇ ਪੈਰਾਂ ਨੂੰ ਚਰਨ ਕਿਉਂ ਲਿਖਿਆ ਹੈ ?

ਇਸ ਦਾ ਭੀ ਇਕ ਖਾਸ ਕਾਰਨ ਹੈ। ਕੀ ਹੈ ਇਹ ਕਾਰਨ ?

ਇਹਨਾਂ ਵਿਚ ਇਕ ਵੱਡੀ ਸਿਫਤ ਹੈ। ਕਿਹੜੀ ? ਇਹ ਚਰਨ ਪਾਪਾਂ ਨੂੰ ਚਰ ਜਾਂਦੇ ਹਨ।

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ:-

ਚਰਨ ਕਮਲ ਸਿਉ ਲਾਗੋ ਹੇਤੁ ॥
ਖਿਨ ਮਹਿ ਬਿਨਸਿਓ ਮਹਾ ਪਰੇਤੁ ॥ (ਅੰਗ 1149)

ਵੱਡੇ-2 ਤੀਰਥ ਭੀ ਸਾਧੂ ਦੇ ਚਰਨਾਂ ਦੀ ਧੂੜ ਨੂੰ ਲੋਚਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ :-

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ (ਅੰਗ 1263)

ਹੁਣ ਦੇਖਣਾ ਹੈ ਕਿ ਇਕ ਸਾਧੂ ਦੀ ਚਰਨ ਧੂੜ ਦੀ ਇਤਨੀ ਸਿਫਤ ਗੁਰੂ ਸਾਹਿਬ ਨੇ ਕਿਉਂ ਕੀਤੀ ਹੈ ? ਭਾਈ ਗੁਰਦਾਸ ਜੀ ਸਾਨੂੰ ਰਸਤਾ ਦਸਦੇ ਹਨ :-

ਚਰਨ ਕਮਲ ਮਕਰੰਦ ਰਸ ਲੁਭਤਿ ਹੁਇ ਚਰਨ ਕਮਲ ਤਾਹਿ ਜਗ ਮਧੁਕਰ ਹੈ ॥ (ਸਵੱਯੇ ਭਾ: ਗੁਰਦਾਸ)

(ਜਿਹੜਾ ਪੁਰਸ਼ ਸਤਿਗੁਰੂ ਦੇ ਚਰਨ ਕਮਲ ਦੇ ਮਕਰੰਦ ਰਸ ਦਾ ਲੋਭੀ ਹੋ ਜਾਂਦਾ ਹੈ, ਉਸ ਪੁਰਸ਼ ਦੇ ਚਰਨ ਕਮਲਾਂ ਦਾ ਸਾਰਾ ਸੰਸਾਰ ਭੌਰਾ ਹੋ ਜਾਂਦਾ ਹੈ)

ਹੁਣ ਵੀਚਾਰ ਕਰਨੀ ਹੈ ਕਿ ਇਹਨਾਂ ਪਵਿੱਤਰ ਚਰਨ ਕਮਲਾਂ ਦੀ ਜਿਨ੍ਹਾਂ ਵਿਚ ਇਹ ਸਿਫਤ ਹੈ, ਕਿਵੇਂ ਪ੍ਰਾਪਤੀ ਹੋ ਸਕਦੀ ਹੈ ?

ਪਹਿਲੀ ਗੱਲ ਤਾਂ ਇਹ ਹੈ ਕਿ ਆਪਣੇ ਦਿਲ ਵਿਚ ਵਿਸ਼ਵਾਸ਼ ਆ ਜਾਵੇ ਕਿ ਗੁਰੂ ਸਾਹਿਬ ਦੇ ਸਾਨੂੰ ਦਰਸ਼ਨ ਹੋ ਸਕਦੇ ਹਨ ਅਤੇ ਉਹਨਾਂ ਦੇ ਚਰਨ ਕਮਲਾਂ ਤਕ ਅਸੀਂ ਫਿਰ ਪਹੁੰਚ ਹਾਸਲ ਕਰ ਸਕਦੇ ਹਾਂ। ਜੇ ਅਸੀਂ ਕਿਸੇ ਗੂੜ੍ਹ ਗਿਆਨੀ ਦੇ ਖਿਆਲੀ ਅਨੁਮਾਨਾਂ ਦੇ ਅਸਰ ਹੇਠ ਆ ਜਾਈਏ ਤਾਂ ਇਹਨਾਂ ਦੀ ਪ੍ਰਾਪਤੀ ਮੁਸ਼ਕਲ ਹੈ ਕਿਉਂਕਿ ਉਹ ਤਾਂ ਗੁਰੂ ਸਾਹਿਬ ਨੂੰ ਮਿਲਣਾ ਹੀ ਨਹੀਂ ਚਾਹੁੰਦੇ। ਉਹ ਤਾਂ ਗੁਰੂ ਸਾਹਿਬ ਨੂੰ ਛੱਡ ਕੇ ਕਿਸੇ ਹੋਰ ਨੂੰ ਮਿਲਣ ਦੇ ਗਾਹਕ ਹਨ।

ਗੁਰੂ ਸਾਹਿਬ ਦੇ ਚਰਨਾਂ ਤੱਕ ਪਹੁੰਚਣਾ ਖਜੂਰ ਦੀ ਚੜ੍ਹਾਈ ਦੇ ਬਰਾਬਰ ਹੈ। ਖਜੂਰ ਤੇ ਚੜ੍ਹਨ ਲਈ ਬੜੀ ਮਿਹਨਤ ਕਰਨੀ ਪੈਂਦੀ ਹੈ। ਇਕ ਬੰਦਾ ਜੁਗਤੀ ਨਾਲ ਖਜੂਰ ਤੇ ਚੜ੍ਹ ਸਕਦਾ ਹੈ। ਖਜੂਰ ਦੇ ਦਰੱਖਤ ਦੇ ਐਨ ਸਿਖਰ ਤੇ ਫਲ (ਖਜੂਰਾਂ) ਲੱਗੇ ਹੁੰਦੇ ਹਨ। ਜਦੋਂ ਬੰਦਾ ਸਿਖਰ ਪਹੁੰਚ ਜਾਂਦਾ ਹੈ ਤਾਂ ਮਿੱਠੀਆਂ ਖਜੂਰਾਂ ਖਾਂਦਾ ਹੈ। ਪ੍ਰੰਤੂ ਜੇ ਕਿਤੇ ਖਜੂਰਾਂ ਖਾਂਦੇ ਖਾਂਦੇ ਹੇਠਾਂ ਨੂੰ ਦੇਖ ਲਿਆ ਤਾਂ ਚੱਕਰ ਖਾ ਕੇ ਡਿੱਗ ਪੈਂਦਾ ਹੈ ਅਤੇ ਡਿਗਦੇ ਹੀ ਚਕਨਾ ਚੂਰ ਹੋ ਜਾਂਦਾ ਹੈ। ਖਜੂਰ ਕਿਹੜੀ ਹੈ ? ਇਹ ਸੰਸਾਰ ! ਇਹ ਸਮੁੰਦਰ ਵਿਚੋਂ ਕਿਵੇਂ ਲੰਘ ਸਕਦਾ ਹੈ ? ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਾਬੂ ਕਰ ਕੇ ਅਤੇ ਆਪਾ ਵਾਰ ਕੇ ਚਰਨ ਕਮਲਾਂ ਤੱਕ ਪਹੁੰਚ ਜਾਂਦਾ ਹੈ। ਫਿਰ ਮਿੱਠਾ ਮੇਵਾ ਖਾਂਦਾ ਹੈ। ਉਹਨਾਂ ਚਰਨ ਕਮਲਾਂ ਦੀ ਮੌਜ ਫਿਰ ਕਿਸੇ ਨੂੰ ਦੱਸ ਨਹੀਂ ਸਕਦਾ।

ਕਬੀਰ ਚਰਣ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ ॥ (ਅੰਗ 1370)

ਹੁਣ ਚਰਨ ਕਮਲਾਂ ਦੀ ਮੌਜ ਲੈ ਰਿਹਾ ਹੈ ਪ੍ਰੰਤੂ ਜੇ ਇਹ ਮੌਜ ਲੈਂਦਾ ਲੈਂਦਾ ਕਿਤੇ ਹੇਠਾਂ ਨੂੰ ਝਾਕ ਪਵੇ (ਮੰਦਾ ਕਰਮ ਕਰ ਲਵੇ) ਤਾਂ ਫਿਰ ਐਸਾ ਡਿਗੇਗਾ ਕਿ ਚਕਨਾਚੂਰ ਹੋ ਜਾਵੇਗਾ।

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ ॥
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ॥ (ਅੰਗ 1382)

ਅਤੇ ਇਹ ਚਰਨ ਕਮਲ ਵਡੇ ਭਾਗਾਂ ਨਾਲ ਹੀ ਮਿਲ ਸਕਦੇ ਹਨ ।
ਮਾਈ ਚਰਨ ਗੁਰ ਮੀਠੇ ॥
ਵਡੈ ਭਾਗ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥
(ਅੰਗ 717)

ਅਤੇ ਭਾਗ ਭੀ ਬਣਾਇਆਂ ਬਣਦੇ ਹਨ । ਘਰ ਬੈਠਿਆਂ ਭਾਗ ਭੀ ਨਹੀਂ ਬਣਦੇ । ਕਿਉਂਕਿ ਗੁਰੂ ਦੀ ਪ੍ਰੀਤੀ ਸੰਸਾਰ ਦੀਆਂ ਪ੍ਰੀਤੀਆਂ ਨਾਲੋਂ ਵੱਖਰੀ ਹੁੰਦੀ ਹੈ ।

ਜਿੰਨੀਆਂ ਦੁਨਿਆਵੀ ਪ੍ਰੀਤਾਂ ਹਨ, ਉਹ ਸਭ ਇਕ ਅੰਗੀ ਹਨ ।

ਮੱਛੀ ਤੇ ਪਾਣੀ ਦੀ ਪ੍ਰੀਤੀ ਸਾਹਮਣੇ ਹੀ ਹੈ । ਮੱਛੀ ਪਾਣੀ ਤੋਂ ਬਗੈਰ ਇਕ ਮਿੰਟ ਭੀ ਨਹੀਂ ਕੱਟ ਸਕਦੀ । ਤੜਫ ਤੜਫ ਕੇ ਪ੍ਰਾਣ ਦੇ ਦਿੰਦੀ ਹੈ । ਜਦ ਮੱਛੀ ਨੂੰ ਰਿੰਨ੍ਹਦੇ ਹਾਂ ਤਾਂ ਉਦੋਂ ਭੀ ਘੜੀ ਮੁੜੀ ਪਾਣੀ ਮੰਗੀ ਜਾਂਦੀ ਹੈ ਹਾਲਾਂ ਕਿ ਉਸ ਦਾ ਕੀਮਾ (ਬਰੀਕ ਟੁਕੜੇ) ਹੋ ਚੁਕਿਆ ਹੁੰਦਾ ਹੈ । ਇਥੋਂ ਤਕ ਕਿ ਜਦੋਂ ਮੱਛੀ ਰਿੰਨ੍ਹੀ ਜਾਂਦੀ ਹੈ ਅਤੇ ਕੋਈ ਖਾ ਲੈਂਦਾ ਹੈ ਤਾਂ ਉਸ ਦੇ ਪੇਟ ਵਿਚ ਜਾ ਕੇ ਭੀ ਘੜੀ ਮੁੜੀ ਪਾਣੀ ਮੰਗਦੀ ਹੈ । ਪ੍ਰੰਤੂ ਪਾਣੀ ਕਦੀ ਮੱਛੀ ਪਿਛੇ ਨਹੀਂ ਤੜਫਦਾ । ਸੋ ਇਸ ਪ੍ਰੀਤੀ ਨੂੰ ਇਕ ਅੰਗੀ ਪ੍ਰੀਤੀ ਕਹਿੰਦੇ ਹਨ ।

ਚੰਦ ਚਕੋਰ ਦੀ ਪ੍ਰੀਤੀ, ਦੀਵੇ ਤੇ ਪਤੰਗੇ ਦੀ ਪ੍ਰੀਤੀ, ਚਕਵੀ ਤੇ ਸੂਰਜ ਦੀ ਪ੍ਰੀਤੀ ਇਹ ਸਭ ਇਕ ਅੰਗੀ ਪ੍ਰੀਤਾਂ ਹਨ । ਮਾਤਾ ਪਿਤਾ ਤੇ ਪੁੱਤਰ ਦੀ ਪ੍ਰੀਤੀ ਥੋੜੀ ਦੇਰ ਹੀ ਨਿਭਦੀ ਹੈ । ਕੋਈ ਵਿਰਲਾ ਹੁੰਦਾ ਹੈ ਜਿਸ ਦੀ ਅਖੀਰ ਤੱਕ ਨਿਭ ਜਾਵੇ । ਨਹੀਂ ਤਾਂ ਆਮ ਤੌਰ ਤੇ ਪਿਤਾ ਦਾ ਮੂੰਹ

ਵੱਖਰਾ ਅਤੇ ਪੁੱਤਰ ਦਾ ਵੱਖਰਾ ਹੋ ਜਾਂਦਾ ਹੈ, ਇਸੇ ਤਰ੍ਹਾਂ ਪਤੀ ਤੇ ਪਤਨੀ ਦੀ ਪ੍ਰੀਤੀ ਹੁੰਦੀ ਹੈ। ਪ੍ਰੰਤੂ ਇਹ ਪ੍ਰੀਤੀਆਂ ਭੀ ਮੌਤ ਵੇਲੇ ਤੱਕ ਹੀ ਵੱਧ ਤੋਂ ਵੱਧ ਰਹਿ ਸਕਦੀਆਂ ਹਨ। ਉਸ ਵੇਲੇ ਸਾਰੇ ਪ੍ਰੇਤ ਪ੍ਰੇਤ ਕਹਿ ਕੇ ਭੱਜ ਜਾਂਦੇ ਹਨ।

ਪ੍ਰੰਤੂ ਗੁਰੂ ਤੇ ਸਿੱਖ ਦੀ ਪ੍ਰੀਤੀ ਦੋ ਅੰਗੀ ਹੈ।

ਜੇ ਸਿਖ ਗੁਰੂ ਵਾਸਤੇ ਤੜਫਦਾ ਹੈ
ਤਾਂ ਗੁਰੂ ਸਿਖ ਵਾਸਤੇ ਤੜਫਦਾ ਹੈ।

ਸਿਖ ਗੁਰੂ ਨੂੰ ਬਾਂਹ ਫੜਾ ਦੇਵੇ
ਤਾਂ ਗੁਰੂ ਸਿਖ ਨੂੰ ਬਾਂਹ ਫੜਾ ਦਿੰਦਾ ਹੈ।

ਸਿਖ ਗੁਰੂ ਦਾ ਬਣ ਜਾਵੇ
ਤਾਂ ਗੁਰੂ ਸਿਖ ਦਾ ਬਣ ਜਾਂਦਾ ਹੈ।

ਸਿਖ ਗੁਰੂ ਵੱਲ ਇਕ ਕਦਮ ਪੁੱਟ ਲਵੇ
ਤਾਂ ਗੁਰੂ ਕਰੋੜਾਂ ਕਦਮ ਪੁੱਟ ਕੇ ਅੱਗੇ ਹੋ ਮਿਲਦਾ ਹੈ।

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ। (ਭਾਈ ਗੁਰਦਾਸ)

ਕਿਸੇ ਦਰਿਆ ਵਿਚ ਇਕ ਰਿੱਛ ਰੁੜ੍ਹਿਆ ਜਾ ਰਿਹਾ ਸੀ। ਦਰਿਆ ਦੇ ਕੰਢੇ ਤੇ ਦੋ ਦੋਸਤ ਖੜੇ ਸਨ। ਇਕ ਨੇ ਸੋਚਿਆ ਕਿ ਕੰਬਲ ਹੈ ਉਹ ਦੂਜੇ ਨੂੰ ਕਹਿੰਦਾ "ਮੈਂ ਕੰਬਲ ਕੱਢ ਲਿਆਵਾਂ" ਅਤੇ ਦਰਿਆ ਵਿਚ ਛਾਲ ਮਾਰ ਦਿਤੀ। ਜਦ ਉਹ ਨੇੜੇ ਪਹੁੰਚਿਆ ਤਾਂ ਰਿੱਛ ਨੇ ਜੱਫਾ ਪਾ ਲਿਆ। ਹੁਣ ਉਹ ਆਪਣੇ ਆਪ ਨੂੰ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਸਭ ਬੇ ਅਰਥ। ਦੂਜੇ ਨੇ ਆਵਾਜ਼ ਦਿਤੀ ਕਿਜੇ ਕੰਬਲ ਨਹੀਂ ਖਿੱਚ ਹੁੰਦਾ ਤਾਂ ਕੰਬਲ ਨੂੰ ਛੱਡ ਦੇ, ਤਾਂ ਪਹਿਲੇ ਨੇ ਕਿਹਾ "ਮੈਂ ਤਾਂ ਕੰਬਲ ਨੂੰ ਛੱਡਦਾ ਹਾਂ ਪ੍ਰੰਤੂ ਕੰਬਲ ਮੈਨੂੰ ਨਹੀਂ ਛੱਡਦਾ।"

ਹੁਣ ਪ੍ਰਮਾਰਥ ਵਲ ਆਵੋ । ਜੇ ਸਿੱਖ ਸੱਚੇ ਦਿਲੋਂ ਚਰਨਾਂ ਤੇ ਡਿਗ ਪਵੇ ਤਾਂ ਗੁਰੂ ਪਿਛਲੇ ਸਾਰੇ ਗੁਨਾਹ ਮੁਆਫ ਕਰ ਕੇ ਚਰਨਾਂ ਨਾਲ ਜੋੜ ਲੈਂਦਾ ਹੈ । ਹੁਣ ਸਿੱਖ ਵਿਚ ਤਾਂ ਵਾਰ ਵਾਰ ਕਮਜ਼ੋਰੀਆਂ ਆਉਂਦੀਆਂ ਹਨ ਪ੍ਰੰਤੂ ਪੂਰੇ ਗੁਰੂ ਦੀ ਇਹ ਸਿਫਤ ਹੁੰਦੀ ਹੈ ਕਿ ਉਹ ਸਿੱਖ ਨੂੰ ਟੁੱਟਣ ਨਹੀਂ ਦਿੰਦਾ। ਸਿੱਖ ਚਰਨਾਂ ਨੂੰ ਛਡਦਾ ਹੈ ਪ੍ਰੰਤੂ ਚਰਨ ਸਿੱਖ ਨੂੰ ਨਹੀਂ ਛੱਡਦੇ।

ਜੇ ਕਦੀ ਸਿੱਖ ਕੁਸੰਗਤ ਵਿਚ ਭੀ ਪੈ ਜਾਵੇ ਤਾਂ ਫਿਰ ਭੀ ਗੁਰੂ ਸਹਾਇਤਾ ਕਰਦਾ ਹੈ । ਕਲਗੀਧਰ ਪਾਤਸ਼ਾਹ ਅਤੇ ਭਾਈ ਜੋਗੇ ਦੀ ਸਾਖੀ ਤੋਂ ਇਹ ਸਪੱਸ਼ਟ ਹੈ ।

ਫਿਰ ਗੁਰੂ ਸਿਰਫ ਇਥੇ ਹੀ ਨਹੀਂ ਜੋੜੀ ਰਖਦਾ । ਸਿੱਖ ਦੇ ਮਰਨ ਤੋਂ ਬਾਅਦ ਦਰਗਾਹ ਵਿਚ ਭੀ ਉਸ ਦਾ ਜ਼ਿੰਮੇਵਾਰ ਹੈ।

ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥
(ਅੰਗ 249)

ਜਦ ਸਿੱਖ ਚਰਨਾਂ ਨਾਲ ਲੱਗ ਜਾਵੇ ਤਾਂ ਕਲਜੁਗ ਉਸ ਦਾ ਬੁਰਾ ਨਹੀਂ ਕਰ ਸਕਦਾ । ਘਰਾਸ ਜਾਂ ਆਟਾ ਪੀਹਣ ਵਾਲੀ ਚੱਕੀ ਹੈ । ਦਾਣੇ ਭੀ ਪਏ ਹਨ । ਘਰਾਸ ਦੇ ਦੋ ਪੜ੍ਹਏ ਹਨ । ਵਿਚਾਲੇ ਕਿੱਲੀ ਹੈ । ਹੁਣ ਨਾ ਤਾਂ ਦਾਣੇ ਆਪਣੇ ਆਪ ਕਿੱਲੀ ਨਾਲ ਲੱਗ ਸਕਦੇ ਹਨ ਅਤੇ ਨਾ ਘਰਾਸ ਉਹਨਾਂ ਨੂੰ ਕਿੱਲੀ ਨਾਲ ਲਾ ਸਕਦਾ ਹੈ । ਕੋਈ ਤੀਜਾ ਆਵੇਗਾ । ਉਹ ਦਾਣਿਆਂ ਨੂੰ ਚੁਕ ਕੇ ਕਿੱਲੀ ਨਾਲ ਲਾ ਦੇਵੇਗਾ । ਹੁਣ ਜਿਹੜੇ ਦਾਣੇ ਕਿੱਲੀ ਨਾਲ ਲੱਗ ਗਏ ਉਹ ਸਾਬਤੇ ਰਹਿੰਦੇ ਹਨ ਜਿਹੜੇ ਪੜ੍ਹਆਂ ਥੱਲੇ ਆ ਗਏ, ਉਹ ਦਲੀਆ, ਆਟਾ ਮੈਦਾ ਜ਼ਰੂਰ ਹੋ ਜਾਣਗੇ ।

ਬਾਬਾ ਜੀ ਉਪਰਲੀ ਮਿਸਾਲ ਦੇ ਕੇ ਫੁਰਮਾਉਂਦੇ ਸਨ :-

"ਦਾਣੇ ਕਿਹੜੇ ਹਨ ? ਜਗਿਆਸੂ
ਪੜੂਏ ਕਿਹੜੇ ਹਨ ? ਦੁਨੀਆਦਾਰੀ
ਕਿੱਲੀ ਕਿਹੜੀ ਹੈ ? ਗੁਰੂ ਸਾਹਿਬ ਦੇ ਚਰਨ

ਹੁਣ ਨਾ ਤਾਂ ਜਗਿਆਸੂ ਆਪਣੇ ਆਪ ਚਰਨਾਂ ਨਾਲ ਲੱਗ ਸਕਦਾ ਹੈ ਅਤੇ ਨਾ ਚਰਨ ਜਗਿਆਸੂ ਨੂੰ ਆਪਣੇ ਨਾਲ ਲਾ ਸਕਦੇ ਹਨ। ਏਥੇ ਲੋੜ ਪੈਂਦੀ ਹੈ ਪੂਰਨ ਮਹਾਂ ਪੁਰਸ਼ ਦੀ (ਕਿਹੜੇ ? ਜਿਹੜੇ ਆਪ ਗੁਰੂ ਨਾਨਕ ਸਾਹਿਬ ਦੇ ਚਰਨਾਂ ਨਾਲ ਜੁੜੇ ਹੋਣ)। ਉਹ ਜਗਿਆਸੂ ਨੂੰ ਚੁੱਕ ਕੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਨਾਲ ਜੋੜ ਦਿੰਦੇ ਹਨ। ਜਿਹੜਾ ਚਰਨਾਂ ਨਾਲ ਜੁੜਿਆ ਰਹੇਗਾ ਉਸ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਕਲਜੁਗ ਦਾ ਬਾਪ ਭੀ ਉਸ ਦਾ ਕੁਝ ਵਿਗਾੜ ਨਹੀਂ ਸਕਦਾ ਅਤੇ ਜਿਹੜੇ ਚਰਨਾਂ ਤੋਂ ਆਸੇ ਪਾਸੇ ਹੋ ਜਾਂਦੇ ਹਨ ਉਹਨਾਂ ਦਾ ਦਲੀਆ ਦੁਫਾੜ, ਆਟਾ ਮੈਦਾ ਹੋਣਾ ਕੁਦਰਤੀ ਹੀ ਹੈ।"

ਹੁਣ ਸਵਾਲ ਉਠਦਾ ਹੈ ਕਿ ਇਹਨਾਂ ਚਰਨ ਕਮਲਾਂ ਦੀ ਸੇਵਾ ਕਿਸ ਤਰ੍ਹਾਂ ਕੀਤੀ ਜਾਵੇ ? ਸੱਚੇ ਪਾਤਸ਼ਾਹ ਤੁਹਾਡੇ ਚਰਨ ਕੋਮਲ ਹਨ ਅਤੇ ਮੇਰੇ ਹੱਥ ਖਰਵੇ *(rough)* ਹਨ। ਮੈਂ ਤੁਹਾਡੇ ਚਰਨਾਂ ਦੀ ਸੇਵਾ ਇਹਨਾਂ ਖਰਵੇ ਹੱਥਾਂ ਨਾਲ ਕਿਵੇਂ ਕਰਾਂ ?

ਸੋ ਗੁਰੂ ਸਾਹਿਬ ਫੁਰਮਾਉਂਦੇ ਹਨ :-

ਪਾਵ ਮਲੋਵਉ ਸੰਗਿ ਨੈਨ ਭਤੀਰੀ ॥ (ਅੰਗ 739)

ਸੱਚੇ ਪਾਤਸ਼ਾਹ ਮੈਂ ਤੁਹਾਡੇ ਪਵਿੱਤਰ ਚਰਨਾਂ ਦੀ ਸੇਵਾ ਆਪਣੀਆਂ ਅੱਖਾਂ ਦੇ ਅੰਦਰਲੇ ਭਾਗ (ਆਂਡੇ) ਨਾਲ ਕਰਾਂ ਤਾਂ ਕਿ ਆਪ ਜੀ ਦੇ ਚਰਨਾਂ ਨੂੰ ਮੇਰੇ ਖੁਰਦਰੇ ਹੱਥਾਂ ਨਾਲ ਕੋਈ ਠੋਸ ਨਾ ਜਾ ਪਹੁੰਚੇ।

ਚਰਨ ਕਮਲਾਂ ਦੇ ਗੁਣ :-

ਲੋਹਾ ਪਾਰਸ ਨਾਲ ਛੋਹ ਜਾਵੇ ਤਾਂ ਸੋਨਾ ਬਣ ਜਾਂਦਾ ਹੈ ਪ੍ਰੰਤੂ ਸ਼ਰਤ ਇਹ ਹੈ ਕਿ ਲੋਹਾ ਸਾਫ ਅਤੇ ਸੁੱਚਾ ਹੋਵੇ। ਜੇ ਲੋਹੇ ਨੂੰ ਜ਼ੰਗ ਲਗਿਆ ਹੋਵੇ, ਤਾਂ ਸੋਨਾ ਨਹੀਂ ਬਣ ਸਕਦਾ।

ਇਸੇ ਤਰਾਂ ਜੇ ਲੋਹੇ ਅਤੇ ਪਾਰਸ ਦੇ ਵਿਚਾਲੇ ਕੋਈ ਪਤਲੀ ਤੋਂ ਪਤਲੀ ਚੀਜ਼ ਜਿਸ ਤਰਾਂ ਕਿ ਭੰਬੀਰੀ ਦਾ ਫੰਗ ਰੱਖ ਦੇਈਏ ਤਾਂ ਭੀ ਲੋਹਾ ਸੋਨਾ ਨਹੀਂ ਬਣ ਸਕਦਾ।

ਗੁਰੂ ਸਾਹਿਬ ਦੇ ਚਰਨ ਕਮਲ ਭੀ ਪਾਰਸ ਹਨ। ਪ੍ਰੰਤੂ ਉਸ ਪਾਰਸ ਵਿਚ ਅਤੇ ਇਸ ਪਾਰਸ ਵਿਚ ਬੜਾ ਵੱਡਾ ਫਰਕ ਹੈ। ਚਰਨ ਕਮਲ ਪਾਰਸ ਵਿਚ ਇਤਨੀ ਤਾਕਤ ਹੈ ਕਿ ਜਿਹੜਾ ਇਹਨਾਂ ਦੇ ਨਾਲ ਲੱਗ ਗਿਆ ਉਹ ਸੋਨਾ ਤਾਂ ਕੀ ਖੁਦ ਪਾਰਸ ਹੀ ਬਣ ਜਾਂਦਾ ਹੈ।

ਪਾਰਸ ਤੇਰੇ ਚਰਨ ਗੁਰੂ ਜੀ
ਪਾਰਸ ਹੋ ਹੋ ਜਾਂਦੇ।
ਧੂੜੀ ਇਹਨਾਂ ਦੀ ਚੁੱਕ ਕੇ
ਜੋ ਨਾਲ ਮੱਥੇ ਦੇ ਲਾਂਦੇ।

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥
(ਅੰਗ 27)

ਜਿਹਨਾਂ ਦੇ ਪੂਰਬਲੇ ਭਾਗ ਜਾਗ ਪੈਂਦੇ ਹਨ, ਉਹਨਾਂ ਨੂੰ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ ਅਤੇ ਫਿਰ ਸਤਿਗੁਰ ਪਾਰਸ ਨਾਲ ਮਿਲ ਕੇ ਜੋਤੀ ਨਾਲ ਜੋਤ ਮਿਲ ਜਾਂਦੀ ਹੈ ਭਾਵ ਸਤਿਗੁਰ ਦਾ ਰੂਪ ਹੀ ਹੋ ਜਾਂਦੇ ਹਨ।

ਹੁਣ ਕਈ ਕਹਿ ਦਿੰਦੇ ਹਨ ਕਿ ਸਤਿਗੁਰੂ ਦਾ ਮਿਲਾਪ ਤਾਂ ਸਭ ਨੂੰ

ਹੀ ਹੋ ਜਾਂਦਾ ਹੈ। ਸਾਰੇ ਹੀ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੇ ਦਰਸ਼ਨ ਕਰਦੇ ਹਨ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ :-

ਮਿਲਿਐ ਮਿਲਿਆ ਨਾ ਮਿਲੇ ਮਿਲੈ ਮਿਲਿਆ ਜੇ ਹਇ ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥ (ਅੰਗ 791)

ਕੀ ਉਹ ਮਿਲੇ ਸਨ ਜਿਹੜੇ ਕਲਗੀਧਰ ਦੀ ਨੰਗੀ ਕ੍ਰਿਪਾਨ ਦੇਖ ਕੇ ਭੱਜ ਗਏ ਸਨ ? ਦਰਸ਼ਨ ਤਾਂ ਉਹ ਭੀ ਕਰਦੇ ਹਨ। ਇਤਨੀ ਸੰਗਤ ਵਿਚ,ਕੇਵਲ ਪੰਜਾਂ ਨੂੰ ਹੀ ਦਰਸ਼ਨ ਹੁੰਦੇ ਸਨ। ਉਸ ਨੂੰ ਮਿਲਿਆ ਕਹਿੰਦੇ ਹਨ ਜੋ ਗੁਰੂ ਦੇ ਹੁਕਮ ਤੇ ਆਪਾ ਵਾਰ ਦੇਵੇ। ਜੋ ਗੁਰੂ ਸਾਹਿਬ ਨੂੰ ਛੱਡ ਕੇ ਕਿਸੇ ਹੋਰ ਵੱਲ ਦੇਖੇ ਹੀ ਨਾ। ਗੁਰੂ ਸਾਹਿਬ ਨੂੰ ਹੀ ਪ੍ਰਭੂ ਅਤੇ ਅਕਾਲ ਪੁਰਖ ਸਮਝੇ ਕਿਉਂਕਿ :-

ਜਿਨਾ ਨਾਉ ਸੁਹਾਗਣੀ ਤਿਨਾ ਝਾਕ ਨਾ ਹੋਰੁ ॥ (ਅੰਗ 1384)

ਅਤੇ ਜਿਹੜੇ ਅਕਾਲ ਪੁਰਖ ਹੋਰ ਕਿਤੇ ਲਭਦੇ ਫਿਰਦੇ ਹਨ, ਉਹਨਾਂ ਵਾਸਤੇ ਪੰਜਵੇਂ ਪਾਤਸ਼ਾਹ ਕੀ ਫੁਰਮਾਉਂਦੇ ਹਨ :-

ਜਿਨਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥ (ਅੰਗ 761)

ਅਤੇ ਜਿਹੜੇ ਇਸ ਸਤਿਗੁਰ ਪਾਰਸ ਦੀ ਅਗੰਮੀ ਛੋਹ ਪ੍ਰਾਪਤ ਕਰ ਗਏ ਤਾਂ

ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰ ਗੁਰ ਸੰਗਿ ਥੀਏ ॥
(ਅੰਗ 1172)

ਅਤੇ ਇਥੇ ਲੋਹੇ ਦਾ ਪਵਿੱਤਰ ਹੋਣਾ ਭੀ ਜ਼ਰੂਰੀ ਨਹੀਂ ਹੈ। ਇਥੇ ਤਾਂ ਜ਼ੰਗ ਨਾਲ ਖਾਧਾ ਹੋਇਆ ਲੋਹਾ ਭੀ ਚਰਨਾਂ ਨਾਲ ਲਗ ਜਾਵੇ, ਉਹ ਭੀ ਪਾਰਸ ਬਣ ਜਾਂਦਾ ਹੈ ਅਤੇ ਉਸ ਨਾਲ ਅਗੇ ਜੋ ਛੋਹ ਜਾਵੇ, ਤਾਂ ਉਹ ਭੀ ਸੋਨਾ ਬਣ ਜਾਂਦਾ ਹੈ।

ਪ੍ਰੰਤੂ ਇਥੇ ਭੀ ਇਕ ਸ਼ਰਤ ਹੈ। ਉਹ ਕਿਹੜੀ ? ਜਿਸ ਤਰਾਂ ਉਸ ਪਾਰਸ ਅਤੇ ਲੋਹੇ ਦੇ ਵਿਚਾਲੇ ਜੇ ਭੰਬੀਰੀ ਦੇ ਫੰਗ ਵਰਗੀ ਭੀ ਪਤਲੀ ਤੋਂ ਪਤਲੀ ਕੋਈ ਚੀਜ਼ ਹੋਵੇ ਤਾਂ ਸੋਨਾ ਨਹੀਂ ਬਣ ਸਕਦਾ। ਇਸੇ ਤਰਾਂ ਚਰਨ ਕਮਲ ਵਾਲੇ ਪਾਰਸ ਨਾਲ ਛੋਹਣ ਵਾਲੇ ਜਗਿਆਸੂ ਵਿਚ ਜੇ ਹਉਮੈ ਦੀ ਕੋਈ ਬਰੀਕ ਤੋਂ ਬਰੀਕ ਤੈਹ ਭੀ ਰਹਿ ਜਾਵੇ ਤਾਂ ਉਹ ਜਗਿਆਸੂ ਕੁਝ ਹਾਸਲ ਨਹੀਂ ਕਰ ਸਕਦਾ।

ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ ॥ (ਅੰਗ 425)

ਮਾਛੀ ਮੱਛੀਆਂ ਫੜਨ ਲਈ ਜਾਲ ਵਿਛਾਉਂਦਾ ਹੈ। ਜਿਹੜੀ ਮੱਛੀ ਮਾਛੀ ਦੇ ਪੈਰਾਂ ਕੋਲ ਹੋਵੇ, ਉਹ ਬਚ ਜਾਂਦੀ ਹੈ ਅਤੇ ਜਿਹੜੀ ਦੂਰ ਹੋਵੇ ਉਹ ਫੜੀ ਜਾਂਦੀ ਹੈ। ਇਸੇ ਤਰਾਂ ਪੰਜ ਚੋਰਾਂ ਦੇ ਜਾਲ ਤੋਂ ਬਚਣ ਦਾ ਇਕੋ ਹੀ ਤਰੀਕਾ ਹੈ ਕਿ ਭੱਜ ਕੇ ਗੁਰੂ ਨਾਨਕ ਸਾਹਿਬ ਦੇ ਚਰਨ ਫੜ ਲਵੋ।

ਚਰਨ ਕਮਲ ਮਿਲਦੇ ਕਿਸ ਨੂੰ ਹਨ ? ਇਸ ਬਾਰੇ ਭੀ ਕਬੀਰ ਸਾਹਿਬ ਆਪਣੀ ਬਾਣੀ ਦੁਆਰਾ ਸਪੱਸ਼ਟ ਕਰਦੇ ਹਨ :-

ਕਬ ਲਗੁ ਮਨ ਬੈਕੁੰਠ ਕੀ ਆਸ ॥
ਤਬ ਲਗੁ ਨਾਹੀ ਚਰਨ ਨਿਵਾਸ ॥ (ਅੰਗ 1161)

ਜਦੋਂ ਤਕ ਇਕ ਇਨਸਾਨ ਸਵਰਗਾਂ ਦੀ ਆਸ ਰਖਦਾ ਹੈ, ਉਦੋਂ ਤੱਕ ਉਸਦਾ ਨਿਵਾਸ ਗੁਰੂ ਦੇ ਚਰਨਾਂ ਵਿਚ ਨਹੀਂ ਹੋ ਸਕਦਾ। ਵਾਹ ਕਿੱਡਾ ਪਦਾਰਥ ਹੈ ਇਸ ਤੁਕ ਵਿਚ ? ਅਤੇ ਹੁਣ ਤੁਸੀਂ ਆਪ ਹੀ ਅਨੁਮਾਨ ਲਾਵੋ ਉਹਨਾਂ ਭੁੱਲੜ ਵੀਰਾਂ ਦਾ, ਜੋ ਸਵਰਗਾਂ ਵਿਚ ਵਾਸਾ ਲੈਣ ਲਈ ਖੁਦ ਕਲਗੀਧਰ ਪਾਤਸ਼ਾਹ ਨੂੰ ਪ੍ਰਮੇਸ਼ਰ ਕਹਿਣ ਤੋਂ ਡਰਦੇ ਹਨ। ਕਿੰਨੀ ਤਰਸ ਯੋਗ ਹਾਲਤ ਹੈ ਇਹਨਾਂ ਵੀਰਾਂ ਦੀ ? ਆਪ ਤਾਂ ਢੱਠੇ ਖੂਹ ਵਿਚ

ਡਿੱਗੇ ਹਨ ਅਤੇ ਉਹਨਾਂ ਨੂੰ, ਜੋ ਸਿਖਰ ਉਡਾਰੀਆਂ ਮਾਰ ਰਹੇ ਹਨ, ਆਪਣੇ ਨਾਲ ਹੀ ਢੱਠੇ ਖੂਹ ਵਿਚ ਸੁੱਟਣਾ ਚਾਹੁੰਦੇ ਹਨ। ਵੀਰ, ਕੀ ਲੈਣਾ ਹੈ ਇਹੋ ਜਿਹੇ ਸੁਰਗ ਪਾਸੋਂ ? ਗੁਰੂ ਦੇ ਚਰਨਾਂ ਦੀ ਮੌਜ ਇਹੋ ਜਿਹੇ ਲੱਖਾਂ ਸੁਰਗਾਂ ਨੂੰ ਮਿੱਧ ਕੇ ਮਿਲਦੀ ਹੈ।

ਕਈ ਬੈਕੁੰਠ ਨਾਹੀ ਲਵੈ ਲਾਗੈ ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥
(ਅੰਗ 1078)

# ਨਾਮ

## 1. ਨਾਮ ਕਿਸ ਨੂੰ ਆਖਦੇ ਹਨ ?

ਨਾਮ ਕਿਸ ਨੂੰ ਕਹਿੰਦੇ ਹਨ ?

1. ਕੀ ਕਿਸੇ ਪਾਸੋਂ ਕੰਨ ਵਿਚ ਮੰਤਰ ਲੈਣ ਨੂੰ ਨਾਮ ਕਹਿੰਦੇ ਹਨ ?
2. ਕੀ ਜ਼ਿਆਦਾ ਪਾਠ ਕਰਨ ਨੂੰ ਨਾਮ ਕਹਿੰਦੇ ਹਨ ?
3. ਕੀ ਉਪਦੇਸ਼ ਕਰਨ ਨੂੰ ਨਾਮ ਕਹਿੰਦੇ ਹਨ ?

ਨਾਮ ਦੀ ਮਹਿਮਾ ਬੜੀ ਅਪਰ ਅਪਾਰ ਹੈ । ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਆਪਾਂ ਨੂੰ ਵਾਰ-ਵਾਰ ਨਾਮ ਦੀ ਮਹਿਮਾ ਅਤੇ ਨਾਮ ਜਪਣ ਵਾਲਿਆਂ ਦੀ ਮਹਿਮਾ ਦਸਦੀ ਹੈ ।

ਚੌਥੇ ਪਾਤਸ਼ਾਹ ਫੁਰਮਾਉਂਦੇ ਹਨ :-

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥
(ਅੰਗ 726)

(ਜਿਹੜੇ ਗੁਰਮੁਖ ਨਾਮ ਨੂੰ ਧਿਆਉਂਦੇ ਹਨ, ਹੇ ਪ੍ਰਭੂ, ਸਾਨੂੰ ਉਹਨਾਂ ਦਾ ਦਰਸ਼ਨ ਕਰਵਾਓ । ਅਸੀਂ ਉਹਨਾਂ ਗੁਰਮੁਖਾਂ ਦੇ ਚਰਨ ਧੋਵਾਂਗੇ ਅਤੇ ਉਹਨਾਂ ਦੀ ਚਰਨ ਧੂੜ ਘੋਲ-ਘੋਲ ਕੀ ਪੀਵਾਂਗੇ ।

ਨਾਮ ਜਪਣ ਵਾਲਿਆਂ ਦੀ ਮਹਿਮਾ ਇਤਨੀ ਅਪਰ ਅਪਾਰ ਪੜ੍ਹ ਕੇ ਅਜ ਦੇ ਜ਼ਮਾਨੇ ਵਿਚ ਕਈ ਅਸਾਧੂ ਸਾਧ ਬਣੇ ਫਿਰਦੇ ਹਨ, ਕਈ ਅਸੰਤ ਸੰਤ ਦੇ ਨਾਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਈ ਲੁਟੇਰੇ ਕੁਝ ਮਾਇਆ ਦੇ ਵੱਟੇ ਆਪਣੇ ਭੋਲੇ ਸੇਵਕਾਂ ਨੂੰ ਨਾਮ ਦੀ ਦਾਤ ਦੇ ਰਹੇ ਹਨ।

ਬਾਬਾ ਈਸ਼ਰ ਸਿੰਘ ਜੀ ਮਹਾਰਾਜ ਫੁਰਮਾਉਂਦੇ ਸਨ :-

"ਨਾਮ ਪੈਸੇ ਨਾਲ, ਸੋਨੇ ਨਾਲ, ਹੀਰਿਆਂ ਨਾਲ ਨਹੀਂ ਮਿਲ ਸਕਦਾ। ਜੇ ਇਹਨਾਂ ਚੀਜ਼ਾਂ ਨਾਲ ਨਾਮ ਮਿਲ ਸਕਦਾ ਹੁੰਦਾ ਤਾਂ ਅਜ ਰਾਜੇ, ਮਹਾਰਾਜੇ, ਅਮੀਰ ਸਾਰੇ ਨਾਮ ਨੂੰ ਖਰੀਦ ਲੈਂਦੇ।"

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਬਿਨਵੰਤਿ ਨਾਨਕ ਧੂਰਿ ਸਾਧੂ ਨਾਮ ਪ੍ਰਭੂ ਅਮੋਲਈ ॥

(ਅੰਗ 691)

ਦੋ ਵਸਤੂਆਂ ਬਹੁਮੁੱਲੀਆਂ ਹਨ। ਕਿਹੜੀਆਂ ?

ਸਾਧੂ ਦੀ ਚਰਨ ਧੂੜ
ਅਤੇ ਪ੍ਰਭੂ ਦਾ ਨਾਮ

ਫਿਰ ਨਾਮ ਕੀ ਹੈ ?

ਕਿਸੇ ਦੇ ਕੰਨ ਵਿਚ ਕੋਈ "ਨਾਮ ਦਾ ਵੰਡਣ ਵਾਲਾ" ਕੋਈ ਮੰਤਰ ਫੂਕ ਮਾਰ ਦਿੰਦਾ ਹੈ ਅਤੇ ਉਹ ਜਗਿਆਸੂ ਕੁਝ ਮਾਇਆ ਦੇ ਵੱਟੇ ਕੰਨ ਵਿਚ ਮੰਤਰ ਲੈ ਕੇ ਬਾਹਰ ਆ ਕੇ ਹੋਕੇ ਦਿੰਦਾ ਹੈ ਕਿ ਉਸ ਨੂੰ ਨਾਮ ਮਿਲ ਗਿਆ ਹੈ।

ਇਹ ਰੀਤੀ ਅਜ ਕਲ ਕਈ ਸਾਧ ਸੰਤ ਚਲਾ ਰਹੇ ਹਨ। ਬੜਾ ਸਸਤਾ ਨਾਮ ਦੇ ਰਹੇ ਹਨ। ਉਹਨਾਂ ਦਾ ਉਪਦੇਸ਼ ਹੈ :-

ਕੌਨਾ ਵਾਟੀ ਕੁਰ
ਤੂੰ ਮੇਰਾ ਚੇਲਾ ਮੈਂ ਤੇਰਾ ਗੁਰ
ਰਖਦੇ ਸਵਾ ਰੁਪਿਆ ॥

ਕੀ ਇਸ ਨੂੰ ਨਾਮ ਕਹਿੰਦੇ ਹਨ ? ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ ਕਿ ਨਾਮ ਬਹੁਮੁੱਲਾ ਹੈ ਅਤੇ ਇਥੇ ਵਿਕ ਰਿਹਾ ਹੈ ਸਵਾ ਰੁਪੇ ਨੂੰ ।

ਸਾਧੂ ਦੀ ਧੂੜ ਬਹੁਮੁੱਲੀ ਹੈ
ਪ੍ਰਭੂ ਦਾ ਨਾਮ ਬਹੁਮੁੱਲਾ ਹੈ ।

ਪ੍ਰੰਤੂ ਇਥੇ ਦੋਵੇਂ ਚੀਜ਼ਾਂ ਹੀ ਸਸਤੀਆਂ ਮਿਲ ਰਹੀਆਂ ਹਨ । ਇਸੇ ਪਿਛੇ ਤਾਂ ਬਾਬਾ ਜੀ ਫੁਰਮਾਉਂਦੇ ਸਨ ਕਿ ਪਰਖ ਕਰ ਲਵੋ । ਕਿ ਸੰਤ ਹੈ ਕਿਤੇ ਅਸੰਤ ਤਾਂ ਨਹੀਂ ।

ਕਦੀ ਕੌਡੀਆਂ ਦਾ ਵਪਾਰ ਕਰਨ ਵਾਲਾ ਹੀਰਿਆਂ ਦੇ ਵਪਾਰ ਬਾਰੇ ਸੋਚ ਭੀ ਸਕਦਾ ਹੈ ।

ਗੁਰੂ ਸਾਹਿਬ ਫੁਰਮਾਉਂਦੇ ਹਨ :-

ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਣਾਏ ॥ ਬਿਰਥੀ ਭਗਤਿ ਸਭੁ ਜਨਮੁ
ਗਵਾਏ ॥ (ਅੰਗ 1278)

(ਸਾਰੇ ਹਉਮੈ ਵਿਚ ਨਾਮ ਜਪਦੇ ਹਨ । ਉਹਨਾਂ ਦਾ ਮਨ ਨਹੀਂ ਕਾਬੂ ਹੁੰਦਾ ਅਤੇ ਨਾ ਕੋਈ ਉਹਨਾਂ ਨੂੰ ਸੁਖ ਹੁੰਦਾ ਹੈ । ਆਪਣਾ ਆਪ ਜਣਾਉਂਦੇ ਰਹਿੰਦੇ ਹਨ । ਉਹਨਾਂ ਦੀ ਸਾਰੀ ਭਗਤੀ ਅਤੇ ਜਨਮ ਬਿਰਥਾ ਹੀ ਜਾਂਦਾ ਹੈ)

ਰਵਿਦਾਸ ਭਗਤ ਜੀ ਫੁਰਮਾਉਂਦੇ ਹਨ :-

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈ ਨਾਹੀ ॥ (ਅੰਗ 657)
ਜਦ ਤਕ ਮੈਂ ਸੀ, ਉਦੋਂ ਤੂੰ ਨਹੀਂ ਸੀ।
ਜਦ ਤੂੰ ਆ ਗਿਆ, ਤਾਂ ਮੈਂ ਨਹੀਂ ਰਹੀ।

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
(ਅੰਗ 590)

ਹਉਮੈ ਕੀ ਹੈ ? ਹਾਂ ਮੈਂ
ਨਾਮੈ ਕੀ ਹੈ ? ਨਾ ਮੈਂ

## ਸੋ ਹਉਮੈ ਦਾ ਮਾਰ ਮੁਕਾਉਣਾ ਹੀ ਨਾਮ ਹੈ।

ਇਹ ਦੋ ਉਲਟ [ਵਿਰੋਧੀ] ਚੀਜ਼ਾਂ ਹਨ। ਨਾਮ ਕਦੋਂ ਅੰਦਰ ਵਸੇਗਾ ? ਜਦੋਂ ਹਉਮੈ ਨਿਕਲ ਗਈ।

ਹੋਰ ਨਾਮ ਇਸ ਨੂੰ ਨਹੀਂ ਕਹਿੰਦੇ, ਜੇ ਕੰਨ ਵਿਚ ਕਿਸੇ ਨੇ ਫੂਕ ਮਾਰ ਦਿਤੀ, ਜੇ ਸਾਰਾ ਦਿਨ ਮਾਲਾ ਫੇਰਦਾ ਰਹੇ, ਜੇ ਸਾਰੀ ਉਮਰ ਭਗਤੀ ਵਿਚ ਲਾ ਦੇਵੇ, ਜੇ ਸਾਰਾ ਜਨਮ ਉਪਦੇਸ਼ ਕਰਨ ਨੂੰ ਹੀ ਲਾ ਦੇਵੇ। ਕਿਉਂਕਿ ਹਉਮੈ ਵਿਚ ਭਗਤੀ ਕਰਨ ਵਾਲੇ ਵਾਸਤੇ ਤਾਂ ਗੁਰੂ ਸਾਹਿਬ ਫੁਰਮਾਉਂਦੇ ਹਨ :-

ਬਿਰਥੀ ਭਗਤਿ ਸਭੁ ਜਨਮੁ ਗਵਾਏ ॥

ਅਤੇ ਜਿਸ ਨੇ ਹਉਮੈ ਮਾਰ ਦਿੱਤੀ, ਉਸ ਨੇ ਨਾਮ ਲੈ ਲਿਆ। ਉਹ ਨਾਮ ਲੈਂਦੇ ਨਹੀਂ। ਉਹਨਾਂ ਦੇ ਹਿਰਦੇ ਵਿਚ ਨਾਮ ਵਿੰਨਿਆ ਜਾਂਦਾ ਹੈ, ਉਨ੍ਹਾਂ ਦਾ ਰੋਮ-ਰੋਮ ਨਾਮ ਨਾਲ ਸੀਤਾ ਹੁੰਦਾ ਹੈ ਅਤੇ ਫਿਰ ਦਰਜਾ ਕੀ ਮਿਲਦਾ ਹੈ ?

ਹਉ ਹਉ ਮੈਂ ਮੈਂ ਵਿਚਹੁ ਖੋਵੈ ॥
ਦੂਜਾ ਮੇਟੈ ਏਕੋ ਹੋਵੈ ॥ (ਅੰਗ 943)

ਉਹ ਫਿਰ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ ।

ਭਗਤ ਕਬੀਰ ਜੀ ਫੁਰਮਾਉਂਦੇ ਹਨ :-

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰਕਾ ਮਿਟਿ ਗਇਆ ਜਤ ਦੇਖਉ ਤਤ ਤੂ ॥
(ਅੰਗ 1375)

ਵੀਰ, ਫਿਰ ਨਾਮ ਮਿਲਦਾ ਹੈ ਇਹੋ ਜਿਹੇ ਨਾਮ ਰੱਤੇ ਪਾਸੋਂ । ਇਹੋ ਜਿਹੇ ਨਾਮ ਰੱਤਿਆਂ ਦੀ ਚਰਨ ਧੂੜ ਮੰਗਦੇ ਹਨ ਗੁਰੂ ਸਾਹਿਬ ।

ਤਿਨ ਕੀ ਧੂਰਿ ਨਾਨਕ ਦਾਸ ਬਾਂਛੈ ਜਿਨ ਹਰਿ ਨਾਮੁ ਰਿਦੈ ਪਰੋਈ ।
(ਅੰਗ 618)

ਇਸੇ ਲਈ ਤਾਂ ਗੁਰੂ ਸਾਹਿਬ ਫੁਰਮਾਉਂਦੇ ਹਨ :-
ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
(ਅੰਗ 82)

ਪੂਰਨ ਸੰਤ ਦੀ ਲੋੜ ਪੈਂਦੀ ਹੈ ਨਾਮ ਲੈਣ ਵਾਸਤੇ। ਕਿਉਂ ? ਕਿਉਂਕਿ ਪੂਰਨ ਸੰਤ ਤੋਂ ਬਗੈਰ ਹਉਮੈ ਤੋਂ ਕੋਈ ਛੁਟਕਾਰਾ ਨਹੀਂ ਕਰਾ ਸਕਦਾ ।

ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤ ਸੰਗੈ ॥ (ਅੰਗ 1098)

ਹੁਣ ਸਮਝ ਆ ਗਈ ਗੁਰਬਾਣੀ ਦੀ :

"ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ।"

ਬਾਬਾ ਜੀ ਫੁਰਮਾਉਂਦੇ ਸਨ :-

"ਜੇ ਕੋਈ ਬਰਤਨ ਰੇਤੇ ਨਾਲ ਭਰਿਆ ਪਿਆ ਹੈ ਤਾਂ ਉਸ ਵਿਚ ਖੰਡ ਨਹੀਂ ਪੈ ਸਕਦੀ। ਪਹਿਲਾਂ ਰੇਤਾ ਕੱਢਾਂਗੇ, ਫਿਰ ਚੰਗੀ ਤਰ੍ਹਾਂ ਉਸ ਬਰਤਨ ਦੀ ਸਫਾਈ ਕਰਾਂਗੇ, ਫਿਰ ਖੰਡ ਪਾ ਸਕਾਂਗੇ।"

ਸੋ ਵੀਰ, ਨਾਮ ਰੂਪੀ ਖੰਡ ਲੈਣ ਵਾਸਤੇ, ਇਸ ਮਨ ਰੂਪੀ ਭਾਂਡੇ ਵਿਚੋਂ ਹਉਮੈ ਦਾ ਰੇਤਾ ਕੱਢ ਕੇ ਵਾਰ-2 ਸਫਾਈ ਕਰਨੀ ਹੀ ਪਵੇਗੀ।

ਕੌਣ ਕੱਢ ਸਕਦਾ ਹੈ ਹਉਮੈ ਰੂਪੀ ਰੇਤੇ ਨੂੰ ? ਆਪਣੇ ਆਪ ਤਾਂ ਨਿਕਲ ਨਹੀਂ ਸਕਦਾ। ਚੌਥੇ ਪਾਤਸ਼ਾਹ ਰਸਤਾ ਦਿੰਦੇ ਹਨ :-

ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥ (ਅੰਗ 1264)

(ਹੇ ਭਾਈ, ਜਿਵੇਂ ਹੰਸ ਪਾਣੀ ਤੇ ਦੁੱਧ ਨੂੰ ਚੁਣ ਕੇ ਵੱਖ ਵੱਖ ਕਰ ਦਿੰਦਾ ਹੈ, ਤਿਵੇਂ ਇਕ ਸਾਧੂ, ਮਨੁੱਖ ਦੇ ਸਰੀਰ ਵਿਚੋਂ ਹਉਮੈ ਨੂੰ ਚੁਣ ਕੇ ਬਾਹਰ ਕੱਢ ਦਿੰਦਾ ਹੈ)

## 2. ਨਾਮ ਦੀ ਲੋੜ :

ਗੁਰੂ ਸਾਹਿਬ ਦੀ ਬਾਣੀ ਵੀਚਾਰ ਕੇ ਦੇਖੀਏ ਤਾਂ ਸੋਝੀ ਪੈਂਦੀ ਹੈ ਕਿ ਆਤਮਾ ਮਨੁੱਖ ਜੂਨੀ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਲੱਖਾਂ ਜਨਮ ਵੱਖ ਵੱਖ ਜੂਨੀਆਂ ਵਿਚ ਘੁੰਮਦਾ ਰਹਿੰਦਾ ਹੈ ਅਤੇ 84 ਲੱਖ ਜੂਨਾਂ ਵਿਚ ਘੁੰਮ ਘੁਮਾ ਕੇ ਇਸ ਨੂੰ ਮਨੁਸ਼ ਜੂਨੀ ਮਿਲਦੀ ਹੈ।

ਪੰਜਵੇਂ ਪਾਤਸ਼ਾਹ ਕਿੰਨੀ ਸੋਹਣੀ ਤਰ੍ਹਾਂ ਆਪਾਂ ਨੂੰ ਸਮਝਾਉਂਦੇ ਹਨ :-

ਕੋਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥

[ਕਈ ਜਨਮ ਕੀੜਿਆਂ ਅਤੇ ਪਤੰਗਿਆਂ ਦੀ ਜੂਨੀ ਮਿਲੀ, ਕਈ ਜਨਮ ਹਾਥੀ, ਮੱਛੀ, ਹਿਰਨ ਦੀ ਜੂਨ ਵਿਚ ਪਿਆ]

ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥

[ਕਈ ਜਨਮਾਂ ਵਿਚ ਪੰਛੀ ਤੇ ਸੱਪ ਬਣਿਆ। ਕਈ ਜਨਮ ਘੋੜੇ ਤੇ ਬਲਦ ਬਣਿਆ ਅਤੇ ਗੱਡਿਆਂ ਆਦਿ ਨਾਲ ਜੋੜਿਆ ਗਿਆ]

ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥

[ਕਈ ਜਨਮ ਪੱਥਰ ਬਣਿਆ ਅਤੇ ਕਈ ਜਨਮ ਗਰਭ ਦੇ ਵਿਚੋਂ ਜਨਮ ਲੈਣ ਤੋਂ ਪਹਿਲਾਂ ਹੀ ਡਿੱਗ ਪਿਆ]

ਕਈ ਜਨਮ ਸਾਖ ਕਰ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥

[ਕਈ ਜਨਮ ਤੂੰ ਦਰੱਖਤ ਬਣਿਆ ਅਤੇ 84 ਲੱਖ ਜੂਨਾਂ ਵਿਚ ਭ੍ਰਮਦਾ ਫਿਰਦਾ ਰਿਹਾ]

ਅਤੇ ਨਿਚੋੜ ਕੀ ਕਢਦੇ ਹਨ ?

ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ (ਅੰਗ 176)

[ਤੈਨੂੰ ਇਤਨੀ ਦੇਰ ਬਾਦ ਮਨੁਸ਼ਾ ਜਨਮ ਮਿਲਿਆ ਹੈ। ਇਹ ਮਨੁਸ਼ਾ ਜਨਮ ਪ੍ਰਭੂ ਨੂੰ ਮਿਲਣ ਦਾ ਸਮਾਂ ਹੈ]

ਭਾਈ ਪਰਾਪਤਿ ਮਾਨੁਖ ਦੇਹੁਰੀਆ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (ਅੰਗ 12)

ਸੋ 84 ਲੱਖ ਜੂਨਾਂ ਦਾ ਗੇੜਾ ਕਢਦੇ ਕਢਦੇ ਇਹ ਆਤਮਾ ਮਨੁਸ਼ਾ ਜੂਨ ਵਿਚ ਪ੍ਰਵੇਸ਼ ਕਰਦਾ ਹੈ ਅਤੇ ਹੁਣ ਉਸ ਪ੍ਰਭੂ ਨੂੰ ਮਿਲਣ ਲਈ, ਜਿਸ ਤੋਂ ਇਹ ਵਿਛੜਿਆ ਹੈ, ਸੁਨਹਿਰੀ ਮੌਕਾ ਇਸ ਨੂੰ ਮਿਲਦਾ ਹੈ।

ਸੁਨਹਿਰੀ ਮੌਕਾ ਕਿਉਂ ਕਿਹਾ ਹੈ ? ਸਵਾਏ ਮਨੁਸ਼ਾ ਜੂਨ ਤੋਂ ਹੋਰ ਕੋਈ ਭੀ ਜੂਨ ਨਾਮ ਨਹੀਂ ਜਪ ਸਕਦੀ, ਸੇਵਾ ਨਹੀਂ ਕਰ ਸਕਦੀ ਅਤੇ ਮਨੁਸ਼ ਜਿਤਨਾ ਦਿਮਾਗ ਨਹੀਂ ਰਖਦੀ। ਤਾਹੀਂ ਤਾਂ ਗੁਰੂ ਸਾਹਿਬ ਫੁਰਮਾਉਂਦੇ ਹਨ :-

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
(ਅੰਗ 374)

ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥
(ਅੰਗ 1075)

(84 ਲੱਖ ਜੂਨ ਵਿਚ ਮਨੁਸ਼ ਨੂੰ ਵਡਿਆਈ ਦਿਤੀ ਹੈ ਅਤੇ ਮਨੁਸ਼ ਜਨਮ ਪਾ ਕੇ ਜੇ ਫਿਰ ਭੀ ਦਿਮਾਗ ਨਹੀਂ ਵਰਤਿਆ, ਨਾਮ ਨਹੀਂ ਜਪਿਆ ਤਾਂ ਫਿਰ 84 ਲੱਖ ਜੂਨ ਵਿਚ ਸੁਟਿਆ ਜਾਂਦਾ ਹੈ ਅਤੇ ਦੁਖ ਪਾਉਂਦਾ ਹੈ)

ਸੋ ਇਸ ਲਈ ਇਸ ਮਨੁਸ਼ਾ ਜਨਮ ਨੂੰ ਸੁਨਿਹਰੀ ਮੌਕਾ ਕਿਹਾ ਹੈ ਪ੍ਰਭੂ ਨੂੰ ਮਿਲਣ ਵਾਸਤੇ ਪ੍ਰੰਤੂ ਆਪਣੇ ਸਾਹਮਣੇ ਮਾਇਆ ਦਾ ਜਾਲ ਭੀ ਵਿਛਿਆ ਪਿਆ ਹੈ। ਆਪਣੇ ਨਿਸ਼ਾਨੇ ਤੋਂ ਆਸੇ ਪਾਸੇ ਹੋ ਕੇ ਉਸ ਜਾਲ ਵਿਚ ਮੱਲੋ ਮੱਲੀ ਫਸ ਜਾਂਦੇ ਹਾਂ। ਸਰੀਰ ਤਾਂ ਇਕ ਮਿੱਟੀ ਦੀ ਮੁੱਠੀ ਹੈ

ਪ੍ਰਤੂ ਇਸ ਮਿੱਟੀ ਦੀ ਮੁੱਠੀ ਤੇ ਆਪਾਂ ਕਿੰਨਾ ਹੰਕਾਰ ਕਰ ਲੈਂਦੇ ਹਾਂ ਅਤੇ ਆਪਣੇ ਅਸਲ ਨਿਸ਼ਾਨੇ ਨੂੰ ਭੁੱਲ ਜਾਂਦੇ ਹਾਂ। ਆਪਾਂ ਕੀ ਲੈਣ ਆਏ ਸਾਂ ? ਅਤੇ ਕਿਧਰ ਲੱਗ ਗਏ ਹਾਂ ?

ਹਾਂ ਜੀ, ਜਦੋਂ ਮਾਤਾ ਦੇ ਗਰਭ ਵਿਚ ਸਾਂ, ਉਸ ਵੇਲੇ ਕੀ ਕੌਲ ਇਕਰਾਰ ਕੀਤੇ ਸਨ ? ਕਿੰਨੀ ਛੇਤੀ ਆਪਾਂ ਉਸ ਦਿਨ ਨੂੰ ਭੁੱਲ ਗਏ ਹਾਂ ? ਜਦੋਂ ਬੱਚਾ ਪੇਟ ਵਿਚ ਹੁੰਦਾ ਹੈ ਤਾਂ ਸਿਰ ਹੇਠਾਂ ਹੁੰਦਾ ਹੈ, ਲੱਤਾਂ ਉਤੇ। ਗੰਦਗੀ ਮੂੰਹ ਵਿਚੋਂ ਨਿਕਲਦੀ ਹੈ। ਗਰਭ ਦੀ ਅਗਨ ਦੇ ਸੇਕ ਝਲਦਾ ਹੈ। ਆਪਣੇ ਪਾਸੋਂ ਪੰਜ ਮਿੰਟ ਸਿਰ ਹੇਠਾਂ ਕਰਕੇ ਖੜ ਨਹੀਂ ਹੁੰਦਾ ਪ੍ਰਤੂ ਬੱਚਾ ਇਸ ਹਾਲਤ ਵਿਚ ਨੌਂ ਮਹੀਨੇ ਅਡੋਲ ਤਪੱਸਿਆ ਕਰਦਾ ਹੈ। ਬੱਚਾ ਅਰਦਾਸਾਂ ਕਰਦਾ ਹੈ ਕਿ "ਹੇ ਸੱਚੇ ਪਾਤਸ਼ਾਹ ਮੇਰਾ ਛੁਟਕਾਰਾ ਕਰੋ। ਮੈਂ ਤੁਹਾਨੂੰ ਕਦੀ ਨਹੀਂ ਭੁਲਾਂਗਾ।" ਗ੍ਰੰਥਾਕਾਰ ਲਿਖਦੇ ਹਨ ਕਿ ਉਸ ਵਕਤ ਬੱਚੇ ਨੂੰ ਪਿਛਲੇ 100 ਜਨਮ ਦਾ ਪਤਾ ਹੁੰਦਾ ਹੈ।

ਅਤੇ ਬਾਹਰ ਆ ਕੇ ਉਹੀ ਬੱਚਾ ਜਦ ਵੱਡਾ ਹੁੰਦਾ ਹੈ ਤਾਂ ਮਾਇਆ ਦੇ ਛਲ ਵਿਚ ਫਸ ਕੇ ਆਪਣੀ ਉਸ ਹਾਲਤ ਨੂੰ ਭੁੱਲ ਜਾਂਦਾ ਹੈ। ਆਪਣੇ ਕੀਤੇ ਕੌਲ ਇਕਰਾਰਾਂ ਨੂੰ ਭੁੱਲ ਜਾਂਦਾ ਹੈ।

ਸੱਚੇ ਪਾਤਸ਼ਾਹ ਪ੍ਰਾਣੀ ਨੂੰ ਫਿਰ ਯਾਦ ਕਰਾਉਂਦੇ ਹਨ :-

ਰੇ ਮੂੜੇ ਤੂੰ ਕਿਉ ਸਿਮਰਤ ਅਬ ਨਾਹੀ ॥ ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਣ ਗਾਹੀ ॥ (ਅੰਗ 1207)

(ਹੇ ਮੂਰਖ ਤੂੰ ਹੁਣ ਪ੍ਰਭੂ ਦਾ ਨਾਮ ਕਿਉਂ ਨਹੀਂ ਸਿਮਰਦਾ ? ਮਾਤਾ ਦੇ ਗਰਭ ਵਿਚ ਘੋਰ ਨਰਕ ਵਿਚ ਪਿਆ ਪੁੱਠਾ ਲਮਕ ਕੇ ਪ੍ਰਮਾਤਮਾ ਦੇ ਗੁਣ ਸਵਾਸ 2 ਗਾਉਂਦਾ ਸੀ)

ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥
ਜਬ ਦਸ ਮਾਸ ਉਰਧ ਮੁਖ ਰਹਤਾ ਸੇ ਦਿਨੁ ਕੈਸੇ ਭੂਲਿਆ ॥
(ਅੰਗ 654)

(ਹੇ ਭਾਈ, ਤੂੰ ਕਿਉਂ ਆਕੜ-2 ਤੁਰਦਾ ਹੈਂ ? ਜਦੋਂ ਦਸ ਮਹੀਨੇ ਪੁੱਠਾ ਲਮਕਦਾ ਰਿਹਾ, ਉਹ ਦਿਨ ਕਿਵੇਂ ਭੁਲ ਗਿਆ ?

ਸੋ ਵੀਰ, ਜਿਹੜਾ ਬਚਨ ਕਰ ਕੇ ਮੁੱਕਰ ਜਾਵੇ, ਉਸ ਨੂੰ ਕੱਚਾ ਕਹਿੰਦੇ ਹਨ।

ਬਚਨ ਕਰੇ ਤੇ ਖਿਸਕ ਜਾਇ ਬੋਲੇ ਸਭ ਕਚਾ ॥ (ਅੰਗ 1099)
ਜੋ ਹੁਕਮ ਨ ਬੂਝੈ ਖਸਮ ਕਾ ਸੋਈ ਨਰ ਕਚਾ ॥ (ਅੰਗ 1094)

ਉਹ ਤਾਂ ਬੇ ਇਤਬਾਰਾ ਬਣ ਜਾਂਦਾ ਹੈ। ਜਿਹੜਾ ਫਿਰ ਉਸ ਦੀ ਸਿਫਾਰਸ਼ ਕਰਦਾ ਹੈ ਉਸ ਨੂੰ ਵੀ ਸਜ਼ਾ ਭੁਗਤਣੀ ਪੈਂਦੀ ਹੈ। ਉਹ ਰੱਬ ਦੇ ਕੀਤੇ ਨੂੰ ਨਹੀਂ ਜਾਣਦਾ।

ਮੈਂ ਕੀਤਾ ਨ ਜਾਤਾ ਹਰਾਮ ਖੋਰੁ ॥ ਹਉ ਕਿਆ ਮੁਹੁ ਦੇਸਾਂ ਦੁਸਟੁ ਚੋਰੁ ॥ (ਅੰਗ 24)

ਅਤੇ ਜਿਹੜਾ ਚੋਰ ਹੈ, ਉਸ ਦੀ ਸਿਫਾਰਸ਼ ਕੋਈ ਨਹੀਂ ਕਰਦਾ ਅਤੇ ਜਿਹੜਾ ਰੱਬ ਦਾ ਚੋਰ ਹੈ ਫਿਰ ਉਸਦੀ ਸਿਫਾਰਸ਼ ਕਿਸਨੇ ਕਰਨੀ ਹੈ ?

ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥
(ਅੰਗ 662)

ਚੋਰ ਕੀ ਮੂੰਹ ਲੈ ਕੇ ਜਾਵੇਗਾ ਦਰਗਾਹ ਵਿਚ ? ਜੋ ਵਾਹਦਾ ਕੀਤਾ ਸੀ, ਉਹ ਪੂਰਾ ਨਹੀਂ ਕੀਤਾ। ਫਿਰ ਕੁੱਟ ਮਾਰ ਹੁੰਦੀ ਹੈ। ਕਿਸੇ ਪਾਸੇ ਤੋਂ ਸਹਾਇਤਾ ਨਹੀਂ ਮਿਲ ਸਕਦੀ। ਵਿਸ਼ਵਾਸ਼ ਘਾਤੀ ਬਣ ਜਾਂਦਾ ਹੈ।

ਫਿਰ ਕਿਸ ਚੀਜ਼ ਦਾ ਮਾਨ ਕਰਦਾ ਹੈ ਇਹ ਇਨਸਾਨ ? ਇਹ ਮੇਰੀ ਕੋਠੀ ਹੈ, ਇਹ ਮੇਰੀ ਜ਼ਮੀਨ ਹੈ, ਇਹ ਮੇਰੀ ਦੁਕਾਨ ਹੈ, ਇਹ ਮੇਰੀ ਫੈਕਟਰੀ ਹੈ ਆਦਿ ਪ੍ਰੰਤੂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਮੂਰਖ ਤੇਰਾ ਤਾਂ ਕੁਝ ਭੀ ਨਹੀਂ ਹੈ। ਇਹ ਜੋ ਮੇਰੀ-2 ਕਰਦਾ ਹੈਂ, ਜ਼ਰਾ ਸੋਚ ਕੇ ਦੇਖ ਕਿ ਕਿਸ ਦੀ ਹੈ ? ਇਹ ਤਾਂ ਸਭ ਕੁਝ ਤੇਰੇ ਧੀਆਂ ਪੁੱਤਾਂ ਨੇ ਲੈ ਜਾਣਾ ਹੈ। ਆਪਾਂ ਤਾਂ ਇਸ ਸੰਸਾਰ ਵਿਚ ਮਹਿਮਾਨ (ਪ੍ਰਾਹੁਣੇ) ਆਏ ਹੋਏ ਹਾਂ। ਕੋਈ ਵੱਧ ਖਾ ਲੈਂਦਾ ਹੈ, ਕੋਈ ਘੱਟ। ਗੁਰੂ ਸਾਹਿਬ ਨੇ ਔਸਤ ਤਿੰਨ ਸੇਰ (ਕੱਚੀ) ਖੁਰਾਕ ਕੱਢੀ ਹੈ ਹਰੇਕ ਇਨਸਾਨ ਦੀ। ਆਪਣੀ ਸੁਭਾ ਸ਼ਾਮ ਖੁਰਾਕ ਹੀ ਹੈ। ਬਾਕੀ ਸਭ ਅਮਾਨਤ ਹੈ।

ਤੀਨ ਸੇਰ ਕਾ ਦਿਹਾੜੀ ਮਿਹਮਾਨ ॥
ਅਵਰ ਵਸਤੁ ਤੁਝ ਪਹਿ ਅਮਾਨ ॥ (ਅੰਗ 374)

ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥
ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥
(ਅੰਗ 479)

ਪ੍ਰੰਤੂ ਆਪਾਂ ਕੀ ਸਮਝਦੇ ਹਾਂ ? ਇਸ ਦੇ ਐਨ ਉਲਟ। ਇਹ ਝੂਠੀਆਂ ਚੀਜ਼ਾਂ ਨੂੰ ਆਪਣੀਆਂ ਸਮਝਦੇ ਹਾਂ ਪ੍ਰੰਤੂ ਰਾਮ ਨੂੰ ਪਰਾਇਆ ਸਮਝਦੇ ਹਾਂ।

ਮਾਇਆ ਮੋਹ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ (ਅੰਗ 1342)

(ਮਾਇਆ ਦੇ ਮੋਹ ਨੇ ਸਾਰੇ ਸੰਸਾਰ ਨੂੰ ਵਸ ਵਿਚ ਕੀਤਾ ਹੈ। ਕਦੇ ਤਾਂ ਇਸਤਰੀ ਨੂੰ ਦੇਖ ਕੇ ਕਾਮ ਵਾਸ਼ਨਾ ਵਿਚ ਫਸ ਜਾਂਦਾ ਹੈ। ਕਦੇ ਪੁੱਤਰਾਂ ਤੇ

ਸੋਨੇ ਨਾਲ ਪਿਆਰ ਵਧਾ ਰਿਹਾ ਹੈ। ਸਾਰੀਆਂ ਚੀਜ਼ਾਂ ਨੂੰ ਆਪਣੀਆਂ ਸਮਝਦਾ ਹੈ ਪ੍ਰੰਤੂ ਇਕ ਰਾਮ ਨੂੰ ਹੀ ਪਰਾਇਆ ਸਮਝਦਾ ਹੈ)

ਪ੍ਰੰਤੂ ਸਹਾਈ ਤਾਂ ਰਾਮ ਨੇ ਹੀ ਹੋਣਾ ਹੈ। ਮਾਤਾ, ਪਿਤਾ, ਪੁੱਤਰ, ਇਸਤਰੀ, ਸਬੰਧੀ ਸਭ ਝੂਠਾ ਪਿਆਰ ਕਰਦੇ ਹਨ। ਸੋ ਇਨਸਾਨ ਨੂੰ ਚਾਹੀਦਾ ਹੈ ਕਿ ਸੰਸਾਰ ਭਵਜਲ ਨੂੰ ਪਾਰ ਕਰਨ ਲਈ ਨਾਮ ਦਾ ਤੁਲਹਾ (ਬੇੜਾ) ਬੰਨ੍ਹ ਲਵੇ, ਕਿਉਂਕਿ ਪਤਾ ਨਹੀਂ ਕਿਹੜੇ ਵੇਲੇ ਸਵਾਸ ਖਤਮ ਹੋ ਜਾਣੇ ਹਨ। ਫਿਰ ਕੁਝ ਨਹੀਂ ਬਣਦਾ। ਜਦੋਂ ਤਕ ਸਵਾਸ ਹਨ, ਉਦੋਂ ਤਕ ਹੀ ਆਪਾਂ ਦਿਮਾਗ ਤੋਂ ਕੰਮ ਲੈ ਸਕਦੇ ਹਾਂ।

ਹਰਿ ਬਿਨੁ ਕਉਨੁ ਸਹਾਈ ਮਨ ਕਾ ॥
ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥
ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥
ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥
(ਅੰਗ 1253)

ਇਸ ਸਰੀਰ ਰੂਪੀ ਭਾਂਡੇ ਦਾ ਕੀ ਵਿਸਾਹ ਹੈ। ਮਾੜੀ ਜਹੀ ਠੋਕਰ ਲਗੀ ਨਹੀਂ ਤੇ ਇਹ ਟੁਟਿਆ ਨਹੀਂ।

ਹਾਂ ਜੀ ਫਿਰ ਕੀ ਉਪਦੇਸ਼ ਦਿੰਦੇ ਹਨ ਗੁਰੂ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੇ ਸੰਤ ? ਮਾਇਆ ਦੇ ਜਾਲ ਵਿਚ ਸੁੱਤੇ ਇਨਸਾਨ ਨੂੰ ਜਗਾ ਕੇ ਉਪਦੇਸ਼ ਕਰਦੇ ਹਨ ਕਿ ਨਾਮ ਜੱਪ।

ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ ॥
ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ ॥
ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥

ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥
ਨਾਨਕ ਹਰਿਗੁਨ ਗਾਇ ਲੈ ਸਭ ਸੁਫਨ ਸਮਾਨਉ ॥
(ਅੰਗ 726)

ਕਿਵੇਂ ਮੋੜਦੇ ਹਨ ਮਾਇਆ ਦੇ ਪਸਾਰ ਤੋਂ !

ਭਾਈ ਰੇ ਇਸੁ ਮਨ ਕਉ ਸਮਝਾਇ ॥
ਏ ਮਨ ਆਲਸੁ ਕਿਆ ਕਰਹਿ ਗੁਰਮੁਖ ਨਾਮੁ ਧਿਆਇ ॥
(ਅੰਗ 28)

[ਹੇ ਭਾਈ ਮਨ ਨੂੰ ਸਮਝਾ, ਆਲਸ ਨਾ ਕਰ]

ਅਤੇ ਜਿਹੜੇ ਕਹਿੰਦੇ ਹਨ ਕਿ ਜੋ ਮਨ ਕਹਿੰਦਾ ਹੈ ਕਰ ਲਵੋ, ਕੌਣ ਹਨ ਉਹ ? ਕਰੋ ਪਛਾਣ। ਉਹ ਹਨ ਕਲਜੁਗ ਦੇ ਏਜੰਟ। ਘਬਰਾਓ ਨਾ। ਕਰਨ ਦੇਵੋ ਉਹਨਾਂ ਨੂੰ ਆਪਣਾ ਕੰਮ। ਉਹਨਾਂ ਦੀ ਭੀ ਕਲਜੁਗ ਨੇ ਡਿਊਟੀ ਲਾਈ ਹੈ।

ਗੁਰੂ ਸਾਹਿਬ ਦੀ ਬਾਣੀ ਤਾਂ ਇਨਸਾਨ ਨੂੰ ਵਾਰ-2 ਸਮਝਾਉਂਦੀ ਹੈ ਕਿ ਮਨ ਮਗਰ ਨਾ ਲਗੋ। ਮਨ ਨੂੰ ਮੋੜੋ, ਮਨ ਨੂੰ ਜਿਤੋ। ਜੇ ਮਨ ਜਿਤ ਲਿਆ ਤਾਂ ਜੱਗ ਜਿਤ ਲਿਆ।

ਮਨ ਜੀਤੈ ਜਗੁ ਜੀਤੁ ॥ (ਜਪੁਜੀ ਸਾਹਿਬ)

ਹਾਂ ਜੀ, ਗੁਰੂ ਸਾਹਿਬ ਸੰਸਾਰ ਚੌਕ ਵਿਚ ਖੜ੍ਹ ਕੇ ਹੀ ਹੋਕਾ ਦਿੰਦੇ ਹਨ :—

ਮਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥
ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥

ਨਾਨਕੁ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥

(ਅੰਗ 50)

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ (ਅੰਗ 43)

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥ (ਅੰਗ 1379)

(ਹੰਢਿ ਕੈ=ਤੁਰ ਫਿਰ ਕੇ ਸੰਮਿ=ਸੌਂ ਕੇ)

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਾਹੀ ਨਾਨਕ ਬਿਨੁ ਭਗਵਾਨ ॥

(ਅੰਗ 1427)

ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥
ਕੇਸ ਜਲੇ ਜੈਸੇ ਘਾਸ ਕਾ ਪੂਲਾ ॥
ਕਹੁ ਕਬੀਰ ਤਬ ਹੀ ਨਰੁ ਜਾਗੈ ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ॥ (ਅੰਗ 870)

ਕੀ ਇਹ ਸਭ ਕੁਝ ਝੂਠ ਹੈ ? ਨਹੀਂ ਵੀਰ ਬਿਲਕੁਲ ਠੀਕ ਹੈ। ਫਿਰ ਕਦੀ ਉਦਾਸੀ ਆਈ ਮਨ ਵਿਚ ?

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥
ਇਹ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥

(ਅੰਗ 1366)

ਹਾਂ ਜੀ, ਸਾਹਿਬਾਂ ਦਾ ਇਹ ਉਪਦੇਸ਼ ਸੁਣ ਕੇ ਫਿਰ ਢਿਲ ਕਿਸ ਚੀਜ਼ ਦੀ ? ਜਿੰਨਾ ਆਪਾਂ ਪਿਛੇ ਰਹਿ ਗਏ ਹਾਂ, ਉਤਨਾ ਹੀ ਤੇਜ਼ ਦੌੜਾਂਗੇ ਤਾਂ ਹੀ ਆਪਣਾ ਪਿਛੜਾ ਪਨ ਦੂਰ ਕਰ ਸਕਦੇ ਹਾਂ। ਤਾਂ ਹੀ ਗੁਰੂ ਸਾਹਿਬ

ਫੁਰਮਾਉਂਦੇ ਹਨ ਕਿ ਉਠ ਜਾਗ, ਢਿੱਲ ਨਾ ਕਰ। ਕਿਉਂ ਢਿੱਲ ਨਾ ਕਰੀਏ ? ਪਤਾ ਨਹੀਂ ਜ਼ਿੰਦਗੀ ਦੋ ਚਾਰ ਦਿਹਾੜੇ ਹੈ ਜਾਂ ਨਹੀਂ। ਦੋ ਚਾਰ ਦਿਹਾੜੇ ? ਨਹੀਂ ਗਲਤੀ ਹੋ ਗਈ। ਪਤਾ ਨਹੀਂ ਜੋ ਸੁਆਸ ਅੰਦਰ ਖਿਚਿਆ ਹੈ ਉਹ ਬਾਹਰ ਭੀ ਜਾਣਾ ਹੈ ਕਿ ਨਹੀਂ। ਹੈਂ ਕੀ ਇਹ ਅਸਲੀਅਤ ਹੈ ? ਜੀ ਠੋਸ ਅਸਲੀਅਤ। ਫਿਰ ਢਿੱਲ ਕਿਉਂ ? ਬਸ ਜਿਸ ਨੂੰ ਇਤਨਾ ਗਿਆਨ ਹੋ ਗਿਆ, ਉਹ ਲੱਤ ਮਾਰਦਾ ਹੈ ਝੂਠੇ ਰਸਾਂ ਕਸਾਂ ਨੂੰ। ਉਸ ਨੂੰ ਇਕ ਹੋਰ ਹੀ ਅਨੰਦ ਬੱਝ ਜਾਂਦਾ ਹੈ। ਅਤੇ ਜੇ ਹਲੇ ਮਨ ਝੂਠੇ ਰਸਾਂ ਕਸਾਂ ਵੱਲ ਜਾਂਦਾ ਹੈ ਤਾਂ ਫਿਰ ਹਲੇ ਅੰਮ੍ਰਿਤ ਚਖਿਆ ਨਹੀਂ। ਐਵੇਂ ਝੂਠੇ ਦਾਅਵੇ ਕਰਦਾ ਹੈ। ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ :-

ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥

(ਅੰਗ 360)

ਹਾਂ ਜੀ ਫਿਰ ਕੀ ਸੋਝੀ ਪਈ ? ਢਿੱਲ ਨਾ ਕਰੋ। ਦੌੜ ਪਵੋ ਨਾਮ ਜਪਣ ਲਈ। ਜ਼ਿੰਦਗੀ ਦਾ ਕੀ ਭਰੋਸਾ ਹੈ ? ਇਹ ਤਾਂ ਪਾਣੀ ਦਾ ਬੁਲਬੁਲਾ ਹੈ। ਪਤਾ ਨਹੀਂ ਕਿਹੜੇ ਵੇਲੇ ਫਟ ਜਾਣਾ ਹੈ। ਪਤਾ ਨਹੀਂ ਸਾਹ ਆਉਣਾ ਹੈ ਕਿ ਨਹੀਂ। ਇਸੇ ਲਈ ਫੁਰਮਾਉਂਦੇ ਹਨ :-

ਹਰਿ ਜਪਦਿਆਂ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ॥
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥

(ਅੰਗ 540)

(ਇਕ ਖਿਨ ਦੀ ਭੀ ਦੇਰੀ ਨਾ ਕਰੋ)

ਜਿਹੜਾ ਕੱਲ ਕੰਮ ਕਰਨਾ ਹੈ ਉਹ ਅੱਜ ਕਰ ਅਤੇ ਜਿਹੜਾ ਅੱਜ ਕਰਨਾ ਹੈ, ਉਹ ਹੁਣੇ ਕਰ। ਢਿੱਲ ਨਾ ਕਰ। ਇਹ ਨਾ ਹੋਵੇ ਸਿਰ ਤੇ ਕਾਲ ਆ ਜਾਵੇ। ਚੰਗੇ ਕੰਮ ਨੂੰ ਤਾਂ ਹੁਣੇ ਹੀ ਕਰ ਲੈਣਾ ਚਾਹੀਦਾ ਹੈ ਭੈੜੇ ਕੰਮ ਨੂੰ

ਆਲਸ ਕਰਨੀ ਚਾਹੀਦੀ ਹੈ।

ਅਜੁ ਕਲਿ ਕਰਦਿਆਂ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ ॥
(ਅੰਗ 581)

ਅਤੇ ਉਸ ਪੁੱਤਰ ਦਾ ਭੀ ਕੋਈ ਜੀਵਨ ਹੈ ਜੋ ਬਾਪੂ ਤੋਂ ਵਿਛੜ ਗਿਆ ਹੋਵੇ ਅਤੇ ਬਾਪੂ ਨੂੰ ਲੱਭਣ ਲਈ ਬਿਲਕੇ ਨਾ, ਤੜਫੇ ਨਾ। ਜਦ ਬਾਪੂ ਨੂੰ ਮਿਲਣ ਦੀ ਤਾਂਘ ਪੈਦਾ ਹੋ ਜਾਵੇ, ਫਿਰ ਦੁਨਿਆਵੀ ਪਦਾਰਥ, ਦੁਨੀਆਂ ਦੇ ਸੁਖ, ਐਸ਼, ਆਰਾਮ ਹੇਚ ਲਗਦੇ ਹਨ ਅਤੇ ਉਹੋ ਜਿਹਾ ਸਪੁੱਤਰ ਪੁਕਾਰ ਉਠਦਾ ਹੈ "*I want my father and nothing else.*" (ਮੈਨੂੰ ਮੇਰੇ ਬਾਪੂ ਨਾਲ ਮੇਰਾ ਮਿਲਾਪ ਕਰਾ ਦੇਵੋ, ਹੋਰ ਕੁਝ ਨਹੀਂ ਚਾਹੀਦਾ)

ਬਾਬਾ ਜੀ ਫੁਰਮਾਉਂਦੇ ਸਨ "ਭਾਵੇਂ ਕਿਸੇ ਬੰਦੇ ਪਾਸ ਸਾਰੀ ਦੁਨੀਆਂ ਦੀ ਮਾਇਆ ਹੈ ਪ੍ਰੰਤੂ ਜੇ ਨਾਮ ਨਹੀਂ ਜਪਦਾ ਤਾਂ ਕੌਡੀਉਂ ਖੋਟਾ ਹੈ। ਜਿਵੇਂ ਦੁੱਧ ਤੋਂ 36 ਕਿਸਮ ਦੇ ਮਿੱਠੇ ਖੱਟੇ ਪਦਾਰਥ ਬਣ ਜਾਂਦੇ ਹਨ ਉਸੇ ਤਰ੍ਹਾਂ ਨਾਮ ਤੋਂ ਹਰੇਕ ਚੀਜ਼ ਦੀ ਪ੍ਰਾਪਤੀ ਹੋ ਸਕਦੀ ਹੈ।"

ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥
(ਅੰਗ 1159)

ਇਹੁ ਧਨੁ ਅਖੁਟੁ ਨਾ ਨਿਖੁਟੈ ਨ ਜਾਇ ॥ (ਅੰਗ 663)

ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥ (ਅੰਗ 315)

ਹੋਰ ਧਨ ਲੁਟਿਆ ਜਾ ਸਕਦਾ ਹੈ, ਜਲ ਸਕਦਾ ਹੈ, ਡੁਬ ਸਕਦਾ ਹੈ ਪ੍ਰੰਤੂ ਇਸ ਸੱਚੇ ਧਨ ਨੂੰ ਕੋਈ ਲੁਟ ਨਹੀਂ ਸਕਦਾ, ਜਲਾ ਨਹੀਂ ਸਕਦਾ, ਡੋਬ ਨਹੀਂ ਸਕਦਾ।

ਇਹ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨਾ ਜਾਈ ।

ਹਰਿ ਤਨ ਕਉ ਉਚਕਾ ਨੇੜਿ ਨਾ ਆਵਈ ਜਮੁ ਜਾਗਾਤੀ ਡੰਡੁ ਨਾ ਲਗਾਈ ॥ (ਅੰਗ 733)

ਇਹ ਮਨੁਸ਼ਾ ਦੇਹੀ ਆਪਾਂ ਨੂੰ ਨਿਰੰਕਾਰ ਨੇ ਦਿਤੀ ਹੈ । ਸਾਡਾ ਫਰਜ਼ ਬਣਦਾ ਹੈ ਕਿ ਜ਼ਮੀਨ ਦਾ ਮੁਆਮਲਾ [ਚਗੋਤਾ ਜਾਂ ਲਗਾਨ] ਮਾਲਕ ਨੂੰ ਦਿੰਦੇ ਰਹੀਏ । ਜੇ ਮੁਆਮਲਾ ਦਿੰਦੇ ਰਹੀਏ ਤਾਂ ਭਾਵੇਂ ਸਾਰੀ ਉਮਰ ਜ਼ਮੀਨ ਵਾਹੀ ਜਾਈਏ । ਜੇ ਮੁਆਮਲਾ ਦਿੰਦੇ ਰਹਾਂਗੇ ਤਾਂ ਮਾਲਕ ਦਾ ਇਤਬਾਰ ਬਝ ਜਾਂਦਾ ਹੈ ਨਹੀ ਤਾਂ ਬੇ ਇਤਬਾਰਾ ਹੋ ਜਾਂਦਾ ਹੈ ਅਤੇ ਮਾਲਕ ਜ਼ਮੀਨ ਖੋਹ ਲੈਂਦਾ ਹੈ [ਮਤਲਬ ਮਨੁਸ਼ਾ ਜਨਮ ਖੁਸ ਜਾਂਦਾ ਹੈ ਅਤੇ ਫਿਰ 84 ਦੇ ਗੇੜ ਵਿਚ ਪੈ ਜਾਂਦਾ ਹੈ]

ਜੇ ਬੰਦਾ ਮੁਆਮਲਾ ਮੋੜੀ ਜਾਵੇ ਤਾਂ ਜੁਗ ਜੁਗ ਖਾਈ ਜਾਵੇ । ਬਾਬਾ ਈਸ਼ਰ ਸਿੰਘ ਜੀ ਮਹਾਰਾਜ ਫੁਰਮਾਉਂਦੇ ਸਨ "ਦੁਨੀਆਂਦਾਰੀ ਲਈ ਕਿੰਨੇ ਘੰਟੇ ਕੰਮ ਕਰਦਾ ਹੈ । ਜੇ ਇਤਨੇ ਘੰਟੇ ਉਹ ਰੱਬ ਵੱਲ ਲਾ ਦੇਵੇ ਤਾਂ ਸਾਰੀ ਦੁਨੀਆਂ ਦਾ ਭੰਡਾਰੀ ਬਣ ਜਾਵੇ ।"

ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥ (ਅੰਗ 647)

ਫਿਰ ਕੋਈ ਮਾਲਕ ਅੱਧ ਲੈਂਦਾ ਹੈ । ਕੋਈ ਤੀਜਾ ਹਿੱਸਾ ਲੈਂਦਾ ਹੈ । ਪ੍ਰੰਤੂ ਨਿਰੰਕਾਰ ਨੇ ਮੁਆਮਲਾ ਬਹੁਤ ਥੋੜਾ ਲਾਇਆ ਹੈ । ਕਿੰਨਾ ? ਸਿਰਫ ਦਸਵਾਂ ਹਿੱਸਾ । ਦਿਨ ਰਾਤ ਦੇ 24 ਘੰਟੇ ਹੁੰਦੇ ਹਨ । ਨਿਰੰਕਾਰ ਨੇ ਸਿਰਫ 2½ ਘੰਟੇ ਨਿਤਨੇਮ ਲਈ ਜ਼ਰੂਰੀ ਕਰਾਰ ਦਿਤੇ ਹਨ । ਇਹ ਦਸਵੰਧ ਹੈ ਜੋ

ਸਾਨੂੰ ਦੇਣਾ ਚਾਹੀਦਾ ਹੈ ਜੇ ਕੋਈ ਇਸ ਤੋਂ ਵੱਧ ਮੁਆਮਲਾ ਦੇ ਦੇਵੇ ਤਾਂ ਉਸ ਦਾ ਗੁਰੂ ਨਾਨਕ ਦੇ ਬੈਂਕ ਵਿਚ ਜਮ੍ਹਾਂ ਹੋ ਜਾਂਦਾ ਹੈ। ਜਦੋਂ ਲੋੜ ਪਵੇ, ਕਢਾ ਸਕਦਾ ਹੈ।

ਜਿਸ ਪਾਸ ਟਿਕਟ ਹੁੰਦਾ ਹੈ ਉਹ *Special Checking* (ਮਜਿਸਟਰੇਟ ਦੇ ਛਾਪੇ) ਵੇਲੇ ਅੱਖਾਂ ਬੰਦ ਕਰਕੇ ਲੰਘ ਜਾਂਦਾ ਹੈ। ਉਸ ਨੂੰ ਕੋਈ ਡਰ ਭੈ ਨਹੀਂ ਹੁੰਦਾ। ਪ੍ਰੰਤੂ ਜਿਹੜਾ ਬਗੈਰ ਟਿਕਟ ਤੋਂ ਹੁੰਦਾ ਹੈ, ਉਹ ਫੜਿਆ ਜਾਂਦਾ ਹੈ ਭਾਵੇਂ ਉਹ ਅਮੀਰ ਹੈ ਭਾਵੇਂ ਗਰੀਬ ਹੈ। ਉਸ ਦਾ ਕੋਈ ਮੁਲਾਹਜ਼ਾ (ਰਿਆਇਤ) ਨਹੀਂ ਹੁੰਦਾ ਅਤੇ ਉਸ ਨੂੰ ਸਜ਼ਾ ਭੁਗਤਣੀ ਹੀ ਪੈਂਦੀ ਹੈ।

ਬਾਬਾ ਜੀ ਫੁਰਮਾਉਂਦੇ ਸਨ "ਐਥੇ ਤਾਂ ਸ਼ਾਇਦ ਮੁਲਾਹਜ਼ੇ ਨਾਲ ਨਿਕਲ ਜਾਵੇ ਪਰ ਉਥੇ ਤਾਂ ਸੱਚੋ ਹੀ ਸੱਚ ਨਿਬੜੇ ਵਾਲੀ ਗੱਲ ਹੁੰਦੀ ਹੈ।

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
(ਅੰਗ 462)

ਅਤੇ ਨਾ ਹੀ ਉਥੇ ਕੋਈ ਉੱਚੀ ਜ਼ਾਤ ਦਾ ਲਿਹਾਜ਼ ਹੈ।

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ (ਅੰਗ 142)

ਫੇਰ ਦੂਰ ਜਾਣ ਲਈ ਆਪਾਂ ਨੂੰ ਪਹਿਲਾਂ ਹੀ ਜ਼ਿਆਦਾ ਖਰਚਾ ਤਿਆਰ ਕਰਨਾ ਪੈਂਦਾ ਹੈ। ਰਾਹ ਤੁਰੇ ਜਾਂਦੇ ਤਾਂ ਜਮ੍ਹਾਂ ਨਹੀਂ ਹੋ ਸਕਦਾ। ਕਮਾਈ ਕਰਨੀ ਹੀ ਪੈਂਦੀ ਹੈ।"

# 3. ਨਾਮ ਵੱਡਾ ਹੈ ਜਾਂ ਨਾਮੀ ?

ਜੇ ਕਿਸੇ ਨੂੰ ਆਪਾਂ ਆਵਾਜ਼ ਮਾਰਨੀ ਹੋਵੇ ਤਾਂ ਕੀ ਤਰੀਕਾ ਹੈ ?

ਉਸ ਦਾ ਕੋਈ ਨਾ ਕੋਈ ਨਾਂ ਲੈ ਕੇ ਆਵਾਜ਼ ਮਾਰਾਂਗੇ। ਜੇ ਉਸ ਦਾ ਕੋਈ ਨਾਂ ਹੀ ਨਹੀਂ ਹੈ ਤਾਂ ਆਵਾਜ਼ ਨਹੀਂ ਮਾਰ ਸਕਦੇ। ਜਾਂ ਫਿਰ ਆਪਾਂ ਉਸ ਦੇ ਗੁਣਾਂ ਕਰਕੇ ਉਸਨੂੰ ਆਵਾਜ਼ ਮਾਰਾਂਗੇ ਜਿਵੇਂ ਡਾਕਟਰ ਸਾਹਿਬ, ਵਕੀਲ ਸਾਹਿਬ ਆਦਿ। ਸੋ ਉਹ ਪੁਰਸ਼ ਵੱਡਾ ਨਹੀਂ ਹੈ ਬਲਕਿ ਉਸ ਦਾ ਨਾਂ ਵੱਡਾ ਹੈ ਉਸ ਦੇ ਗੁਣ ਵੱਡੇ ਹਨ, ਜਿਨ੍ਹਾਂ ਨੇ ਉਸ ਪੁਰਸ਼ ਨੂੰ ਉਜਾਗਰ ਕੀਤਾ ਹੈ। ਸੋ ਗੁਰੂ ਨਾਨਕ ਸਾਹਿਬ ਵੱਡੇ ਨਹੀਂ ਹਨ, ਬਲਕਿ ਗੁਰੂ ਸਾਹਿਬ ਨਾਲੋਂ ਗੁਰੂ ਸਾਹਿਬ ਦਾ ਨਾਂ ਵੱਡਾ ਹੈ।

ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥

(ਜਪੁਜੀ ਸਾਹਿਬ)

ਇਕ ਵਾਰੀ ਕ੍ਰਿਸ਼ਨ ਜੀ ਮਹਾਰਾਜ ਕਿਸੇ ਦੂਰ ਦੁਰਾਡੇ ਥਾਂ ਜਾਣ ਲੱਗੇ ਤਾਂ ਸਖੀਆਂ ਨੇ ਵਿਰਲਾਪ ਸ਼ੁਰੂ ਕਰ ਦਿਤਾ ਅਤੇ ਬੇਨਤੀ ਕੀਤੀ ਕਿ ਨਾ ਜਾਵੋ। ਪ੍ਰੰਤੂ ਭਗਵਾਨ ਨਾ ਮੰਨੇ ਤਾਂ ਫਿਰ ਸਖੀਆਂ ਨੇ ਕ੍ਰਿਸ਼ਨ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਆਪਣੇ ਸਾਰੇ ਗਹਿਣੇ ਆਪ ਦੇ ਬਰਾਬਰ ਤੋਲ ਕੇ ਆਪ ਨੂੰ ਦਿੰਦੀਆਂ ਹਾਂ ਪ੍ਰੰਤੂ ਆਪ ਨਾ ਜਾਵੋ, ਭਗਵਾਨ ਮੰਨ ਗਏ। ਹੁਣ ਇਕ ਪਾਸੇ ਵੱਡੇ ਤੱਕੜ ਵਿਚ ਭਗਵਾਨ ਖੜ ਗਏ ਅਤੇ ਦੂਜੇ ਪਾਲੜੇ ਵਿਚ ਸਖੀਆਂ ਨੇ ਆਪਣੇ ਗਹਿਣੇ ਉਤਾਰ-2 ਕੇ ਪਾਉਣੇ ਸ਼ੁਰੂ ਕਰ ਦਿਤੇ। ਸਾਰੇ ਗਹਿਣੇ ਪਾ ਦਿਤੇ ਗਏ ਪ੍ਰੰਤੂ ਪਾਲੜਾ ਥੋੜਾ ਬਹੁਤ ਭੀ ਨਾ ਹਿਲਿਆ। ਸਖੀਆਂ ਬੜੀਆਂ ਹੈਰਾਨ ਸਨ ਅਤੇ ਰੋ ਰਹੀਆਂ ਸਨ ਤਾਂ ਨਾਰਦ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਸਾਰੇ ਗਹਿਣੇ ਚੁਕ ਲਵੋ ਅਤੇ ਪਾਲੜੇ ਵਿਚ ਤੁਲਸੀ ਦੇ ਪੱਤੇ ਉਤੇ "ਕ੍ਰਿਸ਼ਨ" ਲਿਖ ਕੇ ਰੱਖ ਦੇਵੋ, ਸਖੀਆਂ ਨੇ ਇੰਜ ਹੀ ਕੀਤਾ ਅਤੇ ਇਕ ਦਮ ਉਹ ਤੁਲਸੀ ਦੇ ਪੱਤੇ ਤੇ ਨਾਮ ਲਿਖਿਆ ਹੋਇਆ ਪਾਲੜਾ ਥੱਲੇ ਝੁਕ ਗਿਆ ਅਤੇ ਭਗਵਾਨ ਕ੍ਰਿਸ਼ਨ ਵਾਲਾ

ਪਾਲੜਾ ਉਪਰ ਚਲਿਆ ਗਿਆ।

ਸੋ ਨਾਮੀ ਨਾਲੋਂ ਨਾਮ ਵੱਡਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :—

ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥ (ਜਪੁਜੀ ਸਾਹਿਬ)

ਸਾਹਿਬ ਸਾਰਿਆਂ ਤੋਂ ਵੱਡਾ ਹੈ। ਉਸ ਦਾ ਅਸਥਾਨ ਭੀ ਉੱਚਾ ਹੈ ਅਤੇ ਉਸ ਤੋਂ ਉਪਰ ਉਸ ਦਾ ਨਾਮ ਹੈ।

# 4. ਕੀ ਨਾਮ ਨਾਲੋਂ ਭੀ ਕੋਈ ਵੱਡਾ ਹੈ ?

ਸੋ ਇਹ ਤਾਂ ਸਿੱਧ ਹੋ ਗਿਆ ਹੈ ਕਿ ਗੁਰੂ ਸਾਹਿਬ ਨਾਲੋਂ ਗੁਰੂ ਸਾਹਿਬ ਦਾ ਨਾਮ ਵੱਡਾ ਹੈ ਪ੍ਰੰਤੂ ਹੁਣ ਸਵਾਲ ਉਠਦਾ ਹੈ ਕਿ ਕੀ ਨਾਮ ਨਾਲੋਂ ਭੀ ਕੋਈ ਵੱਡਾ ਹੈ ? ਗੁਰੂ ਸਾਹਿਬ ਸਾਨੂੰ ਆਪ ਹੀ ਰਸਤਾ ਦਿੰਦੇ ਹਨ। ਕੀ ਫੁਰਮਾਉਂਦੇ ਹਨ ਗੁਰੂ ਸਾਹਿਬ :-

ਜਿਸ ਜਗਿਆਸੂ ਨੂੰ ਗੁਰੂ ਸਾਹਿਬ ਆਪਣੀ ਸਿਫਤ ਸਾਲਾਹ ਬਖਸ਼ਦੇ ਹਨ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ।

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਸਾਹੀ ਪਾਤਿਸਾਹੁ ॥ (ਜਪੁਜੀ ਸਾਹਿਬ)

ਨਾਮ ਤਾਂ ਇਕ ਖਜ਼ਾਨਾ ਹੈ ਅਤੇ ਇਸ ਦੀ ਕੁੰਜੀ ਪੂਰਨ ਮਹਾਂ ਪੁਰਸ਼ ਪਾਸ ਹੀ ਹੁੰਦੀ ਹੈ।

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥
(ਅੰਗ 827)

ਇਸੇ ਕਰਕੇ ਗੁਰੂ ਸਾਹਿਬ ਵਾਰ-2 ਆਪਾਂ ਨੂੰ ਉਪਦੇਸ਼ ਕਰਦੇ ਹਨ ਕਿ :

ਪ੍ਰਭ ਕ੍ਰਿਪਾਲ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥
(ਅੰਗ 211)

# 5. ਨਾਮ ਦੀ ਮਹੱਤਤਾ :

ਕਈ ਜਗਿਆਸੂ ਇਸ ਖਿਆਲ ਦੇ ਹੁੰਦੇ ਹਨ ਕਿ ਉਹ ਕੋਈ ਪਾਪ ਨਹੀਂ ਕਰਦੇ, ਝੂਠ ਨਹੀਂ ਬੋਲਦੇ, ਉਹਨਾਂ ਨੂੰ ਨਾਮ ਜਪਣ ਦੀ ਕੀ ਲੋੜ ਹੈ ?

ਦੂਜੇ ਕਹਿੰਦੇ ਹਨ ਕਿ ਜਦ ਉਹ ਇਤਨੇ ਪਾਪ ਕਰਦੇ ਹਨ, ਹਰ ਵਕਤ ਝੂਠ ਬੋਲਦੇ ਹਨ ਤਾਂ ਉਹਨਾਂ ਨੂੰ ਨਾਮ ਜਪਣਾ ਨਹੀਂ ਚਾਹੀਦਾ। ਉਸ ਨਾਲ ਉਹਨਾਂ ਨੂੰ ਕੀ ਫਾਇਦਾ ਹੋਵੇਗਾ ? ਉਹ ਨਾਮ ਜਪਣ ਦੇ ਲਾਇਕ ਨਹੀਂ ਹਨ।

ਆਪੋ ਆਪਣੀ ਥਾਂ ਤੇ ਦੋਨੋਂ ਹੀ ਠੀਕ ਦਿਖਾਈ ਦਿੰਦੇ ਹਨ। ਸੋ ਇਥੇ ਵੀਚਾਰ ਦੀ ਲੋੜ ਹੈ।

ਪਹਿਲੀ ਕਿਸਮ ਦੇ ਲੋਗਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕੁਝ ਪਾਪ ਤਾਂ ਇਹੋ ਜਿਹੇ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਹ ਪਾਪ

ਹਨ ਪ੍ਰੰਤੂ ਬਹੁਤੇ ਪਾਪ ਇਹੋ ਜਿਹੇ ਹਨ ਜਿਨ੍ਹਾਂ ਦਾ ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ ਅਤੇ ਉਹ ਸਹਿਜ ਸੁਭਾ ਹੀ ਹੋ ਜਾਂਦੇ ਹਨ। ਪਰਾਇਆ ਹੱਕ ਮਾਰਨਾ, ਚੋਰੀ, ਯਾਰੀ ਜਾਂ ਠੱਗੀ ਕਰਨੀ, ਝੂਠ ਬੋਲਣਾ, ਨਿੰਦਿਆ ਕਰਨੀ, ਕਿਸੇ ਦਾ ਦਿਲ ਦੁਖਾਉਣਾ, ਕਿਸੇ ਨਾਲ ਸਾੜਾ ਕਰਨਾ, ਕਿਸੇ ਦੇ ਮਨ ਨੂੰ ਦੁਖਾਉਣਾ, ਆਪਣਾ ਭਲਾ ਸੋਚਣਾ ਤੇ ਦੂਜੇ ਦਾ ਬੁਰਾ ਸੋਚਣਾ, ਝੂਠੀਆਂ ਗਵਾਹੀਆਂ ਦੇਣੀਆਂ, ਝੂਠੀਆਂ ਸੌਹਾਂ ਖਾਣੀਆਂ ਆਦਿ ਕਈ ਪ੍ਰਕਾਰ ਦੇ ਪਾਪ ਹਨ ਜੋ ਹਰ ਵਕਤ ਇਨਸਾਨ ਪਾਸੋਂ ਹੁੰਦੇ ਰਹਿੰਦੇ ਹਨ। ਇਹਨਾਂ ਤੋਂ ਕੋਈ ਆਮ ਇਨਸਾਨ ਬਚ ਨਹੀਂ ਸਕਦਾ।

ਕੁਝ ਇਹੋ ਜਿਹੇ ਪਾਪ ਹੁੰਦੇ ਹਨ ਜੋ ਕਿਸੇ ਇਨਸਾਨ ਨੇ ਪਿਛਲੇ ਜਨਮਾਂ ਵਿਚ ਕੀਤੇ ਹੁੰਦੇ ਹਨ ਉਹਨਾਂ ਦਾ ਫਲ ਭੀ ਭੋਗਣਾ ਪੈ ਜਾਂਦਾ ਹੈ। ਇਹਨਾਂ ਸਭ ਨੂੰ ਅਚੇਤ ਪਾਪ ਕਹਿੰਦੇ ਹਨ। ਇਸੇ ਲਈ ਗੁਰੂ ਸਾਹਿਬ ਫੁਰਮਾਉਂਦੇ ਹਨ :-

ਨਰ ਅਚੇਤ ਪਾਪ ਤੇ ਡਰੁ ਰੇ ॥ (ਅੰਗ 205)

ਹਿੰਦੂ ਇਤਿਹਾਸ ਵਿਚ ਇਕ ਸਾਖੀ ਹੈ ਕਿ ਮਾਂਡਵ ਰਿਸ਼ੀ ਬਹੁਤ ਤਪੱਸਿਆ ਕਰਦਾ ਸੀ ਪ੍ਰੰਤੂ ਜੇ ਘੋਰ ਤਪੱਸਿਆ ਕਰਦੇ ਹੋਏ ਬੰਦੇ ਦੇ ਮਨ ਨੂੰ ਇਕ ਸ਼ੰਕਾ ਰਾਈ ਮਾਤਰ ਭੀ ਹਉਮੈ ਆ ਜਾਵੇ ਤਾਂ ਉਹ ਸਭ ਨਿਸਫਲ ਹੋ ਜਾਂਦੀ ਹੈ। ਉਸ ਦੇ ਮਨ ਵਿਚ ਹਉਮੈ ਆ ਗਈ। ਉਧਰ ਇਕ ਚੋਰ ਨੇ ਰਾਜ ਮਹੱਲ ਵਿਚ ਇਕ ਕੀਮਤੀ ਹਾਰ ਚੋਰੀ ਕੀਤਾ ਸੀ। ਉਸ ਦੇ ਮਗਰ ਸਿਪਾਹੀ ਲੱਗੇ ਹੋਏ ਸਨ। ਉਸ ਨੇ ਸੋਚਿਆ ਕਿ ਉਹ ਹੁਣ ਬਚ ਤਾਂ ਸਕਦਾ ਨਹੀਂ। ਸੋ ਉਸ ਨੇ ਬਚਣ ਖਾਤਰ ਜੰਗਲ ਵਿਚ ਤਪੱਸਿਆ ਕਰ ਰਹੇ ਉਸ ਰਿਸ਼ੀ ਦੇ ਗਲ ਵਿਚ ਹਾਰ ਪਾ ਦਿਤਾ ਅਤੇ ਆਪ ਲੁਕ ਗਿਆ।

ਇਤਨੀ ਦੇਰ ਨੂੰ ਸਿਪਾਹੀ ਆ ਗਏ ਉਸ ਰਿਸ਼ੀ ਨੂੰ ਫੜ ਕੇ ਰਾਜੇ ਦੇ ਸਾਹਮਣੇ ਪੇਸ਼ ਕੀਤਾ। ਰਾਜੇ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿਤੀ। ਹੁਣ ਰਿਸ਼ੀ ਨੇ ਫਰਿਆਦ ਕੀਤੀ "ਹੇ ਸੱਚੇ ਪਾਤਸ਼ਾਹ ਮੈਂ ਆਪਣੇ ਪਿਛਲੇ ਸੌ ਜਨਮਾਂ ਤੇ ਨਿਗਾਹ ਮਾਰ ਕੇ ਦੇਖੀ ਹੈ। ਮੈਂ ਕੋਈ ਪਾਪ ਨਹੀਂ ਕੀਤਾ। ਇਹ ਸਜ਼ਾ ਮੈਨੂੰ ਕਿਉਂ ਮਿਲੀ ਹੈ ? ਨਿਰੰਕਾਰ ਨੇ ਬਚਨ ਕੀਤੇ "ਤੂੰ ਸੌ ਜਨਮ ਤੋਂ ਜੋ ਪਹਿਲਾ ਜਨਮ ਹੈ। ਉਸ ਤੇ ਝਾਤੀ ਮਾਰ ਕੇ ਦੇਖ" ਤਾਂ ਰਿਸ਼ੀ ਨੇ ਦੇਖਿਆ ਕਿ ਉਹ 8–10 ਸਾਲ ਦਾ ਬੱਚਾ ਸੀ, ਜਦੋਂ ਕਿ ਉਸ ਨੇ ਕਿੱਕਰ ਦੀ ਸੂਲ, ਇਕ ਅੱਕਾਂ ਵਾਲੇ ਟਿੱਡੇ ਨੂੰ ਫੜ ਕੇ, ਉਸ ਦੇ ਵਿਚੋਂ ਲੰਘਾ ਦਿਤੀ ਸੀ ਅਤੇ ਉਸ ਟਿੱਡੇ ਨੂੰ ਘੁਮਾ ਰਿਹਾ ਸੀ। ਤਾਂ ਰਿਸ਼ੀ ਨੇ ਕਿਹਾ "ਹੇ ਸੱਚੇ ਪਾਤਸ਼ਾਹ ਉਦੋਂ ਤਾਂ ਮੈਂ ਬੱਚਾ ਸੀ, ਜਦੋਂ ਇਹ ਪਾਪ ਕੀਤਾ ਸੀ" ਤਾਂ ਨਿਰੰਕਾਰ ਨੇ ਕਿਹਾ "ਹੇ ਰਿਸ਼ੀ ਇਕ ਬੱਚਾ 7 ਸਾਲ ਦੀ ਉਮਰ ਤੱਕ ਜੋ ਗੁਨਾਹ ਕਰਦਾ ਹੈ, ਉਹ ਸਭ ਮੁਆਫ ਹੋ ਜਾਂਦੇ ਹਨ। ਸੋ 7 ਸਾਲ ਦੀ ਉਮਰ ਤੋਂ ਬਾਅਦ ਦੇ ਗੁਨਾਹ ਭਰਨੇ ਪੈਂਦੇ ਹਨ। ਇਸ ਲਈ ਹੁਣ ਤੈਨੂੰ ਫਾਂਸੀ ਦੀ ਸਜ਼ਾ ਭੁਗਤਣੀ ਹੀ ਪਵੇਗੀ।"

ਨਰ ਅਚੇਤ ਪਾਪ ਤੇ ਡਰੁ ਰੇ ॥ (ਅੰਗ 205)

ਹੁਣ ਦੂਜੀ ਕਿਸਮ ਦੇ ਲੋਗਾਂ ਬਾਬਤ ਵਿਚਾਰ ਕਰੀਏ ਜੋ ਕਹਿੰਦੇ ਹਨ ਕਿ ਜਦ ਉਹ ਇਤਨੇ ਪਾਪ ਕਰਦੇ ਹਨ, ਝੂਠ ਬੋਲਦੇ ਹਨ ਤਾਂ ਉਹਨਾਂ ਨੂੰ ਪਾਠ ਨਹੀਂ ਕਰਨਾ ਚਾਹੀਦਾ।

ਇਸੇ ਤਰਾਂ ਦਾ ਇਕ ਜਗਿਆਸੂ ਬਾਬਾ ਜੀ ਪਾਸ ਆ ਗਿਆ ਅਤੇ ਉਸ ਨੇ ਉਪਰੋਕਤ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਫੁਰਮਾਇਆ "ਬਲਦੀ ਅੱਗ ਦਾ ਕੋਲਾ ਹੈ। ਉਸ ਨੂੰ ਭਾਵੇਂ ਪਿਆਰ ਨਾਲ ਚੁੱਕ ਲਵੋ, ਭਾਵੇਂ ਗੁੱਸੇ ਨਾਲ ਚੁਕ ਲਵੋ ਉਸ ਨੇ ਹੱਥ ਨੂੰ ਸਾੜ ਹੀ ਦੇਣਾ ਹੈ। ਇਸੇ ਤਰ੍ਹਾਂ ਬਾਣੀ ਪੜ੍ਹੀ ਚੱਲੋ। ਬਾਣੀ ਵਿਚ ਤਾਕਤ ਹੈ ਉਹ ਕੋਈ ਮੌਕਾ ਆਵੇਗਾ

ਤੁਹਾਡੇ ਪਾਪਾਂ ਨੂੰ ਸਾੜ ਹੀ ਦੇਵੇਗੀ।"

ਕਉਨ ਕੋ ਕਲੰਕੁ ਰਹਿਓ ਰਾਮ ਨਾਮ ਲੇਤ ਹੀ ॥
ਪਤਿਤ ਪਵਿਤ ਭਏ ਰਾਮੁ ਕਹਤ ਹੀ ॥ (ਅੰਗ 717)

(ਰਾਮ ਨਾਮ ਲੈਣ ਨਾਲ ਕਿਸ ਦਾ ਕਲੰਕ ਬਾਕੀ ਰਹਿ ਗਿਆ ਮਤਲਬ ਰਾਮ ਨਾਮ ਲੈਣ ਨਾਲ ਸਾਰੇ ਕਲੰਕ ਖਤਮ ਹੋ ਜਾਂਦੇ ਹਨ। ਰਾਮ ਕਹਿਣ ਨਾਲ ਅਨੇਕਾਂ ਪਾਪੀ ਪਵਿੱਤਰ ਹੋ ਜਾਂਦੇ ਹਨ)

ਜੇ ਬੱਚਾ ਕਮਜ਼ੋਰ ਹੋਵੇ ਤਾਂ ਉਸ ਨੂੰ ਕਈ ਗੁਣਾਂ ਵੱਧ ਮਿਹਨਤ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਇਕ ਪਾਪੀ ਇਨਸਾਨ ਵਾਸਤੇ ਤਾਂ ਨਾਮ ਜਪਣ ਦੀ ਜ਼ਿਆਦਾ ਲੋੜ ਹੈ ਅਤੇ ਗੁਰੂ ਸਾਹਿਬ ਵਿਚ ਸਿਫਤ ਹੈ ਕਿ ਜਦ ਆਪਾਂ ਰੋ ਰੋ ਕੇ ਸੱਚੇ ਮਨੋਂ ਅਰਦਾਸਾਂ ਕਰਾਂਗੇ ਤਾਂ ਗੁਰੂ ਸਾਹਿਬ ਜ਼ਰੂਰ ਪਾਪ ਖਤਮ ਕਰ ਦੇਣਗੇ।

ਬਾਬਾ ਜੀ ਫੁਰਮਾਉਂਦੇ ਸਨ "ਗਰੀਬ ਕਮਾਈ ਕਰਨ ਨਾਲ ਹੀ ਅਮੀਰ ਬਣ ਸਕਦਾ ਹੈ।"

ਸਦ ਬਖਸਿੰਦ ਸਦਾ ਮਿਹਰਵਾਨਾ (ਅੰਗ 713)

ਉਹ ਤਾਂ ਸਦਾ ਹੀ ਬਖਸ਼ਿੰਦ ਹਨ ਸਦਾ ਹੀ ਮਿਹਰਵਾਨ ਹਨ।

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥
(ਅੰਗ 802)

ਬਾਬਾ ਜੀ ਫੁਰਮਾਉਂਦੇ ਸਨ "ਜੋ ਵੱਡੇ ਤੋਂ ਵੱਡੇ ਪਾਪ ਬੰਦਾ ਕਰ ਚੁਕਿਆ ਹੈ ਉਹ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆ ਕੇ ਰੋ ਕੇ ਸੱਚੇ ਮਨੋਂ

ਅਰਦਾਸ ਕਰੇ ਤਾਂ ਉਹ ਸਾਰੇ ਦੇ ਸਾਰੇ ਇਕੋ ਸਕਿੰਟ ਵਿਚ ਹੀ ਮੁਆਫ ਹੋ ਸਕਦੇ ਹਨ। ਲੋੜ ਹੈ ਵਿਸ਼ਵਾਸ਼ ਦੀ। ਢਹਿਣ ਵਿਚ ਦੇਰੀ ਹੈ ਬਖਸ਼ਣ ਵਿਚ ਤਾਂ ਰੱਤੀ ਭੀ ਦੇਰੀ ਨਹੀਂ। ਆਪਾਂ ਦਿਲੋਂ ਢਹਿੰਦੇ ਹੀ ਨਹੀਂ ਤਾਂ ਹੀ ਬਖਸ਼ੇ ਨਹੀਂ ਜਾਂਦੇ।"

ਫਿਰ ਬਾਬਾ ਜੀ ਫੁਰਮਾਉਂਦੇ ਸਨ "ਹੋਰ ਸਾਰੇ ਗੁਨਾਹ ਮੁਆਫ ਹੋ ਸਕਦੇ ਹਨ ਪ੍ਰੰਤੂ ਦੋ ਗੁਨਾਹ ਮੁਆਫ ਨਹੀਂ ਹੋ ਸਕਦੇ।" ਉਹ ਕਿਹੜੇ ਹਨ ? ਬਾਬਾ ਜੀ ਫੁਰਮਾਉਂਦੇ ਸਨ ਕਿ ਇਕ ਤਾਂ ਬੰਦਾ ਗੁਰੂ ਤੋਂ ਬੇਮੁਖ ਨਾ ਹੋਵੇ :

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (ਅੰਗ 135)

ਸੇਵਕੁ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ ॥ (ਵਾਰ 34, 1)

ਬੇਮੁਖ ਸੁਕੇ ਰੁਖ ਜਿਉ ਵੇਖੈ ਸਭ ਲੋਈ ॥ (ਵਾਰ 34, 12)

ਅਤੇ ਦੂਜਾ ਬੰਦਾ ਅਕ੍ਰਿਤਘਣ ਨਾ ਹੋਵੇ (ਗੁਰੂ ਦੇ ਕੀਤੇ ਨੂੰ ਨਾ ਜਾਨਣਾ, ਭੁੱਲ ਜਾਣਾ) ਸੋ ਬੰਦਾ ਇਹ ਦੋ ਗੁਨਾਹ ਨਾ ਕਰੇ, ਫਿਰ ਉਹ ਬਖਸ਼ਿਆ ਜਾ ਸਕਦਾ ਹੈ।

ਭਾਈ ਗੁਰਦਾਸ ਫੁਰਮਾਉਂਦੇ ਹਨ :-

ਮਦ ਵਿਚ ਰਿਧਾ ਪਾਇਕੈ ਕੁਤੇ ਦਾ ਮਾਸੁ।<br>
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।<br>
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।<br>
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।<br>
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।<br>
ਨਦਰੀ ਪਵੈ ਅਕਿਰਤਿਘਣੁ ਮਤੁ ਹੋਇ ਵਿਣਾਸੁ।

(ਵਾਰ 35, 9)

ਅਰਥ : ਇਕ ਚੂਹੜੀ ਨੇ ਕੁੱਤੇ ਦਾ ਮਾਸ ਸ਼ਰਾਬ ਵਿਚ ਪਾ ਕੇ ਰਿੱਧਾ (ਰਿੰਨਿਆ)। ਉਸ ਨੂੰ ਮਨੁੱਖ ਦੀ ਖੋਪਰੀ ਵਿਚ ਰੱਖਿਆ ਜਿਥੋਂ ਕਿ ਭੈੜੀ ਬਦਬੂ ਆਉਂਦੀ ਸੀ। ਉਸ ਨੂੰ ਲਹੂ ਭਰੇ ਕੱਪੜੇ ਨਾਲ ਢਕ ਲਿਆ ਅਤੇ ਭੋਗ ਬਿਲਾਸ ਕਰ ਕੇ ਤੁਰ ਪਈ। ਕਿਸੇ ਨੇ ਉਸ ਨੂੰ ਪੁਛਿਆ ਕਿ ਇਹ ਕਿਹੜੀ ਸ਼ੈਅ ਹੈ ਜਿਸ ਨੂੰ ਇਸ ਤਰ੍ਹਾਂ ਢਕ ਕੇ ਲਈ ਜਾਂਦੀ ਹੈਂ ਤਾਂ ਉਸ ਨੇ ਸਾਰਾ ਕੁਝ ਦੱਸ ਕੇ ਕਿਹਾ ਕਿ ਇਹ ਤਾਂ ਢਕਿਆ ਹੈ ਕਿ ਕਿਤੇ ਕਿਸੇ ਅਕ੍ਰਿਤਘਣ ਦੀ ਨਜ਼ਰ ਨਾ ਪੈ ਜਾਵੇ ਜਿਸ ਨਾਲ ਇਹ ਮਾਸ ਫਿਟ ਜਾਵੇ। ਅਕ੍ਰਿਤਘਣਾਂ ਦੀ ਨਜ਼ਰ ਇਹੋ ਜਿਹੀ ਹੁੰਦੀ ਹੈ ਜੋ ਪਲੀਤ ਤੋਂ ਪਲੀਤ ਚੀਜ਼ਾਂ ਤੇ ਪੈ ਕੇ ਉਹਨਾਂ ਨੂੰ ਭੀ ਹੋਰ ਪਲੀਤ ਕਰ ਦਿੰਦੀ ਹੈ।

# 6. ਜਿਹੜੇ ਨਾਮ ਨਹੀਂ ਜਪਦੇ :

ਇਕ ਇਨਸਾਨ 84 ਲੱਖ ਜੂਨਾਂ ਵਿਚੋਂ ਘੁੰਮਦਾ-2 ਮਨੁਸ਼ਾ ਜੂਨ ਤੱਕ ਪਹੁੰਚ ਗਿਆ। ਜਨਮ ਲੈ ਲਿਆ ਅਤੇ ਵੱਡਾ ਹੋ ਗਿਆ। ਹੁਣ ਕਿਧਰ ਨੂੰ ਜਾਵੇ ? ਕਿਹੜਾ ਰਸਤਾ ਇਖਤਿਆਰ ਕਰੇ ? ਸੰਗਤ ਦਾ ਫਲ ਮਿਲਦਾ ਹੈ ਹਰ ਜੀਵ ਨੂੰ।

ਜਿਸ ਤਰ੍ਹਾਂ ਇਕ ਹੁੰਦਾ ਹੈ ਸਪੁੱਤਰ, ਦੂਜਾ ਪੁੱਤਰ, ਤੀਜਾ ਕਪੁੱਤਰ।

ਸਪੁੱਤਰ ਹਮੇਸ਼ਾ ਵਾਧਾ ਕਰਦਾ ਹੈ।
ਪੁੱਤਰ ਬਰੋ ਬਰਾਬਰ ਰਖਦਾ ਹੈ।
ਅਤੇ ਕਪੁੱਤਰ ਘਾਟਾ ਕਰਦਾ ਹੈ।

ਇਸੇ ਤਰ੍ਹਾਂ ਸੰਗਤ ਨੂੰ ਵੀ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਇਕ ਹੁੰਦੀ ਹੈ ਸਤਿ ਸੰਗਤ, ਦੂਜੀ ਸੰਗਤ ਅਤੇ ਤੀਜੀ ਕੁਸੰਗਤ।

ਸਤਿ ਸੰਗਤ ਵਿਚ ਜਾਣ ਨਾਲ ਜਗਿਆਸੂ ਤਰੱਕੀ ਕਰਦਾ ਹੈ। ਨਾ ਭੈੜੀ ਨਾ ਚੰਗੀ ਸੰਗਤ ਵਿਚ ਜਾਣ ਨਾਲ ਉਹੋ ਜਿਹਾ ਹੀ ਰਹਿੰਦਾ ਹੈ ਅਤੇ ਕੁਸੰਗਤ ਕਰਨ ਨਾਲ ਬੇੜਾ ਤਬਾਹ ਹੋ ਜਾਂਦਾ ਹੈ।

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਤੈਸੇ ਹੀ ਅਸਾਧ ਸਾਧ ਸੰਗਮ ਸੁਭਾਵ ਗਤਿ ਗੁਰਮਤਿ ਦੁਰਮਤਿ ਸੁਖ ਦੁਖ ਹੀਨ ਹੈ ॥ 286 ॥

(ਇਵੇਂ ਹੀ ਬੁਰੇ ਪੁਰਸ਼ਾਂ (ਅਸਾਧ) ਅਤੇ ਭਲੇ ਪੁਰਸ਼ਾਂ (ਸਾਧ) ਦੇ ਮਿਲਾਪ ਨਾਲ ਗੁਰ ਸਿਖਿਆ ਲੈਣ ਵਾਲਾ ਸੁਖ ਅਤੇ ਭੈੜੀ ਮੱਤ ਲੈਣ ਵਾਲਾ ਦੁਖ ਭੋਗਦਾ ਹੈ)

ਹੁਣ ਸੰਗਤ ਕਿਸ ਨੂੰ ਕਹਿੰਦੇ ਹਨ ? ਕਈ ਵਾਰੀ ਸ਼ਰਾਬੀ ਇਕੱਠੇ ਹੋ ਕੇ ਬੈਠ ਜਾਂਦੇ ਹਨ ਅਤੇ ਕੋਈ ਫੈਸਲਾ ਕਰਕੇ ਉਚਾਰਦੇ ਹਨ ਕਿ ਇਹ ਸੰਗਤ ਦਾ ਫੈਸਲਾ ਹੈ। ਕੀ ਇਹ ਠੀਕ ਹੈ।

ਜੇ ਸਿਆਸੀ ਪਾਰਟੀਆਂ ਵਾਲੇ ਇਕੱਠੇ ਹੋ ਕੇ ਬੈਠ ਜਾਣ ਅਤੇ ਕੋਈ ਫੈਸਲਾ ਕਰ ਕੇ ਐਲਾਨ ਕਰ ਦੇਣ ਕਿ ਇਹ ਸੰਗਤ ਦਾ ਫੈਸਲਾ ਹੈ, ਤਾਂ ਕੀ ਇਹ ਜਾਇਜ਼ ਹੈ ?

ਹੁਣ ਸਵਾਲ ਉਠਦਾ ਹੈ ਕਿ ਜਿਥੇ ਗੁਰਸਿਖ ਇਕੱਠੇ ਹੋ ਕੇ ਬੈਠਣ ਤਾਂ ਕੀ ਉਹ ਸੰਗਤ ਹੈ ? ਕਈ ਪ੍ਰਚਾਰਕ ਬੜੀ ਠੁੱਕ ਨਾਲ ਪ੍ਰਚਾਰ ਕਰਦੇ ਹਨ ਕਿ ਗੁਰੂ 20 ਵਿਸਵੇ ਅਤੇ ਸੰਗਤ 21 ਵਿਸਵੇ ਹੁੰਦੀ ਹੈ ਅਤੇ ਕਹਿੰਦੇ ਹਨ ਕਿ ਸੰਗਤ ਦਾ ਦਰਜਾ ਗੁਰੂ ਸਾਹਿਬ ਤੋਂ ਉਪਰ ਹੈ।

ਧੰਨ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਫੁਰਮਾਉਂਦੇ ਸਨ "ਸੰਗਤ ਕਿਸ ਨੂੰ ਕਹਿੰਦੇ ਹਨ ? ਗੁਰੂ ਸਾਹਿਬ ਸਾਨੂੰ ਸੋਝੀ ਪਾਉਂਦੇ ਹਨ ਕਿ

ਸਤਿਗੁਰ ਬਾਝਹੁ ਸੰਗਤ ਨ ਹੋਈ ॥ (ਅੰਗ 1068)

ਸਤਿਗੁਰੂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਪ੍ਰਕਾਸ਼ ਹਨ, ਹਜ਼ੂਰੀ ਵਿਚ ਉਨ੍ਹਾਂ ਨੂੰ ਸਤਿਗੁਰੂ ਸਮਝਣ ਵਾਲੇ ਗੁਰਸਿਖ ਬੈਠੇ ਸਨ, ਤਾਂ ਉਸਨੂੰ ਸੰਗਤ ਕਹਿੰਦੇ ਹਨ। ਜੇ ਸਤਿਗੁਰ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ (ਜੋ 20 ਵਿਸਵੇ ਹਨ) ਪ੍ਰਕਾਸ਼ ਹੀ ਨਹੀਂ ਕੀਤੇ ਤਾਂ ਬਾਕੀ ਕੀ ਰਹਿ ਗਿਆ-ਇਕ ਵਿਸਵਾ। ਜਦ ਗੁਰੂ ਸਾਹਿਬ ਵਿਚ ਆ ਜਾਣ ਤਾਂ ਬਣ ਗਏ ਇੱਕੀ ਵਿਸਵੇ। ਇਸ ਤਰ੍ਹਾਂ ਬਣਦੇ ਹਨ 20 ਵਿਸਵੇ ਤੇ 21 ਵਿਸਵੇ। ਸਤਿਗੁਰੂ ਵੱਡੇ ਹਨ ਨਾ ਕਿ ਸੰਗਤ।" ਗੁਰੂ 20 ਵਿਸਵੇ ਹੈ ਤੇ ਗੁਰੂ ਤੋਂ ਬਗੈਰ ਇਕੱਠ ਹੈ ਇਕ ਵਿਸਵਾ।

ਬੜੀ ਡੂੰਘਾਈ ਹੈ। ਬੜੀ ਸੂਝ ਬੂਝ ਰੱਖਣੀ ਪੈਂਦੀ ਹੈ। ਇਹ ਜੋ ਅੱਜ ਕੱਲ ਪੰਥ ਵਿਚ ਰੌਲੇ ਰੱਪੇ ਪੈ ਰਹੇ ਹਨ, ਇਹ ਇਸੇ ਕਾਰਨ ਹਨ। ਗੋਡਿਆਂ ਤੱਕ ਕਛਹਿਰੇ ਪਾਉਣ ਵਾਲੇ, ਤਿੰਨ ਫੁੱਟੀਆਂ ਕ੍ਰਿਪਾਨਾਂ ਰੱਖਣ ਵਾਲੇ, ਸ਼ਾਮ ਨੂੰ ਅੰਦਰ ਖਾਤੇ ਪੈੱਗ ਲਾਉਣ ਵਾਲੇ ਤੇ ਪਰ ਇਸਤਰੀ ਸੇਜਾ ਜਾਣ ਵਾਲੇ ਆਪਣੇ ਆਪ ਨੂੰ 21 ਵਿਸਵੇ ਅਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ 20 ਵਿਸਵੇ ਦਸਦੇ ਹਨ। ਰਾਜ ਰੌਲਾ ਭੀ ਫਿਰ ਤਾਂ ਹੀ ਪੈ ਰਿਹਾ ਹੈ।

ਹਾਂ ਜੀ ਫਿਰ ਆਪਾਂ ਨੂੰ ਕੀ ਸੋਝੀ ਪਈ ? ਇਕ ਇਨਸਾਨ ਚੰਗੀ ਸੰਗਤ ਕਰਨ ਨਾਲ ਚੰਗਾ ਅਤੇ ਭੈੜੀ ਸੰਗਤ ਕਰਨ ਨਾਲ ਭੈੜਾ ਹੋ ਜਾਂਦਾ ਹੈ। ਬੰਦੇ ਦੇ ਕੋਈ ਵਸ ਨਹੀਂ। ਇਕ ਭੈੜਾ ਆਦਮੀ ਸਾਲ ਭਰ ਚੰਗੇ ਆਦਮੀ ਦੀ ਸੰਗਤ ਕਰਦਾ ਰਹੇ ਤਾਂ ਉਹ ਚੰਗਾ ਬਣ ਜਾਂਦਾ ਹੈ ਅਤੇ ਜੇ ਇਕ ਚੰਗਾ ਆਦਮੀ ਸਾਲ ਭਰ ਭੈੜੇ ਆਦਮੀ ਦੀ ਸੰਗਤ ਕਰਦਾ ਰਹੇ ਤਾਂ ਉਹ ਭੈੜਾ ਬਣ ਜਾਂਦਾ ਹੈ।

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ (ਅੰਗ 1369)

(ਹੇ ਕਬੀਰ, ਮਨ ਪੰਖੀ ਦੀ ਤਰ੍ਹਾਂ ਹੈ। ਦਸਾਂ ਹੀ ਦਿਸ਼ਾਵਾਂ ਵਿਚ ਭਟਕਦਾ ਫਿਰਦਾ ਹੈ ਜਿਹੋ ਜਿਹੀ ਕੋਈ ਸੰਗਤ ਕਰਦਾ ਹੈ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ)

ਗੁਰੂ ਸਾਹਿਬ ਫੁਰਮਾਉਂਦੇ ਹਨ :-

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
(ਅੰਗ 981)

(ਸੰਤਾਂ ਦੀ ਸੰਗਤ ਦਾ ਗੁਣ ਬਹੁਤ ਲਾਭਦਾਇਕ ਹੈ। ਗਨਕਾ ਵੇਸਵਾ ਤੋਤੇ ਨੂੰ ਰਾਮ ਰਾਮ ਪੜ੍ਹਾਉਂਦੀ ਤਰ ਗਈ)

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥
(ਅੰਗ 1068)

ਸੋ ਗੁਰਬਾਣੀ ਦੁਆਰਾ ਸੋਝੀ ਪੈ ਗਈ ਕਿ ਕੁਸੰਗਤ ਕਰਨ ਨਾਲ ਦੁਖ ਹੀ ਦੁਖ ਮਿਲਦੇ ਹਨ। ਕੁਸੰਗਤ ਵਿਚ ਬੈਠਣ ਵਾਲੇ ਇਨਸਾਨ ਦਾ ਦਿਮਾਗ ਸਾਕਤ ਪੁਰਸ਼ ਚੰਗੀ ਤਰ੍ਹਾਂ ਗੰਦੇ ਖਿਆਲਾਂ ਨਾਲ ਭਰ ਦਿੰਦੇ ਹਨ। ਉਸ ਨੂੰ ਸਦਾ ਹੀ ਗੰਦੀਆਂ ਗੱਲਾਂ ਸੁਝਦੀਆਂ ਹਨ। ਉਸ ਨੂੰ ਸਿਖਲਾਈ ਦਿਤੀ ਜਾਂਦੀ ਹੈ ਕਿ ਰੱਬ ਨਹੀਂ ਹੈ। ਇਸ ਨੂੰ ਅੰਗਰੇਜ਼ੀ ਵਿਚ ***BRAIN WASHING*** ਕਹਿੰਦੇ ਹਨ (ਮਤਲਬ ਦੂਜੇ ਦੇ ਦਿਮਾਗ ਵਿਚੋਂ ਪਹਿਲੇ ਖਿਆਲ ਕੱਢ ਕੇ ਦੂਜੇ ਪਾ ਦੇਣੇ ਜਾਂ ਦਿਮਾਗ ਨੂੰ ਧੋ ਦੇਣਾ) ਜਦ ਬੰਦਾ ਇਸ ਸਟੇਜ ਵਿਚ ਜਾ ਪਹੁੰਚਦਾ ਹੈ ਤਾਂ ਉਸਨੂੰ ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਪ੍ਰਭੂ ਦਾ ਗਿਆਨ ਤਾਂ ਉਸਨੂੰ ਕਿਥੇ ਹੋਣਾ ਹੈ। ਉਸਨੂੰ ਤਾਂ ਆਪਣੀ ਸੱਕੀ ਭੈਣ ਦਾ ਅਤੇ ਮਾਂ ਦਾ ਭੀ ਗਿਆਨ ਭੁੱਲ ਜਾਂਦਾ ਹੈ ਅਤੇ ਇਹੋ ਜਿਹਾ ਇਨਸਾਨ ਆਪਣੀ ਮਾਂ ਅਤੇ ਭੈਣ ਵੱਲ ਵੀ ਬੁਰੀ ਨਜ਼ਰ ਸੁੱਟਣ ਤੋਂ ਨਹੀਂ ਰੋਕਦਾ। ਜ਼ਿਆਦਾ ਲਿਖਣਾ ਠੀਕ ਨਹੀਂ। ਤੁਸੀਂ ਇਹੋ ਜਿਹੇ ਕਪੁੱਤਰ

ਕਈ ਥਾਵਾਂ ਤੇ ਦੇਖ ਤੇ ਸੁਣ ਚੁਕੇ ਹੋਵੋਗੇ ।

ਚਲੋ ਆਪਾਂ ਇਸ ਗੰਦ ਨੂੰ ਫਰੋਲ ਕੇ ਕੀ ਲੈਣਾ ਹੈ ? ਆਪਾਂ ਅੱਗੇ ਚਲੀਏ । ਹਾਂ ਜੀ, ਫਿਰ ਕੁਸੰਗਤ ਵਿਚ ਬੈਠਣ ਨਾਲ ਬੰਦੇ ਦਾ ਦਿਮਾਗ ਇਤਨਾ ਧੋ ਦਿਤਾ ਜਾਂਦਾ ਹੈ ਕਿ ਉਹ ਪੁਕਾਰ ਉਠਦਾ ਹੈ ਕਿ ਰੱਬ ਜਾਂ ਪਰਮਾਤਮਾ ਨਹੀਂ ਹੈ । ਜਿਹੜੇ ਕਹਿੰਦੇ ਹਨ ਕਿ ਰੱਬ ਹੈ, ਉਹ ਝੂਠ ਬੋਲਦੇ ਹਨ । ਇਸੇ ਲਈ ਗੁਰਬਾਣੀ ਸਾਨੂੰ ਵਾਰ-2 ਉਪਦੇਸ਼ ਕਰਦੀ ਹੈ ਕਿ ਇਹਨਾਂ ਕੁਸੰਗਤੀਆਂ ਤੋਂ ਬਚੋ ।

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗਿ ॥ (ਅੰਗ 1371)

ਹੇ ਕਬੀਰ, ਨਾਸਤਕ ਦਾ ਸੰਗ ਨਹੀਂ ਕਰਨਾ । ਉਸ ਨੂੰ ਦੇਖ ਕੇ ਦੂਰੋਂ ਹੀ ਦੌੜ ਜਾਵੋ ਕਿਉਂਕਿ ਜੇ ਕਾਲੇ ਭਾਂਡੇ ਨਾਲ ਛੋਹਾਂਗੇ ਤਾਂ ਕਾਲਸ ਲੱਗ ਹੀ ਜਾਂਦੀ ਹੈ)

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥
ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥
(ਅੰਗ 1372)

(ਹੇ ਕਬੀਰ, ਨਾਸਤਕ ਨਾਲੋਂ ਤਾਂ ਸੂਰ ਹੀ ਚੰਗਾ ਹੈ ਜੋ ਪਿੰਡ ਦੇ ਆਲੇ ਦੁਆਲੇ ਗੰਦਗੀ ਖਾ ਕੇ ਪਿੰਡ ਨੂੰ ਸਾਫ ਸੁਥਰਾ ਰੱਖਦਾ ਹੈ ਅਤੇ ਜਦੋਂ ਨਾਸਤਕ ਮਰ ਜਾਂਦਾ ਹੈ ਤਾਂ ਕਿਸੇ ਨੂੰ ਉਸ ਦੀ ਯਾਦ ਹੀ ਨਹੀਂ ਰਹਿੰਦੀ)

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ (ਅੰਗ 1369)

(ਹੇ ਕਬੀਰ, ਸਾਧੂ ਦੀ ਸੰਗਤ ਕਰਨੀ ਚਾਹੀਦੀ ਹੈ ਜੋ ਅਖੀਰ ਤੱਕ ਸਾਥ ਦਿੰਦੀ ਹੈ । ਨਾਸਤਕ ਦੀ ਸੰਗਤ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ

ਨਾਲ ਤਬਾਹੀ ਹੋ ਜਾਂਦੀ ਹੈ)

ਫਿਰ ਵੀਰ ਦੇਖਿਆ, ਸਾਕਤ ਦੀ ਸੰਗਤ ਦਾ ਫਲ। ਹਲੇ ਤਾਂ ਗੁਰਬਾਣੀ ਵਿਚ ਹੋਰ ਭੀ ਬਹੁਤ ਖੁਲਾਸਾ ਕੀਤਾ ਹੈ। ਹੁਣ ਫਿਰ ਮਨੁਸ਼ਾ ਜਨਮ ਤਾਂ ਮਿਲ ਗਿਆ ਪਰ ਸੰਗਤ ਹੋ ਗਈ ਸਾਕਤ ਪੁਰਸ਼ਾਂ ਦੀ। ਰੱਬ ਦੀ ਹਸਤੀ ਤੋਂ ਹੀ ਇਨਕਾਰ ਕਰਨ ਲੱਗ ਪਿਆ। ਤਾਂ ਫਿਰ ਉਸ ਨੇ ਰੱਬ ਦਾ ਨਾਮ ਕੀ ਲੈਣਾ ਹੈ ? ਹੁਣ ਦੇਖੀਏ ਭਲਾ ਗੁਰੂ ਸਾਹਿਬ ਇਹੋ ਜਿਹੇ ਪੁਰਸ਼ਾਂ ਲਈ ਕੀ ਹੋਕਾ ਦਿੰਦੇ ਹਨ ?

ਜੋ ਦਮੁ ਚਿਤ ਨ ਆਵਈ ਸੋ ਦਮੁ ਬਿਰਥਾ ਜਾਇ ॥ (ਅੰਗ 730)

ਜਿਨੀ ਨਾਮ ਵਿਸਾਰਿਆ ਸੇ ਹੋਤ ਦੇਖੇ ਖੇਹ ॥
ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤੂਟਤੇ ਏ ਨੇਹ ॥ (ਅੰਗ 1006)

ਦੇਖੋ ਕਬੀਰ ਸਾਹਿਬ ਕੀ ਫੁਰਮਾਉਂਦੇ ਹਨ :-

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥ (ਅੰਗ 1370)

(ਹਰੀ ਦਾ ਸਿਮਰਨ ਛੱਡ ਕੇ ਰਾਤਾਂ ਜਾਗਦਾ ਹੈ, ਚੋਰੀ, ਯਾਰੀ, ਠੱਗੀ, ਸਿਨਮੇ ਜਾਂ ਬਹੁ ਪ੍ਰਕਾਰ ਦੇ ਤਮਾਸ਼ਿਆਂ ਲਈ ਤਾਂ ਉਹ ਸਪਨੀ ਦੀ ਜੂਨ ਵਿਚ ਪੈਂਦਾ ਹੈ, ਜਿਹੜੀ ਆਪਣੇ ਬੱਚਿਆਂ ਨੂੰ ਆਪ ਖਾ ਜਾਂਦੀ ਹੈ)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਰੰਗ ਤਮਾਸ਼ੇ ਬਹੁ ਬਿਧੀ ਚਾਇ ਲਗਿ ਰਹਿਆ ॥
ਚਿਤਿ ਨ ਆਇਓ ਪਾਰਬ੍ਰਹਮ ਤਾ ਸਰਪ ਕੀ ਜੂਨਿ ਗਇਆ ॥
(ਅੰਗ 70)

ਕਈ ਸਾਰੀ ਉਮਰ ਹਰੀ ਦੇ ਸਿਮਰਨ ਨੂੰ ਛੱਡ ਕੇ ਪੁੱਤਰ, ਪੋਤਰੇ ਇਸਤਰੀ ਅਤੇ ਰਿਸ਼ਤੇਦਾਰਾਂ ਵਿਚ ਹੀ ਗਲਤਾਨ ਹੋ ਕੇ ਸਾਰੀ ਉਮਰ ਬਿਰਥਾ ਗਵਾ ਦਿੰਦੇ ਹਨ। ਉਹਨਾਂ ਲਈ ਕਬੀਰ ਜੀ ਲਿਖਦੇ ਹਨ :-

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥
ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥
(ਅੰਗ 1370)

(ਧੰਧਾ ਕਰਦਾ-2 ਮਰ ਜਾਂਦਾ ਹੈ ਨਾ ਕੋਈ ਭਾਈ ਅਤੇ ਨਾ ਕੋਈ ਰਿਸ਼ਤੇਦਾਰ ਛੁਡਾ ਸਕਦਾ ਹੈ)।

ਅਤੇ ਕਈ ਉਤੋਂ ਉਤੋਂ ਪ੍ਰਚਾਰ ਕਰਦੇ ਫਿਰਦੇ ਹਨ ਪ੍ਰੰਤੂ ਪਰਾਈ ਇਸਤਰੀ ਦਾ ਸੰਗ ਕਰਦੇ ਹਨ, ਉਹਨਾਂ ਲਈ ਕਬੀਰ ਜੀ ਲਿਖਦੇ ਹਨ :-

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇ ਕੈ ਅਉਤਰੈ ਭਾਰ ਸਹੈ ਮਨ ਚਾਰਿ ॥ (ਅੰਗ 1370)

(ਇਹੋ ਜਿਹੇ ਲੋਗ ਅਗਲੇ ਜਨਮ ਵਿਚ ਗਧੀ ਬਣਦੇ ਹਨ ਅਤੇ ਚਾਰ ਮਣ ਪੱਕਾ ਭਾਰ ਚੁਕਣਾ ਪੈਂਦਾ ਹੈ)

ਜਿਹੜੇ ਨਾਮ ਨਹੀਂ ਜਪਦੇ ਉਹਨਾਂ ਤੇ ਫਿਟਕਾਰਾਂ ਪੈਂਦੀਆਂ ਹਨ, ਉਹਨਾਂ ਦਾ ਪਹਿਨਣਾ ਧ੍ਰਿਗ ਹੈ, ਉਹਨਾਂ ਦਾ ਖਾਣਾ ਧ੍ਰਿਗ ਹੈ, ਉਹ ਸਦਾ ਦੁਖੀ ਰਹਿੰਦੇ ਹਨ, ਉਹਨਾਂ ਦੇ ਦਰਗਾਹ ਵਿਚ ਭੀ ਮੂੰਹ ਕਾਲੇ ਹੁੰਦੇ ਹਨ, ਉਹਨਾਂ ਨੂੰ 84 ਦਾ ਗੇੜ ਪੈ ਜਾਂਦਾ ਹੈ।

ਜਿਹੜੇ ਨਾਮ ਨਹੀਂ ਜਪਦੇ, ਹਰ ਵਕਤ ਮਾਇਆ ਇਕੱਠੀ ਕਰਨ ਵਿਚ ਹੀ ਲੱਗੇ ਰਹਿੰਦੇ ਹਨ, ਵੰਨ ਸੁਵੰਨੇ ਕੱਪੜੇ ਪਾ ਪਾ ਕੇ ਸ਼ਿੰਗਾਰ ਕਰਦੇ

ਹਨ, ਕੋਈ ਦਾਨ ਨਹੀਂ ਕਰਦੇ, ਪੁੰਨ ਨਹੀਂ ਕਰਦੇ, ਕਦੀ ਸੰਤਾਂ ਦੀ ਸੇਵਾ ਨਹੀਂ ਕਰਦੇ, ਉਹਨਾਂ ਦਾ ਇਸ ਸੰਸਾਰ ਤੇ ਆਉਣਾ ਬਿਰਥਾ ਹੈ। ਕੀ ਫੁਰਮਾਉਂਦੇ ਹਨ ਗੁਰੂ ਸਾਹਿਬ :-

ਮਾਨੁਖ ਬਿਨੁ ਬੂਝੇ ਬਿਰਥਾ ਆਇਆ ॥
ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥
ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥
ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥
(ਅੰਗ 712)

ਉਹਨਾਂ ਦੇ ਕੱਪੜੇ ਪਹਿਨਣਾ ਇਸ ਤਰ੍ਹਾਂ ਹੈ ਜਿਵੇਂ ਕਿ ਕਿਸੇ ਲਾਸ਼ ਦੇ ਕੱਪੜੇ ਪਹਿਨਾਏ ਹੋਣ।

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
(ਅੰਗ 790)

ਦੂਖ ਤਦੇ ਜਦ ਵੀਸਰੈ ਸੁਖ ਪ੍ਰਭ ਚਿਤ ਆਏ ॥ (ਅੰਗ 813)

ਨਾਨਕ ਜਿ ਨਾਮੁ ਨ ਚੇਤਨੀ ਤਿਨੁ ਧਿਗੁ ਪੈਨਣ ਧਿਗੁ ਖਾਣੁ ॥
(ਅੰਗ 646)

ਨਾਮ ਹੀਨ ਧ੍ਰਿਗ ਜੀਵਤੇ ਤਿਨ ਵਡ ਦੂਖ ਸਹੰਮਾ ॥ (ਅੰਗ 799)

ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥ (ਅੰਗ 647)

ਜਾ ਕਉ ਨਾਮ ਨ ਦੀਆ ਮੇਰੈ ਸਤਿਗੁਰ ਸੇ ਮਰ ਜਨਮਹ ਗਾਵਾਰਾ ॥
(ਅੰਗ 1003)

ਕੀ ਇਥੇ ਹੀ ਬਸ ਹੈ ? ਨਹੀਂ ਵੀਰ ਪਾਤਸ਼ਾਹ ਫੁਰਮਾਉਂਦੇ ਹਨ ਕਿ ਉਹ ਮਹਾਂ ਮੂਰਖ ਹਨ, ਬੰਦੇ ਨਹੀਂ ਹਨ ਪ੍ਰੇਤ ਹਨ, ਸਿਆਣੇ ਕਹਾਉਂਦੇ ਹਨ ਪਰ ਕਮਲੇ ਹਨ।

ਮੂਰਖਾਂ ਸਿਰ ਮੂਰਖ ਹੈ ਜਿ ਮੰਨੇ ਨਾਹੀ ਨਾਉ ॥ (ਅੰਗ 1015)

ਕਲ ਮਹਿ ਪ੍ਰੇਤ ਜਿਨੀ ਰਾਮ ਨ ਪਛਾਤਾ ਸਤਜੁਗ ਪਰਮ ਹੰਸ ਬੀਚਾਰੀ ॥ (ਅੰਗ 1131)

ਬਿਨ ਨਾਵੈ ਜਗ ਕਮਲਾ ਫਿਰੈ ਗੁਰਮੁਖ ਨਦਰੀ ਆਇਆ ॥ (ਅੰਗ 643)

ਕੀ ਇਸ ਤੋਂ ਅੱਗੇ ਭੀ ਕੋਈ ਦਰਜਾ ਹੈ ਇਨ੍ਹਾਂ ਵਾਸਤੇ ? ਜੀ ਹਾਂ, ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਆਤਮਘਾਤੀ ਹਨ, ਕੁੱਤੇ, ਗਧੇ, ਸੱਪ, ਸੂਰ, ਕਾਂ ਤੋਂ ਭੀ ਮੰਦੇ ਹਨ, ਜੋ ਗੰਦਗੀ ਖਾਂਦੇ ਹਨ।

ਨਾਮ ਨ ਜਪਹਿ ਤੇ ਆਤਮਘਾਤੀ ॥ (ਅੰਗ 188)

ਜੋ ਨ ਸੁਨਹਿ ਜਸੁ ਪਰਮਾ ਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ (ਅੰਗ 188)

ਤ੍ਰਿਘਧ ਜੂਨਾਂ ਤੋਂ ਭੀ ਗੰਦੇ ਹਨ। ਤਾਂ ਫਿਰ ਕੀ ਹਨ ? ਗੰਦਗੀ ਖਾਣ ਵਾਲੇ ਨਹੀਂ ਹਨ ਪ੍ਰੰਤੂ 24 ਘੰਟੇ ਗੰਦਗੀ ਵਿਚ ਰਹਿਣ ਵਾਲੇ ਹਨ :-

ਸੋ ਪ੍ਰਭ ਚਿਤ ਨ ਆਵਈ ਵਿਸਟਾ ਕੇ ਕੀਰੇ ॥ (ਅੰਗ 707)

ਇਸ ਤੋਂ ਅੱਗੇ ਭੀ ਸਟੇਜ ਹੈ ਇਹਨਾਂ ਵੀਰਾਂ ਦੀ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਤੋਂ ਬਗੈਰ ਕੋਹੜੀ ਹੈ ਅਤੇ ਅੰਨ੍ਹਾ ਹੈ।

ਨਾਮ ਬਿਨਾ ਕੁਸਟੀ ਮੋਹ ਅੰਧਾ ॥ (ਅੰਗ 367)

ਸੋ ਵੀਰ, ਇਹੋ ਜਿਹਾ ਪੁਰਸ਼ ਭਾਵੇਂ ਕਰੋੜਾਂ ਸਾਲ ਜਿਉਂਦਾ ਰਹੇ, ਉਸ ਦੀ ਸਾਰੀ ਉਮਰਾ ਵਿਰਥੀ ਹੀ ਚਲੀ ਜਾਂਦੀ ਹੈ ਅਤੇ ਨਾਮ ਜਪਣ ਦਾ ਮਹਾਤਮ ਕੀ ਹੈ ? ਨਾਮ ਤੋਂ ਬਗੈਰ ਉਸ ਦੇ ਕਰੋੜਾਂ ਸਾਲ

ਬੇਅਰਥ ਤੇ ਜੇ ਨਾਮ ਜਪ ਲਿਆ ਇਕ ਨਿਮਖ ਮਾਤਰ ਤਾਂ ਉਹ ਸਦਾ ਲਈ ਜਿਉਂਦਾ ਹੋ ਜਾਂਦਾ ਹੈ।

ਬਿਨ ਸਿਮਰਨ ਕੋਟ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥
ਏਕ ਨਿਮਖ ਗੋਬਿੰਦ ਭਜਨ ਕਰਤਉ ਸਦਾ ਜੀਵਾਨਦ ॥
(ਅੰਗ 1204)

ਕਿਉਂਕਿ ਇਕ ਨਿਮਖ ਦੇ ਸਿਮਰਨ ਦਾ ਮਹਾਤਮ ਬਹੁਤ ਵੱਡਾ ਹੈ। ਅਤੇ ਇਕ ਨਿਮਖ ਮਾਤਰ ਜੇ ਸੁਆਮੀ ਬਿਸਰ ਜਾਵੇ ਤਾਂ ਕਿੰਨਾ ਘਾਟਾ ਪੈਂਦਾ ਹੈ ?

ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ ॥
(ਅੰਗ 1209)

ਹੁਣ ਕੀ ਫਿਰ ਸਾਕਤ ਪੁਰਸ਼ਾਂ ਵਾਸਤੇ, ਨਾਮ ਹੀਨ ਪੁਰਸ਼ਾਂ ਵਾਸਤੇ ਗੁਰਬਾਣੀ ਵਿਚ ਹੋਰ ਕੁਝ ਭੀ ਲਿਖਿਆ ਹੈ ? ਜ਼ਰਾ ਵੀਚਾਰੋ।

ਬਿਨੁ ਸਿਮਰਨ ਭਏ ਕੂਕਰ ਕਾਮ ॥
ਸਾਕਤ ਬੇਸੁਆ ਪੂਤ ਨਿਨਾਮ ॥ (ਅੰਗ 239)

(ਸਿਮਰਨ ਤੋਂ ਬਗੈਰ ਕੁੱਤਿਆਂ ਵਾਲੇ ਕੰਮ ਕਰਦੇ ਹਨ ਅਤੇ ਉਹ ਵੇਸਵਾ ਇਸਤਰੀ ਦੇ ਪੁੱਤਰ ਵਰਗੇ ਹੋ ਜਾਂਦੇ ਹਨ, ਜਿਸ ਦੇ ਬਾਪ ਦਾ ਕੋਈ ਨਾਮ ਨਹੀਂ ਹੁੰਦਾ)

ਬਿਨ ਸਿਮਰਨ ਗਰਧਭ ਕੀ ਨਿਆਈ ॥
ਸਾਕਤ ਥਾਨ ਭਰਿਸਟ ਫਿਰਾਹੀ ॥
ਬਿਨੁ ਸਿਮਰਨ ਕੂਕਰ ਹਰਕਾਇਆ ॥
ਸਾਕਤ ਲੋਭੀ ਬੰਧੁ ਨ ਪਾਇਆ ॥ (ਅੰਗ 239)

(ਸਿਮਰਨ ਤੋਂ ਬਗੈਰ ਗਧੇ ਦੀ ਤਰ੍ਹਾਂ ਹਨ, ਅਤੇ ਇਹ ਗੰਦੇ ਥਾਵਾਂ ਤੇ

ਫਿਰਦੇ ਹਨ ਅਤੇ ਹਲਕੇ ਕੁੱਤੇ ਦੀ ਤਰ੍ਹਾਂ ਹਨ ਅਤੇ ਲੋਭ ਵਿਚ ਫਸੇ ਰਹਿੰਦੇ ਹਨ)

# 7. ਨਾਮ ਦਾ ਅਧਿਕਾਰੀ ਕੌਣ ?

ਵਾਹਿਗੁਰੂ-2 ਜਾਂ ਰਾਮ-2 ਤਾਂ ਚੋਰ, ਯਾਰ ਅਤੇ ਠੱਗ ਭੀ ਆਪਣਾ ਕੁਕਰਮ ਕਰਨ ਤੋਂ ਪਹਿਲਾਂ ਕਹਿੰਦੇ ਹਨ ਪ੍ਰੰਤੂ ਉਨ੍ਹਾਂ ਦੇ ਕਹਿਣ ਵਿਚ ਅਤੇ ਮਹਾਂਪੁਰਸ਼ਾਂ ਦੇ ਕਹਿਣ ਵਿਚ ਫਰਕ ਹੈ।

ਰਾਮ-2 ਕਹਿਣਾ ਅਤੇ ਰਾਮ-2 ਹਿਰਦੇ ਵਿਚ ਵਸਾਉਣਾ ਅਲੈਹਦਾ-2 ਗੱਲਾਂ ਹਨ। ਕੋਈ ਇਨਸਾਨ ਭਾਵੇਂ ਸਾਰਾ ਜਨਮ ਹੀ ਸਾਧ ਸੰਗਤ ਕਰਦਾ ਰਹੇ ਪ੍ਰੰਤੂ ਜੇ ਉਹ ਸਾਧੂ ਦਾ ਉਪਦੇਸ਼ ਸੁਣ ਕੇ ਉਸ ਤੇ ਅਮਲ ਨਹੀਂ ਕਰਦਾ, ਉਸ ਉਪਦੇਸ਼ ਨੂੰ ਹਿਰਦੇ ਵਿਚ ਨਹੀਂ ਵਸਾਉਂਦਾ ਤਾਂ ਉਸਦਾ ਜਨਮ ਵਿਰਥਾ ਚਲਿਆ ਜਾਂਦਾ ਹੈ।

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਸਾਧ ਸੰਗਤਿ ਗੁਰਸਬਦੁ ਸੁਣਿ ਗੁਰ ਉਪਦੇਸੁ ਨ ਰਿਦੈ ਵਸਾਏ ॥
ਨਿਹਫਲ ਅਹਿਲਾ ਜਨਮੁ ਗਵਾਏ ॥ (ਵਾਰ 17, 1)

ਸੋ ਤੀਜੇ ਪਾਤਸ਼ਾਹ ਭੀ ਫੁਰਮਾਉਂਦੇ ਹਨ :-

"ਵਿਰਲੈ ਹਿਰਦੈ ਵਸਾਇਆ"

ਹੁਣ ਕਈ ਵੀਰ ਬੜੀ ਠੁੱਕ ਨਾਲ ਤੁਕ ਪੜ੍ਹ ਦਿੰਦੇ ਹਨ :-

"ਜਾ ਕਾ ਹਿਰਦਾ ਸੁੱਧ ਹੈ ਖੋਜ ਸ਼ਬਦ ਮਹਿ ਲੇਹ ॥"

ਦਿਨ ਰਾਤ ਪ੍ਰਚਾਰ ਕਰਦੇ ਹਨ ਕਿ ਸ਼ਬਦ ਵਿਚ ਖੋਜੋ, ਸ਼ਬਦ ਵੱਡਾ ਹੈ ਇਤਿਆਦਿ।

ਸ਼ਬਦ, ਸ਼ਬਦ ਦੀ ਰੱਟ ਲਾਈ ਰੱਖਦੇ ਹਨ। ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਦੇ ਨਹੀਂ ਤਾਂ ਫਿਰ ਸ਼ਬਦ ਦੀ ਪ੍ਰਾਪਤੀ ਕਿੱਥੇ ? ਹੁਕਮ ਮੰਨਦੇ ਨਹੀਂ, ਪਹਿਲੀ, ਦੂਜੀ ਜਮਾਤ ਪੜ੍ਹਦੇ ਨਹੀਂ ਤੇ ਸੋਚਦੇ ਹਨ ਕਿ ਐਮ. ਏ. ਦੀਆਂ ਕਿਤਾਬਾਂ ਬੁੱਕਲ ਵਿਚ ਲੈ ਕੇ ਹੀ ਐਮ. ਏ. ਪਾਸ ਹੋ ਜਾਵਾਂਗੇ। ਇਹ ਕਿਵੇਂ ਸੰਭਵ ਹੋ ਸਕਦਾ ਹੈ ?

ਹੁਕਮਨਾਮਾ ਤਾਂ ਇਹ ਹੈ :-

ਗੁਰੂ ਗਰੰਥ ਜੀ ਮਾਨਯੋਂ ਪ੍ਰਗਟ ਗੁਰਾਂ ਕੀ ਦੇਹ।<br>
ਜਾ ਕਾ ਹਿਰਦਾ ਸ਼ੁੱਧ ਹੈ ਖੋਜ ਸ਼ਬਦ ਮਹਿ ਲੇਹ।<br>
ਪਹਿਲਾਂ ਪ੍ਰਗਟ ਗੁਰਾਂ ਕੀ ਦੇਹ ਮੰਨ ਕੇ ਪੂਜ ਕੇ ਦਿਖਾਵੋ ॥<br>
ਫਿਰ ਹਿਰਦਾ ਸ਼ੁੱਧ ਦੀ ਸ਼ਰਤ ਪੂਰੀ ਕਰੋ।<br>
ਫਿਰ ਸ਼ਬਦ ਤਕ ਪਹੁੰਚ ਮਿਲ ਸਕੇਗੀ।

ਇਹ ਸਮਝਦੇ ਹਨ ਕਿ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਅਲਮਾਰੀਆਂ ਵਿਚ, ਟਰੰਕਾਂ ਵਿਚ ਬੰਦ ਕਰਕੇ, ਅੰਦਰ ਖਾਤੇ ਸ਼ਰਾਬ ਦੇ ਪੈੱਗ ਲਾ ਕੇ, ਮੂੰਹ ਰਾਹੀਂ ਉੱਚੀ-2 ਲੋਗਾਂ ਨੂੰ "ਵਾਹਿਗੁਰੂ ਵਾਹਿਗੁਰੂ" ਦੀ ਰੱਟ ਸੁਣਾ ਕੇ ਉਹ ਸ਼ਬਦ ਦੀ ਪ੍ਰਾਪਤੀ ਕਰੀ ਬੈਠੇ ਹਨ। ਸ਼ਬਦ ਵਿਚੋਂ ਲਭਦੇ ਹਨ। ਸ਼ਬਦ ਵਾਲੇ ਨੂੰ ਦੇਖਣਾ ਪਸੰਦ ਨਹੀਂ ਕਰਦੇ। ਉਸ ਦੇ ਦਰਸ਼ਨਾਂ ਦੇ ਗਾਹਕ ਨਹੀਂ ਹਨ। ਸ਼ਬਦ ਕਿਥੋਂ ਆ ਗਿਆ ? ਧੁਰ ਅਸਮਾਨ ਤੋਂ ਡਿੱਗ ਤਾਂ ਨਹੀਂ ਪਿਆ। ਕੋਈ ਵਿਅਕਤੀ ਹੈ ਜੋ ਸ਼ਬਦ

ਤੁਹਾਡੇ ਤੱਕ ਲੈ ਕੇ ਆਇਆ। ਫਿਰ ਕੀ ਸ਼ਬਦ ਵੱਡਾ ਹੋਇਆ ਜਾਂ ਸ਼ਬਦ ਉਚਾਰਨ ਵਾਲਾ ? ਕਿਤਾਬ ਵੱਡੀ ਹੋਈ ਕਿ ਕਿਤਾਬ ਲਿਖਣ ਵਾਲਾ ? ਲਿਖਾਰੀ ਵਿਚ ਇਤਨੀ ਸਮਰਥਾ ਹੈ ਕਿ ਉਹ ਹੋਰ ਕਿਤਾਬਾਂ ਭੀ ਲਿਖ ਸਕਦਾ ਹੈ।

ਪ੍ਰੰਤੂ ਇਹ ਵੀਰ ਜੇ ਇੰਜ ਨਹੀਂ ਸਮਝ ਸਕਦੇ ਤਾਂ ਗੁਰਬਾਣੀ ਤੋਂ ਮੁਨਕਰ ਤਾਂ ਨਹੀਂ ਹੋ ਸਕਦੇ। ਵੀਰ ਜ਼ਰਾ ਦਰਸ਼ਨ ਕਰੋ ਗੁਰਬਾਣੀ ਦਾ :-

ਪਹਿਲੇ ਪਾਤਸ਼ਾਹ ਫੁਰਮਾਉਂਦੇ ਹਨ :-

ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸ਼ਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥
(ਅੰਗ 1039)

(ਅਜਿਹੇ ਪੁਰਖ ਸੰਸਾਰ ਵਿਚ ਵਿਰਲੇ ਹੀ ਹਨ ਜੋ ਗੁਰ ਸ਼ਬਦ ਦੀ ਵੀਚਾਰ ਕਰਦੇ ਹਨ ਅਤੇ ਨਿਰਾਲੇ ਰਹਿੰਦੇ ਹਨ। ਉਹ ਸੰਸਾਰ ਸਮੁੰਦਰ ਤੋਂ ਆਪ ਭੀ ਤਰ ਜਾਂਦੇ ਹਨ ਅਤੇ ਸਮੂਹ ਸੰਗਤ ਨੂੰ ਭੀ ਤਾਰ ਦਿੰਦੇ ਹਨ ਅਤੇ ਉਨ੍ਹਾਂ ਦਾ ਇਸ ਸੰਸਾਰ ਵਿਚ ਆਉਣਾ ਸਫਲ ਹੈ)

ਹਾਂ ਜੀ, ਫਿਰ ਕੀ ਫੁਰਮਾਉਂਦੇ ਹਨ ਗੁਰੂ ਨਾਨਕ ਸਾਹਿਬ ?

ਗੁਰ ਸ਼ਬਦ ਦੀ ਵੀਚਾਰ ਕਰਨ ਵਾਲੇ ਵਿਰਲੇ ਹੀ ਹਨ।

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਮੂਰਖ ਪੜਹਿ ਸਬਦ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥
(ਅੰਗ 1053)

(ਮੂਰਖ ਸ਼ਬਦ ਨੂੰ ਪੜ੍ਹਦੇ ਤਾਂ ਹਨ, ਪ੍ਰੰਤੂ ਅਮਲ ਨਹੀਂ ਕਰਦੇ। ਕੋਈ ਵਿਰਲਾ ਗੁਰਮੁਖ ਹੀ ਹੈ, ਜੋ ਸ਼ਬਦ ਨੂੰ ਪਛਾਣਦਾ ਹੈ)

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰਮੁਖਿ ਵਿਰਲਾ ਕੋਈ ਬੂਝੈ ਸ਼ਬਦੇ ਰਹਿਆ ਸਮਾਈ ॥

(ਅੰਗ 1332)

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਕੋਟਿ ਮਧੇ ਕਿਸਹਿ ਬੁਝਾਏ ॥
ਗੁਰ ਕੈ ਸਬਦਿ ਰਤੇ ਰੰਗੁ ਲਾਏ ॥ (ਅੰਗ 1055)

(ਕਰੋੜਾਂ ਵਿਚੋਂ ਗੁਰੂ ਸਾਹਿਬ ਕਿਸੇ ਵਿਰਲੇ ਨੂੰ ਸ਼ਬਦ ਸਮਝਾਉਂਦੇ ਹਨ)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਕੋਟਿ ਮਧੇ ਕੋਈ ਸੰਤੁ ਦਿਖਾਇਆ ॥
ਨਾਨਕ ਤਿਨ ਕੈ ਸੰਗਿ ਤਰਾਇਆ ॥
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥
ਆਪ ਤਰੈ ਸਭੁ ਕੁਟੰਬੁ ਤਰਾਈਐ ॥ (ਅੰਗ 1348)

(ਕ੍ਰੋੜਾਂ ਵਿਚੋਂ ਕੋਈ ਪੂਰਨ ਸੰਤ ਦਿਸਦਾ ਹੈ। ਇਹੋ ਜਿਹੇ ਸੰਤ ਦੀ ਸੰਗਤ ਨਾਲ ਤਰ ਜਾਈਦਾ ਹੈ)

ਪ੍ਰੰਤੂ ਨਾਲ ਸ਼ਰਤ ਭੀ ਰੱਖੀ ਹੈ ਗੁਰੂ ਸਾਹਿਬ ਨੇ। ਕੀ ?

(ਜੇ ਮੱਥੇ ਦੇ ਭਾਗ ਜਾਗ ਪੈਣ ਤਾਂ ਪੂਰਨ ਸੰਤ ਦੇ ਦਰਸ਼ਨ ਹੁੰਦੇ ਹਨ ਅਤੇ ਫਿਰ ਜਿਹੜਾ ਦਰਸ਼ਨ ਕਰ ਲੈਂਦਾ ਹੈ ਉਹ ਆਪ ਭੀ ਤਰ ਜਾਂਦਾ ਹੈ ਅਤੇ ਸਾਰੇ ਪਰਿਵਾਰ ਨੂੰ ਭੀ ਤਾਰ ਦਿੰਦਾ ਹੈ)

ਅਤੇ ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ (ਅੰਗ 994)

ਸੋ ਇਹੋ ਜਿਹਾ ਵਿਰਲਾ ਮਹਾਂ ਪੁਰਸ਼ ਹੀ ਸ਼ਬਦ ਵਿਚੋਂ ਖੋਜ ਸਕਦਾ ਹੈ। ਹੁਣ ਸਾਰੇ ਪੜ੍ਹੀ ਜਾਂਦੇ ਹਨ "ਖੋਜ ਸ਼ਬਦ ਮਹਿ ਲੇਹ" ਪ੍ਰੰਤੂ ਇਹ ਕਦੀ ਨਹੀਂ ਸੋਚਦੇ ਕਿ ਸ਼ਬਦ ਵਿਚੋਂ ਕੀ ਖੋਜਣਾ ਹੈ। ਗੁਰੂ ਸਾਹਿਬ ਸਾਨੂੰ ਇਹ ਭੀ ਦਸਦੇ ਹਨ। ਕੋਈ ਗੱਲ ਅਧੂਰੀ ਨਹੀਂ ਛੱਡੀ ਸੱਚੇ ਪਾਤਸ਼ਾਹ ਨੇ। ਹਾਂ ਜੀ ਫਿਰ ਕੀ ਫੁਰਮਾਉਂਦੇ ਹਨ ਗੁਰੂ ਸਾਹਿਬ ?

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥ (ਅੰਗ 916)

ਹਾਂ ਜੀ ਸ਼ਬਦ ਨੂੰ ਖੋਜ ਖੋਜ ਕੇ ਹਰੀ ਲਾਲ ਨੂੰ ਲੱਭ ਲੈਂਦੇ ਹਨ। ਸਰਗੁਣ ਸਰੂਪ ਵਿਚ ਦਰਸ਼ਨ ਕਰ ਲੈਂਦੇ ਹਨ ਅਤੇ ਜਿਨ੍ਹਾਂ ਦੇ ਭਾਗਾਂ ਵਿਚ ਗੋਲ ਮੋਲ ਚੱਕਰ ਹੀ ਲਿਖਿਆ ਹੈ, ਉਹਨਾਂ ਨੇ ਖੋਜ ਕੇ ਲੱਭਣਾ ਭੀ ਕੀ ਹੈ ?

ਅਤੇ ਸਾਡਾ ਕੀ ਹਾਲ ਹੈ ? ਗੁਰੂ ਸਾਹਿਬ ਹੁਕਮ ਦਿੰਦੇ ਹਨ ਕਿ ਉਸ "ਵਿਰਲੇ" ਸ਼ਬਦ ਦੀ ਸੋਝੀ ਵਾਲੇ ਨੂੰ ਟੋਲ ਲਵੋ, ਲੱਭ ਲਵੋ, ਉਹ ਕਰੋੜਾਂ ਵਿਚ ਇਕ ਹੋਵੇਗਾ ਅਤੇ ਇਹੀ ਸ਼ਬਦ ਦੀ ਰੱਟ ਲਾਉਣ ਵਾਲੇ ਵੀਰ ਜਵਾਬ ਦਿੰਦੇ ਹਨ :-

ਅਸੀਂ ਪ੍ਰਗਟ ਗੁਰਾਂ ਕੀ ਦੇਹ ਮੰਨਣਾ ਨਹੀਂ, ਅਸੀਂ ਪੂਰਨ ਸੰਤ ਦੇ ਗਾਹਕ ਨਹੀਂ, ਅਸੀਂ ਕਿਸੇ ਨੂੰ ਲੱਭਣ ਦੇ ਇਛਕ ਨਹੀਂ। ਇੰਜ ਤੇ ਪੂਰੀ ਨਹੀਂ ਪੈਣੀ।

ਗੁਰੂ ਸਾਹਿਬ ਕੀ ਫੁਰਮਾਉਂਦੇ ਹਨ ਇਹੋ ਜਿਹੇ ਵੀਰਾਂ ਲਈ :-

ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ
ਗਵਾਏ ॥ (ਅੰਗ 1278)

ਸੋ ਰਾਮ-2 ਕਹਿਣ ਵਿਚ ਅਤੇ ਰਾਮ-2 ਹਿਰਦੈ ਵਸਾਉਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਜਿਹਨਾਂ ਦੇ ਹਿਰਦੈ ਵਸ ਗਿਆ ਉਹਨਾਂ ਦੀ ਲੀਲ੍ਹਾ ਕੌਣ ਵਰਨਣ ਕਰ ਸਕਦਾ ਹੈ ?

ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥
ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥ (ਅੰਗ 46)

ਉਹਨਾਂ ਦੀ ਸੋਭਾ ਦਿਨ ਦੁਗਣੀਂ ਰਾਤ ਚੌਗਣੀਂ ਤਰੱਕੀ ਕਰਦੀ ਜਾਂਦੀ ਹੈ ਅਤੇ ਸਾਰੇ ਜਹਾਨ ਵਿਚ ਪ੍ਰਗਟ ਹੋ ਜਾਂਦੀ ਹੈ।

ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥ (ਅੰਗ 386)

ਚਾਰੇ ਕੁੰਟਾਂ ਵਿਚ ਉਸ ਦੀ ਜੈ ਜੈ ਕਾਰ ਹੋ ਜਾਂਦੀ ਹੈ।

ਹੁਣ ਸਵਾਲ ਉਠਦਾ ਹੈ ਕਿ ਇਸ ਦਾ ਅਧਿਕਾਰੀ ਫਿਰ ਕੌਣ ਹੈ ? ਕੀ ਇਹ ਦਾਤ ਹਰੇਕ ਨੂੰ ਮਿਲ ਜਾਂਦੀ ਹੈ ਜਾਂ ਵਾਹਿਗੁਰੂ ਜੀ ਦੀ ਕ੍ਰਿਪਾ ਜਿਸ ਤੇ ਹੋਵੇ, ਉਸ ਨੂੰ ਮਿਲਦੀ ਹੈ ?

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਦਾਤ ਜਤਨਾਂ ਦੁਆਰਾ ਨਹੀਂ ਮਿਲ ਸਕਦੀ ਬਲਕਿ ਜਿਸ ਦੇ ਵੱਡੇ ਭਾਗ ਹੋਣ, ਉਸ ਨੂੰ ਮਿਲਦੀ ਹੈ।

ਅਵਰ ਜਤਨਿ ਨਹੀਂ ਪਾਈਐ ॥ ਵਡੈ ਭਾਗਿ ਹਰਿ ਧਿਆਈਐ ॥
(ਅੰਗ 211)

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥
ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥
(ਅੰਗ 321)

## ੩) ਮਨ ਦੀ ਗਰੀਬੀ :

ਸਭ ਤੋਂ ਵੱਡੀ ਸ਼ਰਤ ਹੈ ਨਾਮ ਦੀ ਪ੍ਰਾਪਤੀ ਲਈ ਮਨ ਦੀ ਗਰੀਬੀ ਦੀ। ਪਾਣੀ ਕਦੇ ਉੱਚੇ ਥਾਂ ਨੂੰ ਨਹੀਂ ਚੜ੍ਹਦਾ ਜਦ ਕਿ ਨੀਵੇਂ ਥਾਂ ਨੂੰ ਗੋਲੀ ਵਾਂਗ ਜਾਂਦਾ ਹੈ ਇਸੇ ਤਰ੍ਹਾਂ ਜਿਥੇ ਗਰੀਬੀ ਆ ਗਈ ਉਥੇ ਨਾਮ ਟਿਕ ਸਕਦਾ ਹੈ। ਇਹ ਦਾਤ ਝੂਠੇ, ਕਾਮੀ, ਕ੍ਰੋਧੀ, ਹੰਕਾਰੀ ਆਦਿ ਪੁਰਸ਼ਾਂ ਨੂੰ ਨਹੀਂ ਮਿਲ ਸਕਦੀ। ਉਹਨਾਂ ਤੋਂ ਤਾਂ ਸੈਂਕੜੇ ਕੋਹ ਦੂਰ ਰਹਿੰਦੀ ਹੈ।

ਜਿਨ ਕੈ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ ਕੂੜਿਆਰਾਂ ਚਿਤ ਉਦਾਸਿ ॥ (ਅੰਗ 314)

ਕੂੜਿ ਕਪਟਿ ਅਹੰਕਾਰਿ ਰੀਝਾਨਾ ॥
ਨਾਮੁ ਸੁਨਤ ਜਨ ਬਿਛੂਅ ਡਸਾਨਾ ॥ (ਅੰਗ 992)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਖੰਡ ਰੇਤ ਵਿਚ ਮਿਲੀ ਪਈ ਹੋਵੇ ਤਾਂ ਉਸ ਨੂੰ ਹਾਥੀ ਨਹੀਂ ਖਾ ਸਕਦਾ ਉਹ ਤਾਂ ਮਿਧ ਕੇ ਲੰਘ ਜਾਵੇਗਾ ਪ੍ਰੰਤੂ ਉਸ ਨੂੰ ਕੀੜੀ ਚੁਣ ਕੇ ਖਾ ਸਕਦੀ ਹੈ।

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥
(ਅੰਗ 1377)

ਮਾਈਆਂ ਮਿੱਟੀ ਦੇ ਭਾਂਡੇ ਵਿਚ ਘਿਉ ਪਾ ਕੇ ਰਖਦੀਆਂ ਹਨ। ਸਮਾਂ ਪਾ ਕੇ ਉਹ ਭਾਂਡਾ ਟੁਟ ਜਾਂਦਾ ਹੈ ਅਤੇ ਉਸ ਨੂੰ ਬਾਹਰ ਸੁਟ ਦਿੰਦੀਆਂ ਹਨ ਹੁਣ ਠੀਕਰੀਆਂ ਪਈਆਂ ਹਨ। ਕਿਸੇ ਦੇ ਕੋਈ ਕੰਮ ਨਹੀਂ ਪ੍ਰੰਤੂ ਕੀੜੀ ਨੂੰ ਉਸ ਠੀਕਰੀ ਵਿਚ ਭੀ ਕੁਝ ਲਭਦਾ ਹੈ ਅਤੇ ਉਹ ਕਤਾਰਾਂ ਬੰਨ੍ਹ ਕੇ ਉਸ ਠੀਕਰੀ ਵਿਚੋਂ ਭੀ ਦਬਾ ਦਬ ਕੁਝ ਲੱਭ ਕੇ ਲਈ ਜਾ ਰਹੀਆਂ ਹਨ ਉਸ ਤਹਿ ਤਕ ਕੀੜੀ ਪਹੁੰਚਦੀ ਹੈ। ਜਿਸ ਤਰ੍ਹਾਂ ਜਦੋਂ ਆਪਾਂ ਬੋਰ ਕਰਦੇ ਹਾਂ ਤਾਂ ਮਿੱਟੀ ਦੀਆਂ ਕਈ ਤਹਿਆਂ ਪਾਂਡੂ, ਰੋੜ, ਰੇਤਾ ਆਦਿ ਆਉਂਦੀਆਂ ਹਨ ਫਿਰ ਪਾਣੀ ਦਾ ਪੱਤਣ ਮਿਲ ਜਾਂਦਾ ਹੈ ਅਤੇ ਹੁਣ ਪਾਣੀ ਛੱਲਾਂ ਮਾਰਦਾ ਉਪਰ ਨੂੰ ਉਠਦਾ ਹੈ। ਇਸੇ ਤਰ੍ਹਾਂ ਇਕ ਨਾਮ ਅਭਿਆਸੀ ਨੂੰ ਭੀ ਗਰੀਬੀ ਦੀਆਂ ਅਨੇਕਾਂ ਤਹਿਆਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਫਿਰ ਉਸ ਦੀ ਵਡਿਆਈ, ਉਸ ਦੀ ਸੋਭਾ ਸਾਰੇ ਸੰਸਾਰ ਨੂੰ ਉਸ ਦੇ ਚਰਨਾਂ ਤੇ ਸੁਟ ਲੈਂਦੀ ਹੈ।

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥
(ਅੰਗ 820)

(ਹੇ ਪ੍ਰਭੂ, ਮੈਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਾਂ ਅਤੇ ਹੋਰ ਸਭ ਨੂੰ ਉੱਚਾ ਜਾਣਾਂ)

ਪੈਰ ਸਭ ਤੋਂ ਨੀਵੇਂ ਹੁੰਦੇ ਹਨ ਅਤੇ ਪੈਰਾਂ ਦੇ ਹੇਠਾਂ ਧੂੜ ਹੈ। ਇਸ ਧੂੜ ਵਿਚ ਇਤਨੀ ਕੋਮਲਤਾ ਆ ਜਾਂਦੀ ਹੈ ਕਿ ਉੱਡ ਕੇ ਸਿਖਰ ਅਸਮਾਨ ਜਾ ਪਹੁੰਚਦੀ ਹੈ।

ਬੇਰੀ ਨੂੰ ਜਦ ਫਲ ਲਗਦਾ ਹੈ ਤਾਂ ਨਿਉਂ ਜਾਂਦੀ ਹੈ। ਇਤਨੀ ਗਰੀਬੀ ਆ ਜਾਂਦੀ ਹੈ ਕਿ ਜੇ ਕੋਈ ਇੱਟਾਂ ਮਾਰਦਾ ਹੈ, ਤਾਂ ਉਸ ਨੂੰ ਭੀ ਫਲ ਦਿੰਦੀ ਹੈ। ਰਿੰਡ ਤੇ ਬਾਂਸ ਸਿੱਧੇ ਜਾਂਦੇ ਹਨ ਕਿਉਂਕਿ ਵਿਚੋਂ ਪੋਲੇ ਹੁੰਦੇ ਹਨ। ਇਸੇ ਤਰ੍ਹਾਂ ਗੁਰਮੁਖ ਵਸਤੂ ਪਾ ਕੇ ਨਿਵ ਜਾਂਦੇ ਹਨ ਅਤੇ ਮਨਮੁਖ ਉਪਰ ਨੂੰ ਹੀ ਜਾਂਦੇ ਹਨ ਪ੍ਰੰਤੂ ਵਿਚੋਂ ਪੋਲੇ ਤੇ ਫੋਕੇ ਹੀ ਹੁੰਦੇ ਹਨ।

ਇਸੇ ਤਰ੍ਹਾਂ ਇਕ ਹੁੰਦੇ ਹਨ ਬਚਨ ਅਤੇ ਇਕ ਹੁੰਦੇ ਹਨ ਕੁਬਚਨ। ਮਹਾਂ ਪੁਰਸ਼ ਬਚਨ ਕਰਦੇ ਹਨ ਅਤੇ ਮਨਮੁਖ ਕੁਬਚਨ ਕਰਦੇ ਹਨ। ਪਹਾੜਾਂ ਦੀ ਬਾਰਸ਼ ਪਹਾੜ ਹੀ ਸਹਾਰ ਸਕਦੇ ਹਨ। ਜੇ ਮੈਦਾਨਾਂ ਵਿਚ ਪਹਾੜਾਂ ਦੀ ਬਾਰਸ਼ ਪੈ ਜਾਵੇ ਤਾਂ ਪਰਲੋ ਆ ਜਾਵੇ। ਇਸੇ ਤਰ੍ਹਾਂ ਕੁਬਚਨ ਮਹਾਂ ਪੁਰਸ਼ ਹੀ ਸਹਾਰ ਸਕਦੇ ਹਨ। ਜ਼ਿਮੀਦਾਰ ਦਿਲ ਵਿਚ ਰਖਦੇ ਹਨ ਅਤੇ ਸਮਾਂ ਪਾ ਕੇ ਬਦਲਾ ਲੈਂਦੇ ਹਨ। ਪੜ੍ਹੇ ਲਿਖੇ ਕਲਮ ਨਾਲ ਈਰਖਾ ਕਢਦੇ ਹਨ ਪ੍ਰੰਤੂ ਪੂਰਨ ਮਹਾਂ ਪੁਰਸ਼ ਸਦ ਬਖਸ਼ਿੰਦ ਸਦਾ ਮਿਹਰਵਾਨ ਹੁੰਦੇ ਹਨ। ਵੱਡਿਆਂ ਦੇ ਦਿਲ ਵੱਡੇ ਹੁੰਦੇ ਹਨ ਅਤੇ ਛੋਟਿਆਂ ਦੇ ਦਿਲ ਛੋਟੇ ਹੁੰਦੇ ਹਨ।

ਕਿਸੇ ਦੀਵਾਨ ਵਿਚ ਕੋਈ ਮਹਾਂ ਪੁਰਸ਼ ਆ ਗਿਆ। ਕਿਸੇ ਨੇ ਉਸਨੂੰ ਟੋਹਣ ਲਈ ਪੁਛਿਆ ਕਿ ਤੁਹਾਡਾ ਨਾਂ ਕੀ ਹੈ ? ਤਾਂ ਉਸ ਨੇ ਕਿਹਾ "ਸ਼ਾਂਤੀ ਦਾਸ" ਉਸ ਨੇ ਫਿਰ ਪੁਛਿਆ ਤਾਂ ਉਸ ਨੇ ਫਿਰ ਉਹੀ ਜਵਾਬ ਦਿਤਾ। ਉਸ ਨੇ ਦੋ ਤਿੰਨ ਵਾਰ ਹੋਰ ਪੁਛਿਆ ਤਾਂ ਉਹ ਸੋਟੀ ਚੁਕ ਕੇ ਮਗਰ ਭੱਜ ਲਿਆ ਅਤੇ ਕਿਹਾ ਕਿ ਤੈਨੂੰ ਸੁਣਦਾ ਨਹੀਂ ਤਾਂ ਉਸ ਆਦਮੀ ਨੇ ਕਿਹਾ "ਮੈਂ ਤਾਂ ਦੇਖਣਾ ਸੀ ਕਿ ਕੀ ਤੁਸੀਂ ਸੱਚ ਮੁੱਚ ਸ਼ਾਂਤੀ ਦਾਸ ਹੀ ਹੋ। ਮੈਨੂੰ ਤਾਂ ਹੁਣ ਪਤਾ ਲੱਗ ਗਿਆ ਕਿ ਤੁਸੀਂ ਤਾਂ ਭਾਂਬੜ ਦਾਸ ਹੋ। ਸੋ ਉਤੋਂ ਉਤੋਂ ਗਰੀਬੀ ਦਿਖਾਉਣ ਵਾਲੇ ਬਹੁਤ ਦਿਖਾਈ ਦੇਣਗੇ ਪ੍ਰੰਤੂ ਗੁਰੂ ਸਾਹਿਬ ਆਪਾਂ ਨੂੰ ਹੁਕਮ ਦਿੰਦੇ ਹਨ ਕਿ ਚੰਗੀ ਤਰ੍ਹਾਂ ਟਣਕਾ ਲਵੋ।

## b) ਮਨ ਵਸ ਕਰਨ ਨਾਲ :

ਹੁਣ ਦੂਜੀ ਸ਼ਰਤ ਹੈ ਮਨ ਨੂੰ ਵਸ ਕਰਨ ਦੀ। ਜਿਸ ਦਾ ਮਨ ਹੀ ਵਸ ਵਿਚ ਨਹੀਂ ਉਹ ਕਦੋਂ ਨਾਮ ਅਭਿਆਸੀ ਹੋ ਸਕਦਾ ਹੈ? ਇਕੱਲੇ ਚੋਲੇ ਪਾਉਣ ਨਾਲ, ਮਾਲਾ ਫੜਨ ਨਾਲ, ਸੇਵਕਾਂ ਤੋਂ ਮੱਥਾ ਟਿਕਾਉਣ ਨਾਲ ਤਾਂ ਨਾਮ ਅਭਿਆਸੀ ਨਹੀਂ ਹੋ ਸਕਦਾ। ਹਰੇਕ ਨੂੰ ਆਪਣੇ ਮਨ ਦਾ ਪਤਾ ਹੁੰਦਾ ਹੈ। ਚੰਗੀ ਗੱਲ ਹੈ ਕਿ ਲੋਕਾਂ ਨੂੰ ਧੋਖੇ ਵਿਚ ਪਾਉਣ ਤੋਂ ਪਹਿਲਾਂ ਉਹ ਆਪਣੇ ਮਨ ਨੂੰ ਟਣਕਾ ਕੇ ਦੇਖ ਲਵੇ।

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥ (ਅੰਗ 298)

ਮਨ ਕਿਵੇਂ ਵਸ ਵਿਚ ਆਉਂਦਾ ਹੈ ਇਸ ਬਾਰੇ "ਬਾਦਸ਼ਾਹ ਅਤੇ ਵਜ਼ੀਰ" ਦੇ ਪਾਠ ਵਿਚ ਲਿਖਿਆ ਜਾ ਚੁਕਿਆ ਹੈ। ਸੋ ਮਨ ਮਾਰੇ ਬਿਨੁ ਭਗਤੀ ਨਹੀਂ ਹੋ ਸਕਦੀ।

ਮਨ ਮਾਰੇ ਬਿਨੁ ਭਗਤਿ ਨ ਹੋਈ ॥ (ਅੰਗ 306)

ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥ (ਅੰਗ 327)

## c) ਆਪਣਾ ਆਪ ਗੁਰੂ ਨੂੰ ਸੌਂਪਣਾ :

ਤੀਜੀ ਸ਼ਰਤ ਨਾਮ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਗੁਰੂ ਸਾਹਿਬ ਨੂੰ ਸੌਂਪ ਦੇਣਾ ਹੈ। ਤਨ, ਮਨ ਤੇ ਧਨ ਪ੍ਰੰਤੂ ਇਸ ਤੋਂ ਅੱਗੇ ਭੀ

ਇਕ ਚੀਜ਼ ਹੈ ਜੇ ਉਹ ਨਹੀਂ ਸੌਂਪੀ (ਭੇਟਾ ਕੀਤੀ) ਤਾਂ ਤਨ, ਮਨ ਤੇ ਧਨ ਕਿਸੇ ਲੇਖੇ ਵਿਚ ਨਹੀਂ। ਉਹ ਕੀ ਹੈ ? "ਮੈਂ" ਜਦੋਂ ਤੱਕ ਮੈਂ ਨਹੀਂ ਦਿਤੀ ਉਦੋਂ ਤੱਕ "ਤੂੰ" ਨਹੀਂ ਮਿਲਣਾ।

ਕਹਿਆ ਕਰਣਾ ਦਿਤਾ ਲੈਣਾ ॥
ਗਰੀਬਾਂ ਅਨਾਥਾਂ ਤੇਰਾ ਮਾਣਾ ॥ (ਅੰਗ 99)

ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ ॥
(ਅੰਗ 432)

ਬਾਬਾ ਜੀ ਫੁਰਮਾਉਂਦੇ ਸਨ ਕਿ ਜੋ ਗੁਰੂ ਸਾਹਿਬ ਨੇ ਹੁਕਮ ਦਿਤਾ ਸੋ ਕਰ ਲਿਆ ਜੋ ਕੁਝ ਦੇ ਦਿਤਾ ਲੈ ਲਿਆ। ਜੇ ਇਸ ਤੇ ਕੋਈ ਅਮਲ ਕਰ ਲਵੇ ਤਾਂ ਉਸ ਨੂੰ ਹੋਰ ਜਪ ਤਪ ਦੀ ਲੋੜ ਨਹੀਂ।

ਭਾਈ ਨੰਦ ਲਾਲ ਦੀ ਗਜ਼ਲ ਹੈ :
ਜੋ ਕੁਝ ਤੇਰਾ ਦੇ ਦੇ ਉਸ ਨੂੰ ਤਨ ਮਨ ਧਨ ਤੇ ਆਪਾ ॥
ਦਿਤਾ ਖਾਵੀਂ ਦਿਤਾ ਪਹਿਨੀਂ ਛੱਡ ਦੇ ਹੋਰ ਸਿਆਪਾ ॥

ਜਦ ਆਪਾ ਹੀ ਦੇ ਦਿਤਾ ਫਿਰ ਪਾਸ ਕੀ ਰਹਿ ਗਿਆ। ਸਿਰ ਦੇਣ ਦੀ ਲੋੜ ਨਹੀਂ ਜੋ ਸਿਰ ਦੇਵਣ ਵਾਲੀ ਸ਼ੈਅ ਹੈ (ਆਪਾ) ਉਹ ਦੇ। ਫਿਰ ਗੁਰੂ ਸਾਹਿਬ ਖੁਸ਼ ਹੋਣਗੇ।

## d) ਹਿਸਾਬ ਕਿਤਾਬ ਨਾ ਮੰਗਣਾ :

ਚੌਥੀ ਸ਼ਰਤ ਨਾਮ ਦੀ ਪ੍ਰਾਪਤੀ ਲਈ ਹੈ ਕਿ ਨਾਮ ਜਪ ਕੇ ਭੀ

ਆਪਣੇ ਆਪ ਨੂੰ ਨੀਵਾਂ ਸਮਝਣਾ। ਗੁਰੂ ਸਾਹਿਬ ਨੂੰ ਇਹ ਬੇਨਤੀ ਨਹੀਂ ਕਰਨੀ ਕਿ ਮੈਂ ਇਤਨਾ ਨਾਮ ਜਪਿਆ ਹੈ, ਮੇਰਾ ਹਿਸਾਬ ਕਿਤਾਬ ਕਰੋ। ਉਹ ਤਾਂ ਸਾਰਾ ਜਪਿਆ ਨਿਸਫਲ ਚਲਿਆ ਗਿਆ।

ਦੋ ਸਾਧੂ ਸਨ। ਉਹਨਾਂ ਨੇ ਇਕ ਮਨ ਇਕ ਚਿਤ ਹੋ ਕੇ ਪੱਥਰ ਦੀਆਂ ਸਿਲਾਵਾਂ ਉਪਰ ਬੈਠ ਕੇ 12 ਸਾਲ ਘੋਰ ਤਪੱਸਿਆ ਕੀਤੀ। ਅਖੀਰ ਭਗਵਾਨ ਦੇ ਦਰਸ਼ਨ ਹੋਏ ਅਤੇ ਪੁਛਿਆ ਦੱਸੋ ਕੀ ਚਾਹੁੰਦੇ ਹੋ ? ਪਹਿਲੇ ਨੇ ਕਿਹਾ "ਮੈਂ ਆਪ ਦੀ 12 ਸਾਲ ਤਪੱਸਿਆ ਕੀਤੀ ਹੈ, ਮੇਰਾ ਹਿਸਾਬ ਕਿਤਾਬ ਕਰ ਦੇਵੋ," ਦੂਜੇ ਨੇ ਕਿਹਾ, "ਮੈਂ ਕੁਝ ਨਹੀਂ ਕੀਤਾ, ਮੈਂ ਕੋਈ ਭਗਤੀ ਨਹੀਂ ਕੀਤੀ ਜੇ ਮਿਹਰਬਾਨ ਹੋਏ ਹੋ ਤਾਂ ਆਪਣਾ ਬਣਾ ਲਵੋ।"

ਭਗਵਾਨ ਨੇ ਪਹਿਲੇ ਨੂੰ ਕਿਹਾ ਕਿ ਜਿਸ ਪੱਥਰ ਦੀ ਸਿਲਾ ਤੇ ਬੈਠ ਕੇ ਤੂੰ ਭਗਤੀ ਕੀਤੀ ਹੈ ਉਸ ਤੋਂ ਕੀ ਕਸੂਰ ਹੋ ਗਿਆ ਹੈ ? ਤੂੰ ਹਿਸਾਬ ਕਿਤਾਬ ਕਰਨਾ ਚਾਹੁੰਦਾ ਹੈਂ ਸੋ 12 ਸਾਲ ਇਸ ਪੱਥਰ ਦੇ ਟੁਕੜੇ ਨੂੰ ਆਪਣੇ ਸਿਰ ਤੇ ਚੁਕ ਕੇ ਖੜਾ ਰਹਿ ਫਿਰ ਤੇਰੇ ਨਾਲ ਗੱਲ ਕਰਾਂਗੇ, ਕਿਉਂਕਿ ਇਸ ਪੱਥਰ ਦਾ ਕੀ ਕਸੂਰ ਹੈ ਜਿਸ ਤੇ ਤੂੰ 12 ਸਾਲ ਬੈਠਾ ਰਿਹਾ ਹੈਂ ?

ਅਤੇ ਦੂਜੇ ਨੂੰ ਗਲ ਨਾਲ ਲਾ ਲਿਆ। ਸੋ ਇਥੇ ਤਾਂ ਭਗਤੀ ਕਰਕੇ, ਨਾਮ ਜਪ ਕੇ ਫਿਰ ਭੀ ਇਹ ਕੁਝ ਕਹਿਣਾ ਹੈ

ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥
(ਅੰਗ 1416)

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸ਼ਨਹਾਰ ਬਖਸ਼ਿ ਲੈ ਨਾਨਕ ਪਾਰਿ ਉਤਾਰਿ ॥ (ਅੰਗ 261)

## ੬) ਖਾਸ ਮਿੱਟੀ, ਤੇਲ ਅਤੇ ਬੱਤੀ :

ਬਹੁਤ ਵਾਰੀ ਬਾਬਾ ਜੀ ਪਾਸ ਕਈ ਜਗਿਆਸੂ ਆ ਕੇ ਬੇਨਤੀ ਕਰ ਦਿੰਦੇ ਸਨ "ਤੁਹਾਡੇ ਪਾਸ ਨਾਮ ਦਾ ਜਗਦਾ ਦੀਵਾ ਹੈ ਤੁਸੀਂ ਇਕ ਸਕਿੰਟ ਵਿਚ ਸਾਡਾ ਦੀਵਾ ਭੀ ਜਗਾ ਸਕਦੇ ਹੋ । ਫਿਰ ਬਖਸ਼ਸ਼ ਕਰੋ ।"

ਬਾਬਾ ਜੀ ਫੁਰਮਾਉਂਦੇ ਸਨ "ਭਾਈ ਦੀਵਾ ਕਿਵੇਂ ਬਣਦਾ ਹੈ ? ਬੱਤੀ ਕਿੰਨੀਆਂ ਸਟੇਜਾਂ ਵਿਚੋਂ ਨਿਕਲ ਕੇ ਬਣਦੀ ਹੈ ? ਤੇਲ ਕਿੰਨੀਆਂ ਸਟੇਜਾਂ ਵਿਚੋਂ ਲੰਘ ਕੇ ਬਣਦਾ ਹੈ ? ਪਹਿਲਾਂ ਦੀਵਾ, ਬੱਤੀ, ਤੇਲ ਤਿਆਰ ਕਰ ਕੇ ਲੈ ਆਵੋ, ਫਿਰ ਜਗਾ ਤਾਂ ਇਕੋ ਸਕਿੰਟ ਵਿਚ ਸਕਦੇ ਹਾਂ ।"

ਬਾਬਾ ਜੀ ਫੁਰਮਾਉਂਦੇ ਸਨ ਕਿ ਆਮ ਇਨਸਾਨ ਨੂੰ ਪਤਾ ਨਹੀਂ ਹੈ ਕਿ ਕਿਹੜੀ ਮਿੱਟੀ ਨਾਲ ਦੀਵਾ ਬਣ ਸਕਦਾ ਹੈ ਘੁਮਿਆਰ ਹੀ ਪਛਾਣ ਕਰ ਸਕਦਾ ਹੈ । ਫਿਰ ਉਹ ਦੀਵੇ ਦੀ ਸ਼ਕਲ ਬਣਾਉਂਦਾ ਹੈ ਅਤੇ ਚਪੇੜਾਂ ਮਾਰ ਮਾਰ ਕੇ ਉਸ ਦੇ ਵਿੰਗ ਵਲ ਭੀ ਕਢਦਾ ਹੈ। ਇਸੇ ਤਰ੍ਹਾਂ ਗੁਰੂ ਦਾ ਬਣ ਜਾਵੇ ਅਤੇ ਉਸ ਦੀ ਤਾੜਨਾ ਤੋਂ ਘਬਰਾਵੇ ਨਾ ਕਿਉਂਕਿ ਉਹ ਤਾੜਨਾ ਉਸ ਸਿੱਖ ਦੇ ਵਿੰਗ ਵਲ ਕੱਢਣ ਲਈ ਹੀ ਹੁੰਦੀ ਹੈ । ਪੁੰਨਾਂ ਦਾ ਤੇਲ ਬਣਾਵੇ (ਪੁੰਨ ਵਧਾਵੇ) ਅਤੇ ਕਰਨੀ ਕਮਾਈ ਦੀ ਬੱਤੀ ਬਣਾਵੇ ।

ਕਈ ਬੇਨਤੀ ਕਰਦੇ ਸਨ "ਜੀ ਜਿੰਦਾ ਬੰਦ ਹੈ, ਤੁਸੀਂ ਕ੍ਰਿਪਾ ਕਰਕੇ ਨਾਮ ਰੂਪੀ ਚਾਬੀ ਲਾ ਦੇਵੋ ਅਤੇ ਜਿੰਦਾ ਖੋਹਲ ਦੇਵੋ । ਇਸ ਵਿਚ ਕਿਹੜੀ ਦੇਰ ਲੱਗਣੀ ਹੈ ?"

ਬਾਬਾ ਜੀ ਫੁਰਮਾਉਂਦੇ ਸਨ, "ਭਾਈ ਪਹਿਲਾਂ ਜਿੰਦਾ ਬਣਾ ਲਵੋ, ਜਿੰਦਾ ਕਿੰਨੀਆਂ ਸਟੇਜਾਂ ਵਿਚੋਂ ਲੰਘ ਕੇ ਬਣਦਾ ਹੈ ? ਮੂਸਲ ਨਾਲ ਚਾਬੀ ਘਸਾ ਕੇ ਤਾਂ ਚਾਬੀ ਦੇ ਟੁੱਟਣ ਦਾ ਡਰ ਹੈ।"

ਬਾਬਾ ਜੀ ਫੁਰਮਾਉਂਦੇ ਸਨ ਕਿ ਭਾਂਡਾ ਰੇਤ ਦਾ ਭਰਿਆ ਹੋਵੇ ਤਾਂ ਉਸ ਵਿਚ ਖੰਡ ਨਹੀਂ ਪੈ ਸਕਦੀ। ਪਹਿਲਾਂ ਰੇਤ ਕੱਢਾਂਗੇ। ਭਾਂਡੇ ਨੂੰ ਸਾਫ ਕਰਾਂਗੇ ਫਿਰ ਖੰਡ ਪਵੇਗੀ। ਇਸੇ ਤਰ੍ਹਾਂ ਇਸ ਮਨ ਨੂੰ ਜਨਮਾਂ ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ। ਉਹ ਗੁਰੂ ਦੇ ਦੱਸੇ ਰਾਹ ਮੁਤਾਬਕ, ਗੁਰੂ ਤੋਂ ਬਖਸ਼ੀਸ਼ ਲੈ ਕੇ ਸਾਫ ਕਰਨੀ ਪਵੇਗੀ ਫਿਰ ਨਾਮ ਠਹਿਰੇਗਾ।

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
(ਅੰਗ 591)

## f ) ਪਾਸ ਲੈ ਲਵੋ :

"ਨਾਨਕੁ ਤੇਰਾ ਬਾਣੀਆ ਤੂੰ ਸਾਹਿਬੁ ਮੈ ਰਾਸਿ"
ਮਨ ਤੇ ਧੋਖਾ ਤਾਂ ਲਹੈ ਜਾਂ ਸਿਫਤਿ ਕਰੀ ਅਰਦਾਸਿ ॥
(ਅੰਗ 557)

ਮਨ ਦਾ ਧੋਖਾ ਕਦੋਂ ਉਤਰ ਸਕਦਾ ਹੈ ਜਦੋਂ ਸਿਫਤ ਮਨਜ਼ੂਰ ਹੋ ਜਾਵੇ। ਸਿਫਤ ਕਰਨ ਲਈ ਅਰਦਾਸ ਦਾ ਨਾਲ ਹੋਣਾ ਅਤੀ ਜ਼ਰੂਰੀ ਹੈ।

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ (ਅੰਗ 289)

ਸੇਵਕ ਕੀ ਅਰਦਾਸਿ ਪਿਆਰੇ ॥
ਜਪਿ ਜੀਵਾਂ ਪ੍ਰਭ ਚਰਣ ਤੁਮਾਰੇ ॥ (ਅੰਗ 562)

ਦਇਆ ਕਰਹੁ ਦਇਆਲ ਅਪਣੀ ਸਿਫਤਿ ਦੇਹੁ ॥ (ਅੰਗ 961)

ਪਹਿਲਾਂ ਤਾਂ ਇਹ ਅਰਦਾਸ ਕਰਨੀ ਹੈ ਕਿ ਸੱਚੇ ਪਾਤਸ਼ਾਹ ਮੇਰੇ ਤੇ ਤਰਸ ਕਰੋ। ਮੈਨੂੰ ਆਪਣੀ ਭਗਤੀ ਵਿਚ ਲਾ ਲਵੋ।

ਅਤੇ ਜਦ ਮਿਹਰ ਕਰ ਦੇਣ, ਆਪਣੀ ਭਗਤੀ ਵਿਚ ਲਾ ਲੈਣ ਤਾਂ ਫਿਰ ਭੀ ਅਰਦਾਸ ਕਰੋ "ਹੇ ਸੱਚੇ ਪਾਤਸ਼ਾਹ ਮੈਂ ਨਾਮ ਜਪਦਾ ਹਾਂ, ਤੇਰੀ ਸਿਫਤ ਕਰਦਾ ਹਾਂ, ਪ੍ਰੰਤੂ ਮੈਂ ਅਨਜਾਣ ਹਾਂ। ਮੇਰੇ ਮਾਲਕ ਮਨਜ਼ੂਰ ਕਰ ਲਵੀਂ।"

ਜਪੁ ਤਪੁ ਸੰਜਮੁ ਕਰਮੁ ਨਾ ਸਾਧਾ ॥
ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥
ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥
ਬਿਨਵੰਤਿ ਨਾਨਕ ਓਟ ਪ੍ਰਭ ਤੋਰੀ ॥ (ਅੰਗ 387)

ਹੁਣ ਜਦੋਂ ਇਹ ਨਿਮਰਤਾ ਆ ਗਈ ਤਾਂ ਫਿਰ ਗੁਰੂ ਸਾਹਿਬ ਦਾ ਸਿੱਖ ਬਣ ਕੇ ਦਿਖਾਵੇ ਤਾਂ ਫਿਰ ਨਾਮ ਦਾ "ਪਾਸ" ਮਿਲਦਾ ਹੈ। ਜਦੋਂ ਆਪਾਂ ਕਿਸੇ ਬਾਹਰਲੇ ਦੇਸ਼ ਨੂੰ ਜਾਣਾ ਹੋਵੇ ਤਾਂ ਪਾਸਪੋਰਟ ਤੋਂ ਬਗੈਰ ਨਹੀਂ ਜਾ ਸਕਦੇ। ਜਿਸ ਤਰ੍ਹਾਂ ਇਹ ਝੂਠਾ ਪਾਸਪੋਰਟ ਜ਼ਰੂਰੀ ਹੈ, ਇਸੇ ਤਰ੍ਹਾਂ ਗੁਰੂ ਧਾਮ ਪਹੁੰਚਣ ਲਈ ਭੀ "ਪਾਸ" ਜ਼ਰੂਰੀ ਹੈ। ਉਹ ਕਿਹੜਾ "ਪਾਸ" ਹੈ?

ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾਂ ਸੁਣਿ ਸਦ ਬਹਾਲੇ ਪਾਸਿ ॥
(ਅੰਗ 813)

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੋਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ (ਅੰਗ 812)

ਬਾਬਾ ਜੀ ਫੁਰਮਾਉਂਦੇ ਸਨ "ਜਿਹੜਾ ਸਤ (ਸੱਚ, *Truth*) ਅਤੇ ਸੰਤੋਖ (ਸਬਰ, *Contentment*) ਦਾ ਪਾਸ ਲੈ ਲੈਂਦਾ ਹੈ, ਉਸ ਨੂੰ ਸਤਿਗੁਰੂ ਪਾਸ ਬੁਲਾ ਲੈਂਦੇ ਹਨ। ਵਿਗਾੜਨੀ ਸੌਖੀ ਹੈ, ਪ੍ਰੰਤੂ ਸੁਆਰਨੀ ਔਖੀ ਹੈ। ਭਰੋਸਾ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਕਿਉਂ ਨਾ ਦੇਵੇਗਾ ਨਿਰੰਕਾਰ ? ਸੋ ਜਗਿਆਸੂ ਨੂੰ ਕੀ ਮੰਗਣਾ ਚਾਹੀਦਾ ਹੈ ?

"ਸਤ ਅਤੇ ਸੰਤੋਖ"

ਜਿਸ ਨੇ ਇਹ ਪਾਸ ਲੈ ਲਿਆ ਫਿਰ ਉਸ ਨੂੰ ਨਾਮ ਮਿਲਦਾ ਹੈ। ਸਿਰੇ ਦੀ ਕਲਾਸ ਹੈ। ਉਹਨਾਂ ਦੀ ਸਟੇਜ ਕਿਹੜੀ ਹੋ ਜਾਂਦੀ ਹੈ :

ਸੇਵ ਕੀਤੀ ਸੰਤੋਖਈ ਜਿਨੀ ਸਚੋ ਸਚੁ ਧਿਆਇਆ ॥
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨੀ ਦੁਨੀਆਂ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸ਼ੀਸ਼ੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥ (ਆਸਾ ਦੀ ਵਾਰ)

ਸਤੁ ਸੰਤੋਖ ਮਿਲ ਗਿਆ ਅਤੇ ਉਪਰ ਲਿਖੇ ਗੁਣ ਆ ਗਏ। ਫਿਰ ਗੁਰੂ ਦੇ ਭਾਣੇ ਵਿਚ ਚੱਲ ਪਵੇ।

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ (ਅੰਗ 593)

ਜਿਨ ਗੁਰ ਕਾ ਭਾਨਾ ਮੰਨਿਆ ਤਿਨ ਘੁਮਿ ਘੁਮਿ ਜਾਏ ॥
(ਅੰਗ 725)

ਹੁਣ ਬਣਦਾ ਹੈ ਸਿਫਤ ਦਾ ਸਰੂਪ। ਰੋਟੀ ਕਹਿ ਲੈਣੀ ਸੌਖੀ ਹੈ ਪਰ ਪਕਾਉਣੀ ਔਖੀ ਹੈ। ਆਟਾ ਕਿਵੇਂ ਬਣਦਾ ਹੈ? ਕਿੰਨੀਆਂ ਸਟੇਜਾਂ ਵਿਚੋਂ ਕਣਕ ਨੂੰ ਲੰਘਣਾ ਪਿਆ? ਫਿਰ ਪਾਣੀ ਕਿਵੇਂ ਮਿਲਦਾ ਹੈ। ਕਿੰਨੀਆਂ ਤੈਹਾਂ ਵਿਚੋਂ ਲੰਘਣਾ ਪੈਂਦਾ ਹੈ? ਇਸੇ ਤਰ੍ਹਾਂ ਸਿਫਤ ਦਾ ਸਰੂਪ ਭੀ ਬਨਾਉਣਾ ਪੈਂਦਾ ਹੈ।

ਸਿ: ਪਹਿਲਾਂ ਉਪਰ ਲਿਖੇ ਗੁਣ ਆਪਣੇ ਅੰਦਰ ਲਿਆ ਕੇ ਸਿੱਖ ਬਣ ਕੇ ਦਿਖਾਵੇ।

ਫ: ਫਿਰ ਹਨ੍ਹੇਰੇ ਦਾ ਪਰਦਾ ਫਟ ਜਾਵੇਗਾ ਅਤੇ ਰੋਸ਼ਨੀ ਹੀ ਰੋਸ਼ਨੀ ਹੋ ਜਾਵੇਗੀ।

ਬਲਿਓ ਚਰਾਗੁ ਅੰਧਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
(ਅੰਗ 1387)

ਤ : ਫਿਰ ਕੀ ਮਿਲੇਗਾ ?

ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥
(ਅੰਗ 1375)

ਫਿਰ ਆਪ ਹੀ ਨਿਰੰਕਾਰ ਨਾਲ ਅਭੇਦਤਾ ਹੋ ਜਾਂਦੀ ਹੈ।

★

# ਧਿਆਨ ਦੀ ਲੋੜ

ਕਈ ਵੀਰ ਇਸ ਵਿਚਾਰ ਦੇ ਹਨ ਕਿ ਉਪਾਸ਼ਨਾ ਸਿਰਫ ਨਿਰਗੁਣ ਦੀ ਕਰਨੀ ਹੈ। ਸਰਗੁਣ ਸਰੂਪ ਦੇ ਦਰਸ਼ਨਾਂ ਦੇ ਉਹ ਇੱਛਕ ਨਹੀਂ। ਜਦੋਂ ਕਿਸੇ ਨੂੰ ਸਰਗੁਣ ਸਰੂਪ ਤੇ ਵਿਸ਼ਵਾਸ਼ ਹੀ ਨਹੀਂ ਹੈ ਤਾਂ ਉਸ ਨੂੰ ਦਰਸ਼ਨ ਕਿਵੇਂ ਹੋ ਸਕਦੇ ਹਨ ?

ਇਥੇ ਫਿਰ ਵੱਖ-ਵੱਖ ਕਿਸਮ ਦੇ ਖਿਆਲ ਪਾਏ ਜਾਂਦੇ ਹਨ :-

1. ਦਾਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਮਹਾਂ ਪੁਰਸ਼ ਐਸੇ ਦੇਖੇ ਹਨ ਜੋ ਇਹ ਉਪਦੇਸ਼ ਕਰਦੇ ਹਨ ਕਿ ਸਾਹਮਣੇ ਗੁਰੂ ਸਾਹਿਬ ਦੀ ਫੋਟੋ ਬਿਰਾਜਮਾਨ ਨਹੀਂ ਕਰਨੀ ਚਾਹੀਦੀ ਬਲਕਿ ਅੱਖਾਂ ਬੰਦ ਕਰਕੇ ਸਿਮਰਨ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਬੰਦ ਅੱਖਾਂ ਦੇ ਨਾਲ ਹੀ ਸ਼ਬਦ ਅਤੇ ਸੁਰਤ ਦਾ ਮਿਲਾਪ ਕਰਨਾ ਚਾਹੀਦਾ ਹੈ।

2. ਕੋਈ ਕਹਿੰਦਾ ਹੈ ਕਿ ਇਨਸਾਨ ਦੇ ਅੰਦਰ ਕਮਲ ਦਾ ਫੁੱਲ ਪੁੱਠਾ ਹੁੰਦਾ ਹੈ, ਉਸ ਨੂੰ ਅੱਖਾਂ ਬੰਦ ਕਰ ਕੇ ਕੋਸ਼ਿਸ਼ ਕਰ-ਕਰ ਕੇ ਸਿੱਧਾ ਕਰਨਾ ਚਾਹੀਦਾ ਹੈ ਅਤੇ ਜਦੋਂ ਸਿੱਧਾ ਹੋ ਗਿਆ ਤਾਂ ਉਸ ਦੀ ਖੁਸ਼ਬੂ ਦਿਮਾਗ ਨੂੰ ਚੜ੍ਹ ਜਾਂਦੀ ਹੈ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

3. ਕਈ ਹੋਰ ਕਹਿੰਦੇ ਹਨ ਕਿ ਇਕ ਨਾਸ ਰਾਹੀਂ ਸੁਆਸ ਚੜ੍ਹਾ ਕੇ ਮੱਥੇ ਦੇ ਕੇਂਦਰ ਵਿਚ ਲਿਜਾ ਕੇ ਦੂਜੀ ਨਾਸ ਰਾਹੀਂ ਬਾਹਰ ਕੱਢਣਾ ਚਾਹੀਦਾ ਹੈ। ਇਹ ਜਾਪ ਦਾ ਸਹੀ ਤਰੀਕਾ ਹੈ।

4. ਕਈ ਕਹਿੰਦੇ ਹਨ ਕਿ ਜੇ ਸਾਹਮਣੇ ਗੁਰੂ ਸਾਹਿਬ ਦੀ ਫੋਟੋ ਬਿਰਾਜਮਾਨ ਕੀਤੀ ਜਾਵੇ ਤਾਂ ਮੂਰਤੀ ਪੂਜਾ ਹੋ ਜਾਂਦੀ ਹੈ ਜੋ ਕਿ ਸਿੱਖਾਂ ਵਾਸਤੇ ਮਨ੍ਹਾ ਹੈ।

ਗੁਰਬਾਣੀ ਵਿਚ ਚਾਰ ਤਰ੍ਹਾਂ ਦੇ ਦਰਸ਼ਨ ਦਾ ਜ਼ਿਕਰ ਆਇਆ ਹੈ :-

1) ਸੁਪਨ ਦਰਸ਼ਨ :

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥ (ਅੰਗ 816)

ਸੁਤੜੀ ਸੋ ਸਹੁ ਡਿਠ ਤੈ ਸੁਪਨੇ ਹਉ ਖੰਨੀਐ ॥ (ਅੰਗ 1100)

2) ਚਿੱਤਰ ਦਰਸ਼ਨ :

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੇ ਸੋਈ ਫਲ ਪਾਏ ॥ (ਅੰਗ 661)

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥ (ਅੰਗ 303)

3) ਗੁਰਬਾਣੀ ਦਰਸ਼ਨ : (ਨਿਰਗੁਣ ਦਰਸ਼ਨ)

ਗੁਰ ਕਾ ਸਬਦੁ ਮਨੇ ਸੋ ਸੂਰਾ ॥ (ਅੰਗ 1023)

ਕੋਟਿ ਮਧੇ ਕਿਸਹਿ ਬੁਝਾਏ ॥ ਗੁਰ ਕੈ ਸ਼ਬਦਿ ਰਤੇ ਰੰਗ ਲਾਏ ॥ (ਅੰਗ 1055)

4) ਪ੍ਰਤੱਖ ਦਰਸ਼ਨ : (ਸਰਗੁਣ ਦਰਸ਼ਨ)

ਤਨੁ ਮਨੁ ਹੋਇ ਨਿਹਾਲੁ ਜਾ ਗੁਰ ਦੇਖਾ ਸਾਮ੍ਹਣੇ ॥ (ਅੰਗ 758)

ਦਰਸ ਦੇਹ ਧਾਰਉ ਪ੍ਰਭ ਆਸ ॥ ਨਿਤ ਨਾਨਕੁ ਚਿਤਵੈ ਸਚੁ ਅਰਦਾਸ ॥ (ਅੰਗ 900)

ਹੁਣ ਗੁਰਬਾਣੀ ਦੁਆਰਾ ਜੇ ਆਪਾਂ ਪੜਚੋਲ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਜਿਸ ਜਗਿਆਸੂ ਨੂੰ ਚਾਰੇ ਪ੍ਰਕਾਰ ਦੇ ਦਰਸ਼ਨ ਨਸੀਬ ਹਨ, ਉਹ ਮਹਾਂ ਸੰਤੋਖ ਦੀ ਪ੍ਰਾਪਤੀ ਕਰ ਸਕਦਾ ਹੈ। ਜਿਸ ਨੂੰ ਇਕ, ਦੋ ਜਾਂ ਤਿੰਨ ਤਰ੍ਹਾਂ ਦੇ ਦਰਸ਼ਨ ਨਸੀਬ ਹਨ, ਉਸ ਨੂੰ ਕਦੀ ਆਤਮਕ ਆਨੰਦ ਨਹੀਂ ਮਿਲ ਸਕਦਾ।

ਜਿਸ ਤਰਾਂ ਚਾਰਪਾਈ ਦੇ ਚਾਰ ਪਾਵੇ ਹੁੰਦੇ ਹਨ। ਜੇ ਚਾਰੇ ਪਾਵੇ ਸਹੀ ਸਲਾਮਤ ਹਨ ਤਾਂ ਸੁੱਖ ਦੀ ਨੀਂਦ ਸੌਂ ਸਕਦਾ ਹੈ। ਜੇ ਤਿੰਨ ਪਾਵੇ ਹੋਣ, ਚੌਥਾ ਨਾ ਹੋਵੇ ਤਾਂ ਘੱਟ ਆਰਾਮ ਤੇ ਫਿਕਰ ਲਗਿਆ ਰਹਿੰਦਾ ਹੈ। ਜੇ ਦੋ ਹੋਣ ਤਾਂ ਉਸ ਤੋਂ ਵੀ ਘੱਟ ਆਰਾਮ ਅਤੇ ਫਿਕਰ ਉਸ ਤੋਂ ਭੀ ਵੱਧ ਅਤੇ ਜੇ ਇਕੋ ਪਾਵਾ ਹੋਵੇ ਤਾਂ ਭੁੰਜੇ ਡਿੱਗ ਪੈਂਦਾ ਹੈ ਅਤੇ ਸੱਟਾਂ ਵਜਦੀਆਂ ਹਨ।

ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਸਾਨੂੰ ਪਹਿਲੀ ਜਮਾਤ ਤੋਂ ਲੈ ਕੇ ਸਿਰੇ ਦੀ ਜਮਾਤ ਤੱਕ ਪੜ੍ਹਾਈ ਕਰਾਉਂਦੇ ਹਨ। ਕਈ ਵਾਰੀ ਆਪਾਂ ਹੇਠਲੀ ਕਲਾਸ ਤੇ ਖੜ ਕੇ ਸੋਚਦੇ ਹਾਂ ਕਿ ਅਸੀਂ ਅਖੀਰਲੀ ਕਲਾਸ ਤੱਕ ਪਹੁੰਚ ਗਏ ਹਾਂ, ਇਹ ਸਾਡੀ ਭੁੱਲ ਹੈ। ਬਾਬਾ ਈਸ਼ਰ ਸਿੰਘ ਜੀ ਮਹਾਰਾਜ ਉਪਦੇਸ਼ ਕਰਦੇ ਸਨ :-

ਨੀਵੇਂ ਨੂੰ ਉੱਚਾ ਕਰਨ ਦੀ ਕੋਸ਼ਿਸ਼ ਕਰੋ
ਬਰਾਬਰ ਦੇ ਨਾਲ ਵਿਚਾਰ ਕਰੋ
ਅਤੇ ਵੱਡਿਆਂ ਤੋਂ ਸੁਮੱਤ ਲਵੋ,

ਸੋ ਵੀਰ ਨਫਰਤ ਨਾ ਕਰੋ । ਜੋ ਤੁਹਾਡੇ ਤੋਂ ਅੱਗੇ ਹਨ, ਉਹਨਾਂ ਤੋਂ ਸੁਮੱਤ ਲੈਣ ਤੋਂ ਘਬਰਾਵੋ ਨਾ ।

ਨਿਰਗੁਣ ਦਰਸ਼ਨ ਤਾਂ ਨਿਰਾਕਾਰ ਅੰਬਰ ਦੀ ਤਰ੍ਹਾਂ ਹੈ । ਨੀਲੇ ਅੰਬਰ ਤੋਂ ਕਦੀ ਬਾਰਸ਼ ਨਹੀਂ ਹੁੰਦੀ । ਬੱਦਲ ਆਉਣਗੇ ਤਾਂ ਬਾਰਸ਼ ਪਵੇਗੀ । ਬੱਦਲ ਹਨ ਸਰਗੁਣ ਸਰੂਪ ਦੇ ਦਰਸ਼ਨ । ਅੱਗੇ ਫਿਰ ਜਿਸ ਨੇ ਵੱਟਾਂ ਮਾਰ ਲਈਆਂ, ਉਹ ਬਾਰਸ਼ ਤੋਂ ਲਾਭ ਲੈ ਲੈਂਦਾ ਹੈ ਅਤੇ ਜਿੱਥੇ ਹਉਮੈ ਹੰਕਾਰ ਦੇ ਟਿੱਬੇ ਹੋਣ, ਉਥੇ ਬਾਰਸ਼ ਜਿਹੋ ਜਿਹੀ ਪਈ, ਜਿਹੋ ਜਿਹੀ ਨਾ ਪਈ ।

ਨਿਰਗੁਣ ਦਰਸ਼ਨ ਤਾਂ ਹਨੇਰੇ ਦੀ ਤਰਾਂ ਹੈ । ਕੁਝ ਦਿਸਦਾ ਨਹੀਂ । ਕੁਝ ਲਭਦਾ ਨਹੀਂ । ਜੇ ਪੈਰ ਨੂੰ ਰੱਸੀ ਭੀ ਲੱਗ ਗਈ ਤਾਂ ਭੀ ਸ਼ੋਰ ਪਾ ਦਿੰਦਾ ਹੈ ਕਿ ਸੱਪ ਹੈ । ਪ੍ਰੰਤੂ ਜਦੋਂ ਸਰਗੁਣ ਸਰੂਪ ਦੀ ਰੋਸ਼ਨੀ ਪੈ ਗਈ ਤਾਂ ਪਤਾ ਲਗਦਾ ਹੈ ਕਿ ਇਹ ਤਾਂ ਰੱਸੀ ਹੈ, ਸੱਪ ਨਹੀਂ ਹੈ ।

ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥
(ਅੰਗ 646)

ਜਦੋਂ ਆਪਾਂ ਨੂੰ ਕਿਸੇ ਦੀ ਚਿੱਠੀ ਮਿਲਦੀ ਹੈ ਅਤੇ ਆਪਾਂ ਪੜ੍ਹਦੇ ਹਾਂ ਤਾਂ ਚਿੱਠੀ ਪਾਉਣ ਵਾਲੇ ਦੀਆਂ ਲਿਖੀਆਂ ਸਾਰੀਆਂ ਗੱਲਾਂ ਸਮਝ ਜਾਂਦੇ

ਹਾਂ ਪ੍ਰੰਤੂ ਜੇ ਉਹ ਚਿੱਠੀ ਪਾਉਣ ਵਾਲਾ ਆਪਾਂ ਦੇਖਿਆ ਹੋਵੇ ਤਾਂ ਗੱਲਾਂ ਭੀ ਸਮਝ ਜਾਂਦੇ ਹਾਂ ਅਤੇ ਨਾਲ ਦੀ ਨਾਲ ਸਾਨੂੰ ਉਸ ਦਾ ਚਿਹਰਾ, ਨੈਣ ਨਕਸ਼, ਹਾਸਾ, ਕੱਦ ਕਾਠ, ਬੋਲ, ਸੁਭਾਅ, ਪਿਆਰ ਦਾ ਨਿੱਘ ਭੀ ਯਾਦ ਆ ਜਾਂਦਾ ਹੈ।

ਇਸੇ ਤਰਾਂ ਗੁਰਬਾਣੀ ਹੈ। ਜੇ ਹਲੇ ਸਰਗੁਣ ਸਰੂਪ ਵਿਚ ਦਰਸ਼ਨ ਨਹੀਂ ਹੋਏ, ਤਾਂ ਬਾਣੀ ਸਮਝ ਤਾਂ ਆ ਸਕਦੀ ਹੈ ਪ੍ਰੰਤੂ ਗੁਰੂ ਸਾਹਿਬ ਦੇ ਨੈਣ ਨਕਸ਼, ਚਿਹਰਾ, ਹਾਸ ਬਿਲਾਸ, ਕੱਦ ਕਾਠ, ਸੁਰੀਲਾ ਬੋਲ, ਸੁਭਾਅ, ਪਿਆਰ ਦਾ ਨਿੱਘ ਕਦੀ ਭੀ ਪ੍ਰਾਪਤ ਨਹੀਂ ਹੋ ਸਕਦਾ, ਜਿਸ ਬਾਰੇ ਗੁਰੂ ਸਾਹਿਬ ਵਾਰ-ਵਾਰ ਜ਼ਿਕਰ ਕਰਦੇ ਹਨ :-

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ ਬਾਲਾ ॥
ਕੰਚਨ ਕਾਇਆ ਸੁਇਨੇ ਕੀ ਢਾਲਾ ॥ (ਅੰਗ 567)

(ਹੇ ਪ੍ਰਭੂ, ਤੇਰੇ ਨੇਤਰ ਸੁੰਦਰ ਹਨ, ਦੰਦ ਭੀ ਸੁੰਦਰ ਹਨ, ਨੱਕ ਭੀ ਸੋਹਣਾ ਹੈ, ਕੇਸ ਬੜੇ ਲੰਬੇ ਹਨ ਅਤੇ ਤੇਰੀ ਦੇਹ ਸੋਨੇ ਦੀ ਢਾਲ ਤਰ੍ਹਾਂ ਚਮਕ ਰਹੀ ਹੈ)

ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ ॥
(ਅੰਗ 1364)

(ਹੇ ਪ੍ਰਭੂ ਤੇਰੇ ਨੈਣ ਕਮਲ ਵਰਗੇ ਹਨ। ਕਾਲੇ ਸੁਰਮੇ ਵਾਲੇ ਹਨ। ਤੇਰਾ ਸੋਹਣਾ ਸਰੀਰ ਸੁੰਦਰ ਚਿਤਰਕਾਰੀ ਵਾਲਾ ਹੈ)

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :-

ਬਾਗੇ ਕਪੜੇ ਬੋਲੈ ਬੈਣ ॥
ਲੰਮਾ ਨਕੁ ਕਾਲੇ ਤੇਰੇ ਨੈਣ ॥
ਕਬਹੂੰ ਸਾਹਿਬੁ ਦੇਖਿਆ ਭੈਣ ॥ (ਅੰਗ 1257)

(ਹੇ ਪ੍ਰਭੂ, ਤੇਰੇ ਬਸਤਰ ਸਫੈਦ ਹਨ, ਤੇਰੇ ਬਚਨ ਮਿੱਠੇ ਹਨ, ਤੇਰਾ ਨੱਕ ਲੰਬਾ ਹੈ, ਤੇਰੇ ਨੈਣ ਕਾਲੇ ਹਨ ਅਤੇ ਉੱਤਮ ਸਖੀ ਮੱਧਮ ਸਖੀ ਨੂੰ ਪੁਛਦੀ ਹੈ ਕਿ ਹੇ ਭੈਣ ਤੂੰ ਇਹੋ ਜਿਹੇ ਸਾਹਿਬ ਦੇ ਦਰਸ਼ਨ ਕੀਤੇ ਹਨ ਕਿ ਨਹੀਂ)

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣ ਕੋ ਨ ਚਿਤਾਰੇ ॥
(ਅੰਗ 784)

ਕਿੰਨਾ ਸੋਹਣਾ ਨਕਸ਼ਾ ਖਿੱਚਿਆ ਹੈ ਸਰਗੁਣ ਸਰੂਪ ਦਾ ਗੁਰੂ ਸਾਹਿਬਾਨ ਨੇ ! ਅਤੇ ਕਈ ਵੀਰ ਅੱਗੇ ਨੂੰ ਤੁਰਨ ਦੀ ਥਾਂ ਫਿਰ ਪਿੱਛੇ ਨੂੰ ਦੌੜਦੇ ਹਨ। ਗੁਰੂ ਸਾਹਿਬ ਅੱਗੇ ਨੂੰ ਖਿੱਚਦੇ ਹਨ, ਅਗਲੀ ਕਲਾਸ ਦੀ ਪੜ੍ਹਾਈ ਕਰਾਉਂਦੇ ਹਨ ਪ੍ਰੰਤੂ ਉਹ ਫਿਰ ਪਿੱਛੇ ਨੂੰ ਮੁੜਦੇ ਹਨ।

ਪੜ੍ਹਾਈ ਤਾਂ ਸਭ ਜਮਾਤ ਦੇ ਬੱਚਿਆਂ ਲਈ ਹੈ। ਸੋ ਉਹ ਵੀਰ ਪਿੱਛੇ ਮੁੜ ਕੇ ਦਸਵੇਂ ਪਾਤਸ਼ਾਹ ਦੀ ਤੁਕ ਬੜੇ ਠੁੱਕ ਨਾਲ ਪੜ੍ਹਦੇ ਹਨ :-

ਚਕ੍ਰ ਚਿਹਨ ਅਰ ਬਰਨ ਜਾਤ ਅਰ ਪਾਤਿ ਨਹਿਨ ਜਿਹ ॥
(ਜਾਪੁ ਸਾਹਿਬ)

(ਪ੍ਰਭੂ ਦਾ ਚਕਰ ਚਿਹਨ, ਬਰਨ, ਜਾਤ ਅਤੇ ਗੋਤ ਨਹੀਂ ਹੈ)

ਨਹੀਂ ਵੀਰ, ਸਾਡੇ ਵਿਚ ਹੌਸਲਾ ਹੋਣਾ ਚਾਹੀਦਾ ਹੈ ਆਪਣੇ

ਪਿਆਰੇ ਬਾਪੂ ਪਾਸੋਂ ਪੁੱਛਣ ਦਾ। ਹੇ ਸੱਚੇ ਪਾਤਸ਼ਾਹ, ਕੀ ਤੁਹਾਡੀ ਸ਼ਕਲ ਸੂਰਤ ਨਹੀਂ ਸੀ, ਬਰਨ ਜਾਤ ਨਹੀਂ ਸੀ ? ਅਤੇ ਜੇ ਤੁਸੀਂ ਪ੍ਰਭੂ ਨਹੀਂ ਸੀ ਤਾਂ ਆਪਣੀ ਰਸਨਾ ਵਿਚੋਂ ਕਿਉਂ ਫੁਰਮਾ ਗਏ ਹੋ :-

ਇਹ ਬਿਧਿ ਕਰਤ ਤਪੱਸਿਆ ਭਯੋ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥
(ਦਸਮ ਗਰੰਥ)

ਕੀ ਫਿਰ ਗੁਰਬਾਣੀ ਵਿਚ ਤੁਸੀਂ ਝੂਠ ਲਿਖਿਆ ਹੈ ?

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ (ਅੰਗ 1408)

ਆਪ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
(ਅੰਗ 1395)

ਗੁਰ ਪਰਮੇਸੁਰ ਏਕੋ ਜਾਣੁ ॥ (ਅੰਗ 864)

ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ ਪਸੁ ਤੈਸੇ ਓਇ ਨਰਾ ॥
(ਅੰਗ 1163)

ਆਪੇ ਤਾਂ ਕਹਿੰਦੇ ਹੋ ਕਿ ਚਕਰ, ਚਿਹਨ, ਵਰਨ, ਜਾਤ, ਗੋਤ ਨਹੀਂ ਹੈ ਅਤੇ ਆਪ ਹੀ ਫੁਰਮਾਉਂਦੇ ਹੋ ਕਿ ਆਪ ਨਾਰਾਇਣ ਗੁਰੂ ਦੇ ਰੂਪ ਵਿਚ ਆਇਆ ਹੈ ਅਤੇ ਜਿਹੜੇ ਫਰਕ ਸਮਝਦੇ ਹਨ ਉਹ ਇਨਸਾਨ ਨਹੀਂ ਹਨ, ਪਸ਼ੂ ਹਨ।

ਤਾਂ ਫਿਰ ਕਿਵੇਂ ਸਮਝ ਆਵੇ ਸਾਰੀ ਗੱਲ ਦੀ ? ਜੋ ਸਵਾਲ ਸਮਝ

ਨਾ ਆਵੇ ਤਾਂ ਬਹੁਤ ਔਖਾ ਲਗਦਾ ਹੈ ਪ੍ਰੰਤੂ ਜੇ ਕੋਈ ਸਮਝਾਉਣ ਵਾਲਾ ਮਿਲ ਜਾਵੇ ਤਾਂ ਉਹੀ ਸਵਾਲ ਬਹੁਤ ਸੌਖਾ ਲੱਗਣ ਲੱਗ ਜਾਂਦਾ ਹੈ।

ਹੁਣ ਜ਼ਰਾ ਗੁਰਬਾਣੀ ਵੱਲ ਝਾਤੀ ਮਾਰੀਏ :-

ਦੇਖੋ ਜੀ ਪ੍ਰਭੂ ਆ ਰਹੇ ਹਨ ਵੱਡੇ ਵੱਡੇ ਨੌਹਾਂ ਵਾਲੇ ਨਰਸਿੰਘ ਦਾ ਪ ਧਾਰ ਕੇ:-

ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥
ਹਰਨਾਖਸੁ ਛੇਦਿਓ ਨਖ ਬਿਦਾਰ ॥ (ਅੰਗ 1194)

[ਪ੍ਰਭੂ ਵੱਡਾ ਸਾਰਾ ਰੂਪ ਧਾਰ ਕੇ ਥੰਮਲੇ ਵਿਚੋਂ ਨਿਕਲ ਆਏ ਅਤੇ ਹਰਨਾਖਸ਼ ਨੂੰ ਨੌਂਹਾਂ ਨਾਲ ਪਾੜ ਦਿਤਾ]

ਪਾਖੰਤਣ ਬਾਜ ਬਜਾਇਲਾ ॥
ਗਰੁੜ ਚੜੇ ਗੋਬਿੰਦੁ ਆਇਲਾ ॥ (ਅੰਗ 1166)

[ਖੰਭਾਂ ਦਾ ਵਾਜਾ ਬਜਾਉਂਦੇ ਹੋਏ ਪ੍ਰਭੂ ਗਰੁੜ ਤੇ ਚੜ੍ਹ ਕੇ ਆ ਗਏ]

ਨਾਮਦੇਵ ਦਾ ਦੁੱਧ ਮੂਰਤੀ ਵਿਚੋਂ ਨਿਕਲ ਕੇ ਛਕ ਲਿਆ ॥
(ਵਾਰ 10, 11)

ਧੰਨੇ ਦਾ ਪ੍ਰਸ਼ਾਦਾ ਟੁੱਟੇ ਪੱਥਰ ਵਿਚੋਂ ਨਿਕਲ ਕੇ ਛਕ ਲਿਆ ॥
(ਅੰਗ 10, 13)

ਵਾਹ ! ਦੇਖੋ ਪ੍ਰਭੂ ਨੇ ਕਿਹੜਾ ਰੂਪ ਧਾਰਨ ਕਰ ਲਿਆ। ਸੈਣ ਨਾਈ ਦੇ ਘਰ ਸੰਤ ਆ ਗਏ। ਹੁਣ ਉਹਨਾਂ ਦੀ ਸੇਵਾ ਵਿਚ ਲੱਗ ਗਿਆ। ਰਾਜੇ ਦੀ ਸੇਵਾ ਤੇ ਜਾਣਾ ਯਾਦ ਹੀ ਨਾ ਰਿਹਾ ਪ੍ਰੰਤੂ ਪ੍ਰਭੂ ਨੇ ਆਪ ਸੈਣ ਨਾਈ ਦਾ ਭੇਸ ਬਣਾ ਲਿਆ ਅਤੇ ਰਾਜੇ ਦੀ ਸੇਵਾ ਜਾ ਕੀਤੀ। ਅੱਜ ਪ੍ਰਭੂ ਸੈਣ ਨਾਈ

ਬਣ ਗਿਆ। (ਵਾਰ 10, 16)

ਅਤੇ ਫਿਰ ਬੇਣੀ ਭਗਤ ਦੇ ਘਰ ਪ੍ਰਭੂ ਰਾਜੇ ਦਾ ਭੇਸ ਬਣਾ ਕੇ ਆ ਗਏ ਅਤੇ ਸਭ ਚੀਜ਼ਾਂ ਦਾ ਭੰਡਾਰਾ ਦੇ ਦਿਤਾ। (ਵਾਰ 10, 14)

ਕੀ ਅੱਜ ਦੇ ਜ਼ਮਾਨੇ ਵਿਚ ਪ੍ਰਭੂ ਨਹੀਂ ਆਉਂਦਾ ?

ਸੰਤ ਮੱਘਰ ਸਿੰਘ ਰਾਮਗੜ੍ਹ ਵਾਲੇ ਅੰਗਰੇਜ਼ ਰਾਜ ਵੇਲੇ ਫੌਜ ਵਿਚ ਭਰਤੀ ਸਨ। ਤੜਕੇ ਉੱਠ ਕੇ ਬਾਹਰ ਜੰਗਲ ਵਿਚ ਹਰ ਰੋਜ਼ ਭਗਤੀ ਕਰਦੇ ਸਨ। ਇਕ ਦਿਨ ਨਿਤਨੇਮ ਵਿਚੋਂ ***Roll Call*** (ਹਾਜ਼ਰੀ) ਵੇਲੇ ਉੱਠ ਨਾ ਸਕੇ। ਉਧਰ ਹਾਜ਼ਰੀ ਹੋ ਰਹੀ ਹੈ। ਸੰਤ ਜੀ ਨਿਤਨੇਮ ਵਿਚ ਹਨ। ਅੰਗਰੇਜ਼ ਅਫਸਰ ਹਾਜ਼ਰੀ ਬੋਲ ਰਿਹਾ ਹੈ। ਜਦੋਂ ਮੱਘਰ ਸਿੰਘ ਦਾ ਨਾਂ ਬੋਲਿਆ ਤਾਂ ਕਲਗੀਧਰ ਪਾਤਸ਼ਾਹ ਨੇ ਆਪ ਮੱਘਰ ਸਿੰਘ ਦੀ ਸ਼ਕਲ ਬਣਾ ਲਈ, ਫੌਜੀ ਵਰਦੀ ਪਾ ਲਈ ਅਤੇ ਹਾਜ਼ਰੀ ਬੋਲ ਦਿੱਤੀ। ਜਦੋਂ ਮਗਰੋਂ ਸੰਤ ਮੱਘਰ ਸਿੰਘ ਨੂੰ ਇਸ ਕੌਤਕ ਦਾ ਪਤਾ ਲੱਗਿਆ ਤਾਂ ਫੌਜੀ ਨੌਕਰੀ ਛੱਡ ਕੇ ਸਾਰੀ ਜ਼ਿੰਦਗੀ ਭਗਤੀ ਵਿਚ ਹੀ ਲਾ ਦਿਤੀ।

ਕੀ ਇਕੱਲੇ ਸੰਤ ਮੱਘਰ ਸਿੰਘ ਨਾਲ ਹੀ ਇਸ ਤਰ੍ਹਾਂ ਹੋਇਆ ਹੈ ? ਨਹੀਂ ਹੋਰ ਭੀ ਕਈ ਨਿਤਨੇਮੀਆਂ ਨਾਲ ਇਸੇ ਤਰ੍ਹਾਂ ਹੋ ਚੁਕਿਆ ਹੈ। ਬਾਬਾ ਜੀ ਦੇ ਕਈ ਸੰਗੀਆਂ ਨਾਲ ਇਹੋ ਚੀਜ਼ ਵਾਪਰੀ ਹੈ। ਸੋ ਵੀਰ ਕਦੀ ਤਾਂ ਉਹ ਪ੍ਰਭੂ ਨਰਸਿੰਘ ਬਣ ਕੇ ਆ ਗਿਆ, ਕਦੀ ਸੈਣ ਨਾਈ ਬਣ ਗਿਆ, ਕਦੀ ਕਬੀਰ ਜੁਲਾਹਾ ਬਣ ਗਿਆ, ਕਦੀ ਨਾਮਦੇਵ ਛੀਂਬਾ ਬਣ ਗਿਆ, ਕਦੀ ਬੇਣੀ, ਕਦੀ ਤ੍ਰਿਹਣ, ਕਦੀ ਭੱਲਾ, ਕਦੀ ਸੋਢੀ ਬਣ ਗਿਆ। ਇਸ ਤਰ੍ਹਾਂ ਕੌਤਕ ਵਰਤਾ ਕੇ ਫੁਰਮਾ ਰਹੇ ਹਨ ਕਿ ਅਸੀਂ ਕਿਸੇ

ਖਾਸ ਚੱਕਰ ਚਿਹਨ ਵਰਨ ਜਾਤਗੋਤ ਵਿਚ ਨਹੀਂ ਆਉਂਦੇ। ਜੇ ਇਸ ਤਰ੍ਹਾਂ ਪਿਛੇ ਸਾਰਿਆਂ ਨੂੰ ਸਰਗੁਣ ਸਰੂਪ ਵਿਚ ਦਰਸ਼ਨ ਦਿੰਦੇ ਰਹੇ ਹਨ ਤਾਂ ਕੀ ਹੁਣ ਸਰਗੁਣ ਸਰੂਪ ਵਿਚ ਦਰਸ਼ਨ ਨਹੀਂ ਹੋ ਸਕਦੇ ?

ਸੋ ਗੁਰੂ ਸਾਹਿਬ ਸਾਨੂੰ ਵਾਰ ਵਾਰ ਉਪਦੇਸ਼ ਦਿੰਦੇ ਹਨ ਕਿ ਨਿਰਗੁਣ ਸਰੂਪ ਵਿਚ ਜਾਣ ਲਈ ਪਹਿਲਾਂ ਸਰਗੁਣ ਸਰੂਪ ਦਾ ਧਿਆਨ ਧਰੋ। ਆਪਣੇ ਮਨ ਵਿਚ ਉਸ ਵਕਤ ਗੰਧਲ ਪੈ ਜਾਂਦੀ ਹੈ, ਜਦੋਂ ਆਪਾਂ ਸਰਗੁਣ ਸਰੂਪ ਦਾ ਧਿਆਨ ਕਰੇ ਤੋਂ ਬਗੈਰ ਹੀ ਨਿਰਗੁਣ ਨੂੰ ਮਿਲਣਾ ਚਾਹੁੰਦੇ ਹਾਂ ਅਤੇ ਇਸ ਕੋਸ਼ਿਸ਼ ਵਿਚ ਅੱਜ ਤੱਕ ਕੋਈ ਸਫਲ ਨਹੀਂ ਹੋ ਸਕਿਆ।

ਗੁਰੂ ਸਾਹਿਬ ਸਾਨੂੰ ਸਿੱਧਾ ਰਸਤਾ ਦਿਖਾਉਂਦੇ ਹਨ।

ਗੁਰ ਮੂਰਤਿ ਸਿਉਂ ਲਾਇ ਧਿਆਨ ॥
ਈਹਾਂ ਊਹਾਂ ਪਾਵਹਿ ਮਾਨ ॥ (ਅੰਗ 197)

ਪੰਜਵੇਂ ਪਾਤਸ਼ਾਹ ਜਗਿਆਸੂ ਨੂੰ ਕਿਸ ਤਰ੍ਹਾਂ ਧਿਆਨ ਧਰਨ ਲਈ ਉਪਦੇਸ਼ ਕਰਦੇ ਹਨ :-

ਸਤਿਗੁਰ ਮੂਰਤਿ ਕਉ ਬਲਿ ਜਾਉ ॥
ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥ (ਅੰਗ 1202)

(ਸਤਿਗੁਰ ਦੀ ਮੂਰਤ ਤੇ ਕੁਰਬਾਨ ਹੋ ਜਾਈਏ। ਜਿਵੇਂ ਪਪੀਹੇ ਨੂੰ ਜਲ ਦੀ ਪਿਆਸ ਲੱਗੀ ਹੁੰਦੀ ਹੈ, ਤਿਵੇਂ ਮੈਨੂੰ ਭੀ ਇਹੀ ਪਿਆਸ ਲੱਗੀ ਹੈ ਕਿ ਤੁਹਾਡਾ ਦਰਸ਼ਨ ਪਾਵਾਂ)

ਚੌਥੇ ਪਾਤਸ਼ਾਹ ਫੁਰਮਾਉਂਦੇ ਹਨ :-

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥
(ਅੰਗ 303)

ਸੋ ਗੁਰੂ ਸਾਹਿਬ ਵਾਰ ਵਾਰ ਉਪਦੇਸ਼ ਕਰਦੇ ਹਨ ਕਿ ਗੁਰੂ ਦੀ ਮੂਰਤ ਦਾ ਧਿਆਨ ਚਿੱਤ ਲਾ ਕੇ ਕਰਨਾ ਹੈ। ਚਾਂਦਮਾਰੀ ਸਦਾ ਨਿਸ਼ਾਨੇ ਤੇ ਹੀ ਹੁੰਦੀ ਹੈ। ਕਈ ਉਹਲੇ ਨਿਸ਼ਾਨਾ ਕਰਾਉਂਦੇ ਹਨ, ਜਿਸ ਕਰਕੇ ਕੁਝ ਲਭਦਾ ਨਹੀਂ। ਗੁਰ ਮੂਰਤ ਦਾ ਧਿਆਨ ਧਰੋ। ਇਹੀ ਧਿਆਨ ਭਜਨ ਰੂਪ ਹੈ।

ਪੰਜਵੇਂ ਪਾਤਸ਼ਾਹ ਇਸੇ ਚੀਜ਼ ਨੂੰ ਕਿੰਨੇ ਸੋਹਣੇ ਢੰਗ ਨਾਲ ਸਮਝਾਉਂਦੇ ਹਨ :-

ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥
ਬਿਨੁ ਪੇਖੇ ਕਹੁ ਕੈਸੋ ਧਿਆਨੁ ॥ (ਅੰਗ 1140)

[ਬਗੈਰ ਗੁਰੂ ਦੇ ਉਪਦੇਸ਼ ਤੋਂ ਗਿਆਨ ਨਹੀਂ ਪੈਦਾ ਹੋ ਸਕਦਾ ਅਤੇ ਬਗੈਰ ਗੁਰੂ ਨੂੰ ਦੇਖੇ ਤੋਂ ਧਿਆਨ ਨਹੀਂ ਜੁੜ ਸਕਦਾ]

ਸੋ ਸਹੀ ਰਸਤਾ ਤਾਂ ਇਹ ਜੋ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਦਸਦੇ ਹਨ :-

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨੁ ॥ (ਅੰਗ 864)

[ਗੁਰ ਦੀ ਮੂਰਤ ਦਾ ਧਿਆਨ ਧਰੋ ਅਤੇ ਗੁਰੂ ਦੇ ਸ਼ਬਦ ਨੂੰ ਮੰਤਰ ਸਮਝ ਕੇ ਮੰਨੋ]

ਧਿਆਨ ਲਈ ਮੂਰਤਿ ਹੈ ਤੇ ਅੰਤ੍ਰ ਲਈ ਸ਼ਬਦ ਹੈ। ਜਿਹੜਾ ਮੂਰਤ ਨੂੰ ਕੇਵਲ ਮੂਰਤ ਸਮਝ ਕੇ ਧਿਆਨ ਕਰਦਾ ਹੈ ਜਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਕੇਵਲ ਬਾਣੀ ਜਾਂ ਕਾਗਜ਼ ਜਾਂ ਅੱਖਰ ਸਮਝ ਕੇ ਮੱਥਾ ਟੇਕਦਾ ਹੈ, ਉਹ ਮੂਰਤੀ ਪੂਜਾ ਕਰਦਾ ਹੈ। ਜਿਹੜਾ ਚਿੱਤ ਲਾ ਕੇ ਸੱਚੇ ਦਿਲੋਂ ਮੂਰਤ ਨੂੰ ਪ੍ਰਤੱਖ ਗੁਰੂ ਨਾਨਕ ਸਾਹਿਬ ਸਮਝ ਕੇ ਪੂਜਦਾ ਹੈ ਜਾਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਪੂਜਦਾ ਹੈ, ਉਹ ਮੂਰਤੀ ਪੂਜਾ ਨਹੀਂ ਕਰਦਾ।

ਧੰਨੇ ਨੇ ਅਤੇ ਨਾਮਦੇਵ ਨੇ ਪੱਥਰ ਨਹੀਂ ਸਮਝਿਆ ਬਲਕਿ ਸੱਚੇ ਮਨੋਂ ਭਗਵਾਨ ਸਮਝ ਕੇ ਪੂਜਾ ਕੀਤੀ ਅਤੇ ਭਗਵਾਨ ਮਿਲ ਪਏ।

ਉਹਨਾਂ ਨੇ ਜ਼ਾਹਰ ਪੱਥਰ ਨੂੰ ਭਗਵਾਨ ਕਿਹਾ ਅਤੇ ਪਦਵੀ ਕੀ ਮਿਲੀ ? ਗੁਰੂ ਸਾਹਿਬ ਵਿਚ ਉਹਨਾਂ ਦੀ ਬਾਣੀ ਦਰਜ ਹੋ ਗਈ।

ਅਤੇ "ਮੂਰਤੀ ਪੂਜਾ ਮਨ੍ਹਾ ਹੈ" ਕਹਿਣ ਵਾਲਿਆਂ ਦਾ ਕੀ ਹਾਲ ਹੈ ? ਉਹ ਪ੍ਰਤੱਖ ਗੁਰਾਂ ਕੀ ਦੇਹ ਨੂੰ ਪ੍ਰਤੱਖ ਗੁਰੂ ਹੀ ਨਹੀਂ ਸਮਝਦੇ। ਗੁਰੂ ਨਾਨਕ ਸਾਹਿਬ ਦੇ ਸਰੂਪ [ਫੋਟੋ] ਨੂੰ ਗੁਰੂ ਨਾਨਕ ਸਾਹਿਬ ਨਹੀਂ ਸਮਝਦੇ। ਕੀ ਉਹ ਪ੍ਰਸੰਨਤਾ ਲੈਣਗੇ ?

ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ :-

ਸਤਿਗੁਰ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆਂ ॥
(ਆਸਾ ਦੀ ਵਾਰ)

ਅਤੇ ਅਸੀਂ ਕੀ ਕਰਦੇ ਹਾਂ ? ਸਤਿਗੁਰੂ ਨੂੰ ਛੋਟਾ ਕਰ ਕੇ ਚਿਤਾਰਦੇ ਹਾਂ। ਜਿਹੜੇ ਇਹ ਬਿਰਤੀ ਰਖਦੇ ਹਨ ਉਹ ਕਦੀ ਪ੍ਰਸੰਨਤਾ ਨਹੀਂ ਲੈ

ਸਕਦੇ, ਭਾਵੇਂ ਜੁਗਾਂ ਜੁਗਾਂਤਰਾਂ ਤੱਕ ਤਪੱਸਿਆ ਕਰੀ ਜਾਣ।

ਨਾਮ ਕਾਹਦੇ ਵਾਸਤੇ ਜਪਦੇ ਹਾਂ ? ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅਤੇ ਜੇ ਨਾਮ ਜਪ ਕੇ ਦਰਸ਼ਨ ਨਾ ਹੋਏ ਤਾਂ ਸ਼ਬਦ ਸੁਰਤ ਦਾ ਮੇਲ, ਕੌਲ ਫੁੱਲ ਦਾ ਸਿੱਧਾ ਹੋਣਾ, ਗੁਰੂ ਸਾਹਿਬ ਦੇ ਪਵਿੱਤਰ ਦਰਸ਼ਨਾਂ ਸਾਹਮਣੇ ਹੇਚ ਹਨ।

ਅਸੀਂ ਤਾਂ ਨਾਮ ਜਪਣਾ ਹੈ ਆਪਣੇ ਪਿਆਰੇ ਪ੍ਰੀਤਮ ਦੇ ਚਰਨ ਕਮਲਾਂ ਨੂੰ ਜੱਫੀ ਪਾਉਣ ਲਈ।

ਜਪ ਤਪ ਬਰਤ ਕੀਨੇ ਪੇਖਨ ਕਉ ਚਰਨਾ ਰਾਮ ॥ (ਅੰਗ 545)

ਪਰ ਜੇ ਕੋਈ ਚਰਨਾਂ ਨੂੰ ਜੱਫੀ ਨਹੀਂ ਪਵਾ ਸਕਦਾ ਤਾਂ ਫਿਰ ਸਾਨੂੰ ਭਾਈ ਨੰਦ ਲਾਲ ਦੀ ਗਜ਼ਲ ਪੜ੍ਹਨੀ ਹੀ ਪਵੇਗੀ।

ਬਸ ਕਰ ਗਿਆਨੀ ਚੁੱਪ ਭੀ ਕਰ ਜਾ।
ਛੱਡ ਦੇ ਆਪਣੇ ਬਿਆਨਾਂ ਨੂੰ।
ਇਹ ਸੰਗਤ ਹੈ ਮਸਤਾਂ ਵਾਲੀ
ਚਾਹੇ ਨਾ ਤੇਰੇ ਗਿਆਨਾਂ ਨੂੰ।

ਕਈ ਕਹਿ ਦਿੰਦੇ ਹਨ ਕਿ ਭਾਈ ਗੁਰਦਾਸ ਕਹਿੰਦੇ ਹਨ ਕਿ "ਗੁਰ ਮੂਰਤ ਗੁਰ ਸ਼ਬਦ ਹੈ।"

ਭਾਈ ਗੁਰਦਾਸ ਜੀ ਲਿਖਦੇ ਹਨ "ਗੁਰ ਮੂਰਤਿ ਗੁਰੂ ਸ਼ਬਦ ਹੈ ਸਾਧ ਸੰਗਤ ਵਿਚ ਪ੍ਰਗਟੀ ਆਇਆ ॥" (ਵਾਰ 24, ਪਉੜੀ 25)

ਸ਼ਬਦ ਕੀ ਦੱਸਦਾ ਹੈ ? ਸਾਧ ਸੰਗਤ ਵਿਚ ਪ੍ਰਗਟ ਹੈ। ਆਪਾਂ ਕੀ

ਕਰਦੇ ਹਾਂ ? ਸ਼ਬਦ ਤੇ ਖੜ੍ਹ ਜਾਂਦੇ ਹਾਂ। ਅੱਗੇ ਚਲੋ, ਜਿਸ ਦਾ ਸ਼ਬਦ ਹੈ ਉਸ ਨੂੰ ਪ੍ਰਗਟ ਕਰੋ।

ਗੁਪਤੁ ਪਰਗਟੁ ਵਰਤੈ ਸਭ ਥਾਈਂ ॥ ਸਤਿਗੁਰ ਸੇਵਿਆ ਪਰਗਟੁ ਹੋਈ ॥ (ਅੰਗ 112)

ਹਉ ਢੂਢੇਂਦੀ ਸਜਣਾ ਸਜਣੁ ਮੈਂਡੇ ਨਾਲਿ ॥
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥
(ਅੰਗ 1221)

ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੂ ਅਖੀ ਦੇਖੰ ॥
(ਅੰਗ 1020)

ਸੋ ਗੁਰਮੁਖ ਬਣੋ, ਸਤਿਗੁਰ ਦੀ ਸੇਵਾ ਕਰੋ, ਆਪਣਾ ਜਨਮ ਸਵਾਰੋ। ਕਿਵੇਂ ? ਸ਼ਬਦ ਵਾਲੇ ਨੂੰ ਪ੍ਰਗਟ ਕਰੋ।

ਭਾਈ ਗੁਰਦਾਸ ਜੀ ਤਾਂ ਉਚਾਰਦੇ ਹਨ :-

ਬਿਨੁ ਦਰਸ਼ਨੁ ਗੁਰ ਮੂਰਤੋਂ ਭ੍ਰਮਤਿ ਫਿਰੇ ਲਖ ਜੂਨ ਚਉਰਾਸੀ ॥
(ਅੰਗ 40, 21)

ਜਦੋਂ ਦਸੇ ਗੁਰੂ ਸਾਹਿਬਾਨ ਆਪਣੇ ਅਸਥੂਲ ਸਰੀਰ ਵਿਚ ਜਗਤ ਅੰਦਰ ਵਿਚਰਦੇ ਸਨ ਤਾਂ ਕੀ ਸਿੱਖ ਗੋਡੇ ਲਾ ਕੇ ਮੱਥਾ ਨਹੀਂ ਸਨ ਟੇਕਦੇ ? ਕੀ ਗੁਰੂ ਸਾਹਿਬ ਤੇ ਚੌਰ ਨਹੀਂ ਸਨ ਕਰਦੇ ? ਕੀ ਅੱਜ ਭੀ ਅਸੀਂ ਗੁਰੂ ਗਰੰਥ ਸਾਹਿਬ ਜੀ ਨੂੰ ਗੋਡੇ ਲਾ ਕੇ ਮੱਥਾ ਨਹੀਂ ਟੇਕਦੇ ਅਤੇ ਚੌਰ ਨਹੀਂ ਕਰਦੇ ? ਸੋ ਜੇ ਅਸੀਂ ਪ੍ਰਤੱਖ ਗੁਰੂ ਨਹੀਂ ਸਮਝਦੇ ਅਤੇ ਮੱਥਾ ਟੇਕਦੇ ਹਾਂ ਤਾਂ ਇਹ ਮੂਰਤੀ ਪੂਜਾ ਹੈ।

ਸੋ ਮੂਰਤੀ ਪੂਜਾ ਕਰਨੀ ਹੈ ਅਤੇ ਚਿਤ ਲਾ ਕੇ ਕਰਨੀ ਹੈ ਅਤੇ ਪ੍ਰਤੱਖ ਗੁਰੂ ਸਾਹਿਬ ਸਮਝ ਕੇ ਕਰਨੀ ਹੈ। ਫਿਰ ਦੇਖੋ ਕਿੰਨਾ ਅਨੰਦ ਹੈ ?

ਗੁਰ ਮੂਰਤਿ ਕਰਿ ਧਿਆਨ ਸਦਾ ਹਜ਼ੂਰ ਹੈ ॥ (ਵਾਰ 3, 10)

ਹੁਣ ਫਿਰ ਅਗਲਾ ਸਵਾਲ ਉਠਦਾ ਹੈ ਕਿ ਧਿਆਨ ਕਿਥੇ ਧਰਨਾ ਹੈ ? ਕਈ ਜਗਿਆਸੂ ਆਪਣੇ ਗੁਰੂ ਦੀ ਮੂਰਤ ਦੇ ਚਿਹਰੇ ਜਾਂ ਅੱਖਾਂ ਦਾ ਧਿਆਨ ਟਿਕਾਉਂਦੇ ਹਨ ਪ੍ਰੰਤੂ ਬਾਬਾ ਜੀ ਫੁਰਮਾਉਂਦੇ ਸਨ ਕਿ ਦਰਸ਼ਨ ਚਿਹਰੇ ਦਾ ਕਰੋ ਪ੍ਰੰਤੂ ਧਿਆਨ ਵੇਲੇ ਧਿਆਨ ਚਰਨਾਂ ਦਾ ਰਖੋ। ਇਸ ਨਾਲ ਨਿਮਰਤਾ ਅਤੇ ਅਧੀਨਗੀ ਆ ਜਾਂਦੀ ਹੈ।

ਚਿਹਰੇ ਦਾ ਧਿਆਨ ਕਰਨ ਨਾਲ ਹੰਕਾਰ ਪੈਦਾ ਹੁੰਦਾ ਹੈ ਅਤੇ ਚਰਨਾਂ ਦਾ ਧਿਆਨ ਕਰਨ ਨਾਲ ਨਿਮਰਤਾ ਪੈਦਾ ਹੁੰਦੀ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ :-

ਚਰਨ ਕਮਲ ਪ੍ਰਭ ਰਾਖੇ ਚੀਤਿ ॥ ਹਰ ਗੁਣ ਗਾਵਹ ਨੀਤਾ ਨੀਤ ॥
(ਅੰਗ 1002)

ਗੁਰ ਕੀ ਮੂਰਤਿ ਮਨ ਮਹਿ ਧਿਆਨ ॥
ਗੁਰ ਕੈ ਸ਼ਬਦਿ ਮੰਤਰ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰ ਪਾਰ ਬ੍ਰਹਮ ਸਦਾ ਨਮਸਕਾਰਉ ॥ (ਅੰਗ 864)

ਪਰਭਾਤੇ ਪ੍ਰਭ ਨਾਮੁ ਜਪਿ ਗੁਣ ਕੇ ਚਰਣ ਧਿਆਇ ॥
(ਅੰਗ 1099)

ਗੁਰ ਕੇ ਚਰਨ ਰਿਦੇ ਬਸਾਏ ॥
ਜੋ ਇਛੇ ਸੋਈ ਫਲ ਪਾਏ ॥

ਬੰਦੂਕ ਫੜਨੀ ਸੌਖੀ ਹੈ ਪ੍ਰੰਤੂ ਅਫਸਰ ਦੀ ਸਿਖਲਾਈ ਤੋਂ ਬਗੈਰ ਚਲਾਉਣੀ ਨਹੀਂ ਆਉਂਦੀ ਅਤੇ ਜੇ ਫਿਰ ਕਦੀ ਕਿਸੇ ਪਾਸੇ ਨੂੰ ਅਤੇ ਕਦੀ ਕਿਸੇ ਪਾਸੇ ਨੂੰ ਚਲਾਈ ਜਾਵੇ ਤਾਂ ਨੁਕਸਾਨ ਪਹੁੰਚਾਉਂਦੀ ਹੈ। ਸਾਹਮਣੇ ਨਿਸ਼ਾਨਾ ਗੋਲ ਚੱਕਰ ***(Target)*** ਹੋਣਾ ਚਾਹੀਦਾ ਹੈ।

ਗੋਲ ਚੱਕਰ ***(Target)*** ਦੇ ਵਿਚਾਲੇ ਇਕ ਬਿੰਦੂ ਹੁੰਦਾ ਹੈ ਜਿਸ ਨੂੰ ਮੱਧ ਬਿੰਦੂ ਕਹਿੰਦੇ ਹਨ।

ਪਹਿਲਾਂ ਪਹਿਲ ਕਦੀ ਨਿਸ਼ਾਨੇ ਤੋਂ ਉਪਰ, ਕਦੀ ਹੇਠਾਂ, ਕਦੀ ਸੱਜੇ, ਕਦੀ ਖੱਬੇ ਗੋਲੀ ਲੰਘਦੀ ਜਾਂਦੀ ਹੈ ਪ੍ਰੰਤੂ ਵਾਰ ਵਾਰ ਦੁਹਰਾਉਣ ਨਾਲ ***(Practice)*** ਨਾਲ ਨਿਸ਼ਾਨਾ ਪੱਕਾ ਹੋ ਜਾਂਦਾ ਹੈ ਅਤੇ ਫਿਰ ਉਹ ਪਹਿਲੇ ਨੰਬਰ ਤੇ ਆ ਜਾਂਦਾ ਹੈ ਅਤੇ ਕੱਪ ਜਿੱਤ ਲੈਂਦਾ ਹੈ।

ਚਾਂਦ ਮਾਰੀ ਨਿਸ਼ਾਨੇ ਤੇ ਹੁੰਦੀ ਹੈ। ਨਿਸ਼ਾਨਾ (ਚਰਨ) ਸਾਹਮਣੇ ਰਖੇ। ਪਦਮ ਮੱਧ ਬਿੰਦੂ ਹੈ। ਮੁੜ ਮੁੜ ਕੇ ਧਿਆਨ ਰੱਖਣਾ ਹੈ। ਨਿਸ਼ਾਨਾ ਖਾਲੀ ***(Miss)*** ਚਲਿਆ ਜਾਵੇ ਤਾਂ ਫਿਰ ਧਿਆਨ ਧਰੇ। ਅਖੀਰ ਆਪੇ ਨਿਸ਼ਾਨਾ ਬੱਝ ਜਾਂਦਾ ਹੈ।

ਬੰਦੂਕ ਕਿਹੜੀ ਹੈ ? — ਜਾਪ

ਅਫਸਰ ਕੌਣ ਹਨ ? — ਮਹਾਂ ਪੁਰਖ

***Target*** ਨਿਸ਼ਾਨੇ ਵਾਲਾ ਚੱਕਰ ਕਿਹੜਾ ਹੈ ? — ਗੁਰੂ ਨਾਨਕ ਸਾਹਿਬ ਦੇ ਚਰਨ

ਮੱਧ ਬਿੰਦੂ ਕਿਹੜਾ ਹੈ ? — ਚਰਨਾਂ ਵਿਚ ਪਦਮ

ਸੋ ਚਰਨਾਂ ਵਿਚ ਜੋ ਪਦਮ ਹੈ ਉਸ ਦਾ ਧਿਆਨ ਕਰਨਾ ਚਾਹੀਦਾ ਹੈ ਜਦੋਂ ਨਿਸ਼ਾਨਾ ਸਹੀ ਹੋ ਗਿਆ ਤਾਂ ਬਾਬਾ ਜੀ ਫੁਰਮਾਉਂਦੇ ਸਨ "ਅਸੀਂ ਦਾਅਵੇ ਨਾਲ ਕਹਿੰਦੇ ਹਾਂ ਕਿ ਗੁਰੂ ਨਾਨਕ ਸਾਹਿਬ ਤੁਹਾਡੇ ਨਾਲ ਬਚਨ ਬਿਲਾਸ ਕਰਨਗੇ। ਜੋ ਮਰਜ਼ੀ ਪੁਛ ਲਵੋ।"

ਦਾਸ ਦੇ ਇਕ ਬਜ਼ੁਰਗ ਪਹਿਲਾਂ ਮੱਥੇ ਵਿਚ ਧਿਆਨ ਧਰਦੇ ਸਨ। ਕਈ ਸਾਲ ਕਠਨ ਤਪੱਸਿਆ ਕਰਦੇ ਰਹੇ। ਤਰੱਕੀ ਤਾਂ ਕੀ ਹੋਣੀ ਸੀ ਹਰ ਵਕਤ ਹਾਲਤ ਡਾਵਾਂ ਡੋਲ ਰਹਿਣੀ। ਕੋਈ ਪ੍ਰਾਪਤੀ ਨਾ ਹੋਈ। ਅਖੀਰ ਬਾਬਾ ਜੀ ਪਾਸੋਂ ਸੁਮੱਤ ਲੈ ਕੇ ਚਰਨਾਂ ਵਿਚ ਪਦਮ ਦਾ ਧਿਆਨ ਕਰਨਾ ਸ਼ੁਰੂ ਕੀਤਾ। ਕੁਝ ਦਿਨਾਂ ਵਿਚ ਹੀ ਸ਼ਲਾਘਾ ਯੋਗ ਤਰੱਕੀ ਹੋ ਗਈ। ਗੁਰੂ ਨਾਨਕ ਸਾਹਿਬ ਦਾ ਸਰੂਪ (ਫੋਟੋ) ਹਿਲਣ ਲੱਗ ਪਿਆ। ਬਾਬਾ ਜੀ ਪਾਸ ਆ ਕੇ ਬੇਨਤੀ ਕੀਤੀ। ਬਾਬਾ ਜੀ ਨੇ ਬਚਨ ਕੀਤੇ "ਹੁਣ ਨਤੀਜਾ ਨਿਕਲਣ ਵਾਲਾ ਹੈ। ਪੰਜ ਮਿੰਟ ਟਾਈਮ ਹੋਰ ਲਾਇਆ ਕਰੋ।" ਹਫਤੇ ਬਾਦ ਉਹਨਾਂ ਨੇ ਗੁਰੂ ਨਾਨਕ ਸਾਹਿਬ ਨਾਲ ਪ੍ਰਤੱਖ ਬਚਨ ਬਿਲਾਸ ਕੀਤੇ।

ਹੁਣ ਉਹਨਾਂ ਨੇ ਕੁਝ ਸਮੇਂ ਬਾਦ ਬੇਨਤੀ ਕੀਤੀ "ਬਾਬਾ ਜੀ, ਜਦ ਪ੍ਰਾਪਤੀ ਹੋ ਜਾਵੇ, ਤਾਂ ਕੀ ਫਿਰ ਭੀ ਧਿਆਨ ਰਖਣਾ ਜ਼ਰੂਰੀ ਹੈ?"

ਬਾਬਾ ਜੀ ਨੇ ਇਕੋ ਸਕਿੰਟ ਵਿਚ ਉਤਰ ਦਿਤਾ "ਜਦ ਇਸਤਰੀ ਦੇ ਮੁੰਡਾ ਪੈਦਾ ਹੋ ਜਾਵੇ ਤਾਂ ਕੀ ਉਹ ਪਤੀ ਨੂੰ ਛੱਡ ਦਿੰਦੀ ਹੈ?"

ਕਿੰਨਾ ਸੋਹਣਾ ਜਵਾਬ ਅਤੇ ਕਿੰਨਾ ਡੂੰਘਾਈ ਵਾਲਾ ਪਦਾਰਥ!

ਧਿਆਨ ਸ਼ਕਤੀ ਕਿਥੋਂ ਤੱਕ ਕੰਮ ਕਰਦੀ ਹੈ?

1. ਪੰਜਵੇਂ ਪਾਤਸ਼ਾਹ ਵੇਲੇ ਅੰਮ੍ਰਿਤਸਰ ਸਰੋਵਰ ਦੇ ਪੱਕੇ ਹੋਣ ਦੀ ਸੇਵਾ ਚੱਲ ਰਹੀ ਸੀ। ਉਥੇ ਇਕ ਬੱਤੀ ਤੇਤੀ ਸਾਲ ਦੀ ਬੀਬੀ ਟੋਕਰੀਆਂ ਭਰ ਕੇ ਸੇਵਾ ਕਰਦੀ ਰਹਿੰਦੀ ਸੀ। ਜਦੋਂ ਖਾਲੀ ਟੋਕਰੀ ਲੈ ਕੇ ਮੁੜਦੀ ਸੀ ਤਾਂ ਇਕ ਹੱਥ ਨਾਲ ਹਲੂਣਾ ਜਿਹਾ ਦਿੰਦੀ ਸੀ ਅਤੇ ਸ਼ਾਮ ਨੂੰ ਉਸ ਦਾ ਪਤਾ ਨਹੀਂ ਲਗਦਾ ਸੀ ਕਿ ਉਹ ਕਿਥੇ ਜਾਂਦੀ ਸੀ। ਹਰ ਰੋਜ਼ ਇਸੇ ਤਰ੍ਹਾਂ ਹੀ ਹੁੰਦਾ ਰਿਹਾ। ਬੀਬੀਆਂ ਨੇ ਉਸ ਦਾ ਟਿਕਾਣਾ ਲਭਣ ਦੀ ਬੜੀ ਕੋਸ਼ਿਸ਼ ਕੀਤੀ ਪਰ ਨਿਸਫਲ ਰਹੀਆਂ। ਅਖੀਰ ਸਾਰਿਆਂ ਨੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸਾਰੀ ਸੰਗਤ ਵਿਚ ਆ ਕੇ ਬੀਬੀ ਨੂੰ ਪੁਛਿਆ ਤਾਂ ਉਸ ਦਸਿਆ "ਕਿ ਸੱਚੇ ਪਾਤਸ਼ਾਹ, ਮੈਂ ਹਰ ਰੋਜ਼ ਸਵੇਰੇ ਆਪਣੇ ਪਤੀ ਦਾ ਪਰਸ਼ਾਦਾ ਬਣਾ ਕੇ ਤੁਹਾਡੇ ਚਰਨਾਂ ਵਿਚ ਅਰਦਾਸ ਕਰਦੀ ਹਾਂ ਕਿ ਮੈਨੂੰ ਭੀ ਸੇਵਾ ਬਖਸ਼ੋ। ਮੇਰਾ ਘਰ ਕਾਬਲ(ਅਫਗਾਨਿਸਤਾਨ) ਵਿਚ ਹੈ। ਅਰਦਾਸ ਕਰਦੇ ਸਾਰ ਮੈਂ ਇਥੇ ਪਹੁੰਚ ਜਾਂਦੀ ਹਾਂ। ਮੇਰਾ ਬੱਚਾ ਸਾਲ ਕੁ ਦਾ ਹੈ। ਉਸ ਨੂੰ ਮੈਂ ਪੰਘੂੜੇ ਵਿਚ ਪਾ ਆਉਂਦੀ ਹਾਂ। ਜਦ ਰੋਂਦਾ ਹੈ ਤਾਂ ਇਥੋਂ ਹੱਥ ਹਿਲਾ ਕੇ ਉਸ ਦਾ ਪੰਘੂੜਾ ਹਿਲਾ ਦਿੰਦੀ ਹਾਂ। ਸ਼ਾਮ ਨੂੰ ਜਦ ਅਰਦਾਸ ਕਰਦੀ ਹਾਂ ਤਾਂ ਫਿਰ ਕਾਬਲ ਜਾ ਪਹੁੰਚਦੀ ਹਾਂ।" ਸਾਰੀ ਸੰਗਤ ਨੇ ਹੈਰਾਨ ਹੋ ਕੇ ਸਤਿਗੁਰੂ ਨੂੰ ਮੱਥਾ ਟੇਕਿਆ। ਇਹ ਹੈ ਅਰਦਾਸ ਦੀ ਸ਼ਕਤੀ ਅਤੇ ਧਿਆਨ ਦੀ ਸ਼ਕਤੀ। (ਇਸ ਸਾਖੀ ਦਾ ਜ਼ਿਕਰ ਸੂਰਜ ਪ੍ਰਕਾਸ਼ ਗਰੰਥ ਵਿਚ ਆਉਂਦਾ ਹੈ ਅਤੇ ਭਾਈ ਵੀਰ ਸਿੰਘ ਨੇ ਭੀ ਅਸ਼ਟ ਗੁਰੂ ਚਮਤਕਾਰ ਵਿਚ ਇਹ ਸਾਖੀ ਲਿਖੀ ਹੈ)

2. ਸੱਪ ਤੇ ਨਿਉਲਾ ਲੜਦੇ ਹਨ। 'ਸੱਪ ਨਿਉਲੇ ਦੇ ਡੰਗ ਮਾਰਦਾ ਹੈ। ਪਰ ਨਿਉਲਾ ਜੰਗਲ ਦੀ ਇਕ ਬੂਟੀ ਨੂੰ ਸੁੰਘ ਕੇ ਜ਼ਹਿਰ ਖਤਮ ਕਰ ਦਿੰਦਾ ਹੈ। ਕਈ ਦਫਾ ਇਹ ਬੂਟੀ ਨਿਉਲੇ ਨੂੰ ਨਹੀਂ ਲਭਦੀ ਤਾਂ ਫਿਰ ਧਿਆਨ ਨਾਲ ਉਸ ਦਾ ਸੇਵਨ ਕਰਦਾ ਹੈ ਤਾਂ ਜ਼ਹਿਰ ਉਤਰ ਜਾਂਦੀ ਹੈ।

ਇਸੇ ਤਰ੍ਹਾਂ ਇਕ ਸਿੱਖ ਵਾਸਤੇ ਭੀ ਹੁਕਮ ਹੈ ਕਿ ਜਦੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਜ਼ਹਿਰ ਉਸ ਨੂੰ ਚੜ੍ਹੇ ਤਾਂ ਗੁਰੂ ਨਾਨਕ ਸਾਹਿਬ ਦੇ ਸਰੂਪ ਦੇ ਚਰਨ ਕਮਲ ਦੇ ਪਦਮ ਦਾ ਧਿਆਨ ਸੁਰਤੀ ਨਾਲ ਕਰੇ। ਇਹ ਇਕ ਇਹੋ ਜਿਹੀ ਬੂਟੀ ਹੈ ਜੋ ਜ਼ਹਿਰ ਨੂੰ ਉਤਾਰ ਦਿੰਦੀ ਹੈ।

3. ਕੱਛੂ ਕੁਮੀਂ ਆਪਣੇ ਆਂਡੇ ਪਾਣੀ ਵਿਚੋਂ ਨਿਕਲ ਕੇ ਬਾਹਰ ਰੇਤੇ ਵਿਚ ਦਿੰਦੀ ਹੈ। ਧਿਆਨ ਨਾਲ ਹੀ ਆਂਡਿਆਂ ਵਿਚੋਂ ਬੱਚਿਆਂ ਨੂੰ ਬਾਹਰ ਕਢਦੀ ਹੈ ਅਤੇ ਧਿਆਨ ਨਾਲ ਹੀ ਉਹਨਾਂ ਦਾ ਪਾਲਣ ਪੋਸਣ ਕਰਦੀ ਹੈ ਅਤੇ ਫਿਰ ਆਪਣੇ ਨਾਲ ਮਿਲਾ ਲੈਂਦੀ ਹੈ।

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥

(ਅੰਗ 488)

ਪੰਖ—ਫੰਗ ਖੀਰੁ=ਦੁੱਧ

4. ਸਰਦੀਆਂ ਵਿਚ ਬਹੁਤ ਪੰਛੀ *(migratory birds)* ਹਜ਼ਾਰਾਂ ਮੀਲਾਂ ਤੋਂ ਉਡ ਕੇ ਇਥੇ ਭਾਰਤ ਵਿਚ ਆ ਪਹੁੰਚਦੇ ਹਨ ਜਾਂ ਹੋਰ ਮੁਲਕਾਂ ਵਿਚ ਜਿਥੇ ਸਰਦੀ ਘੱਟ ਹੋਵੇ, ਚਲੇ ਜਾਂਦੇ ਹਨ ਅਤੇ ਗਰਮੀ ਸ਼ੁਰੂ ਹੋਣ ਨਾਲ ਮੁੜ ਆਪਣੇ ਦੇਸ਼ ਪਰਤ ਜਾਂਦੇ ਹਨ। ਉਹ ਆਪਣੇ ਬੱਚੇ ਸੈਂਕੜੇ ਹਜ਼ਾਰਾਂ ਮੀਲ ਪਿਛੇ ਛੱਡ ਆਉਂਦੇ ਹਨ ਅਤੇ ਧਿਆਨ ਸ਼ਕਤੀ ਦੁਆਰਾ ਉਹਨਾਂ ਦਾ ਪਾਲਣ ਪੋਸਣ ਇਥੇ ਬੈਠੇ ਕਰਦੇ ਹਨ।

ਗੁਰੂ ਸਾਹਿਬ ਫੁਰਮਾਉਂਦੇ ਹਨ :-

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥<br>
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਣੁ ਕਰਿਆ ॥

(ਗੂਜਰੀ ਮ: 5)

5. ਗਊ ਬਾਹਰ ਚਰਨ ਵਾਸਤੇ ਵੱਗ ਦੇ ਨਾਲ ਜਾਂਦੀ ਹੈ। ਪਿਛੇ ਘਰ ਵਿਚ ਵੱਛਾ ਹੈ। ਇਧਰ ਘਰ ਵਿਚ ਵੱਛਾ ਰੰਮ੍ਹਦਾ (ਬੋਲਦਾ) ਹੈ ਅਤੇ ਉਧਰ ਗਾਂ ਚਰਦੀ ਚਰਦੀ ਉਸ ਦੇ ਜਵਾਬ ਵਿਚ ਰੰਮ੍ਹਦੀ ਹੈ।

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀ ਅਲੈ ॥

(ਅੰਗ 972)

ਸੋ ਬਾਬਾ ਜੀ ਫੁਰਮਾਉਂਦੇ ਸਨ ਕਿ ਨਿਰੰਕਾਰ ਨੇ ਪਸ਼ੂਆਂ ਅਤੇ ਪੰਛੀਆਂ ਵਿਚ ਭੀ ਕਿੰਨੀ ਆਟੋਮੈਟਿਕ *(automatic)* ਲਾਈ ਹੈ ? ਤਾਂ ਕੀ ਇਹ ਆਟੋਮੈਟਿਕ ਇਨਸਾਨਾਂ ਵਿਚ ਨਹੀਂ ਲੱਗ ਸਕਦੀ ?

6. ਪਹਾੜੀ (ਹਿਮਾਚਲ ਪ੍ਰਦੇਸ਼ ਦਾ) ਰਾਜਾ ਗੁਰੂ ਸਾਹਿਬ ਨਾਲ ਲੜਾਈ ਕਰਨਾ ਚਾਹੁੰਦਾ ਸੀ ਪ੍ਰੰਤੂ ਉਸ ਦਾ ਵਜ਼ੀਰ (ਜੋ ਕਿ ਦਸਵੇਂ ਪਾਤਸ਼ਾਹ ਤੇ ਸ਼ਰਧਾ ਰਖਦਾ ਸੀ) ਰਾਜੇ ਨੂੰ ਲੜਾਈ ਤੋਂ ਰੋਕਦਾ ਸੀ ਜਿਸ ਤੇ ਰਾਜੇ ਨੇ ਹੁਕਮ ਦਿਤਾ ਕਿ ਵਜ਼ੀਰ ਦੇਵੀ ਚੰਦ ਨੂੰ ਜੰਗਲ ਵਿਚ ਲੈ ਜਾਵੋ ਅਤੇ ਇਸ ਦੀਆਂ ਅੱਖਾਂ ਵਿਚ ਤੋੜ (ਸਲਾਈਆਂ) ਦੇ ਦੇਵੋ। ਦੂਤ ਲੈ ਜਾਂਦੇ ਹਨ ਅਤੇ ਦੇਵੀ ਚੰਦ ਦੀਆਂ ਅੱਖਾਂ ਵਿਚ ਤੋੜ ਦੇਣ ਲਗਦੇ ਹਨ ਤਾਂ ਉਹ ਕਲਗੀਧਰ ਪਾਤਸ਼ਾਹ ਦੇ ਚਰਨਾਂ ਦਾ ਧਿਆਨ ਧਰਦਾ ਹੈ। ਪਾਤਸ਼ਾਹ ਅਨੰਦਪੁਰ ਸਾਹਿਬ ਦੀਵਾਨ ਵਿਚ ਬਰਾਜਮਾਨ ਹਨ। ਜਦ ਦੂਤਾਂ ਨੇ ਸੱਜੀ ਅੱਖ ਵਿਚ ਤੋੜ ਦਿਤਾ ਤਾਂ ਕਲਗੀਧਰ ਪਾਤਸ਼ਾਹ ਨੇ ਸੱਜਾ ਚਰਨ ਅੱਗੇ ਕਰ ਦਿਤਾ ਅਤੇ ਖ਼ੂਨ ਦੀ ਤਤੀਰੀ ਚੱਲ ਪਈ। ਸਿੱਖ ਭੱਜੇ ਅਤੇ ਚਰਨ ਤੇ ਪੱਟੀ ਕਰਨ ਲੱਗੇ। ਉਧਰ ਦੇਵੀ ਚੰਦ ਦੀ ਖੱਬੀ ਅੱਖ ਵਿਚ

ਤੋੜ ਦਿਤਾ ਤਾਂ ਸੱਚੇ ਪਾਤਸ਼ਾਹ ਨੇ ਖੱਬਾ ਚਰਨ ਅੱਗੇ ਕਰ ਦਿਤਾ ਅਤੇ ਖੱਬੇ ਚਰਨ ਵਿਚੋਂ ਭੀ ਖੂਨ ਦੀ ਤਤੀਰੀ ਚੱਲ ਪਈ। ਦੂਤ ਚਲੇ ਗਏ। ਦੇਵੀ ਚੰਦ ਨੇ ਤੋੜ ਕੱਢੇ ਤਾਂ ਅੱਖਾਂ ਠੀਕ ਸਨ। ਉਹ ਅਨੰਦਪੁਰ ਸਾਹਿਬ ਨੂੰ ਭੱਜ ਲਿਆ। ਦੀਵਾਨ ਸਜਿਆ ਸੀ। ਮੱਥਾ ਟੇਕਿਆ। ਸੋਹਣੇ ਚਰਨਾਂ ਤੇ ਪੱਟੀਆਂ ਬੱਝੀਆਂ ਸਨ। ਬੇਨਤੀ ਕਰ ਕੇ ਪੁਛਦਾ ਹੈ ਤਾਂ ਗੁਰੂ ਸਾਹਿਬ ਪੁਛਦੇ ਹਨ ਕਿ ਜਦ ਤੇਰੀਆਂ ਅੱਖਾਂ ਵਿਚ ਤੋੜ ਦੇਣ ਲੱਗੇ ਸਨ ਤਾਂ ਤੂੰ ਕਿਸ ਚੀਜ਼ ਦਾ ਧਿਆਨ ਕੀਤਾ ਸੀ? ਤਾਂ ਦੇਵੀ ਚੰਦ ਨੇ ਦੱਸਿਆ ਕਿ ਆਪ ਦੇ ਚਰਨਾਂ ਦਾ। ਤਾਂ ਫਿਰ ਗੁਰੂ ਸਾਹਿਬ ਨੇ ਬਚਨ ਕੀਤੇ ਕਿ ਤੇਰੇ ਨੇਤਰਾਂ ਨੇ ਚਰਨਾਂ ਦਾ ਧਿਆਨ ਧਰਿਆ ਅਤੇ ਉਹ ਤੋੜ ਫਿਰ ਚਰਨਾਂ ਵਿਚ ਹੀ ਲੱਗਣੇ ਸਨ।

7. ਇਥੇ ਬਾਬਾ ਜੀ ਕ੍ਰਿਸ਼ਨ ਭਗਵਾਨ ਦੀ ਭੀ ਇਕ ਸਾਖੀ ਸੁਣਾਇਆ ਕਰਦੇ ਸਨ। ਕ੍ਰਿਸ਼ਨ ਮਹਾਰਾਜ ਦੀ ਪਤਨੀ ਰੁਕਮਨੀ ਕੁਦਰਤੀ ਹੀ ਕ੍ਰਿਸ਼ਨ ਮਹਾਰਾਜ ਦੀ ਮੁਖੀ ਗੋਪੀ ਰਾਧਾ ਤੇ ਸਾੜਾ ਕਰਦੀ ਸੀ। ਸੋ ਰੁਕਮਨੀ ਨੇ ਇਕ ਦਿਨ ਰਾਧਾ ਨੂੰ ਉਬਲਦਾ ਉਬਲਦਾ ਦੁੱਧ ਦੇ ਦਿਤਾ ਅਤੇ ਹੁਕਮ ਦਿਤਾ ਕਿ ਇਕ ਦਮ ਪੀ ਲੈ। ਰਾਧਾ ਨੇ ਉਸੇ ਤਰ੍ਹਾਂ ਕੀਤਾ। ਕੁਛ ਦੇਰ ਬਾਦ ਭਗਵਾਨ ਲੇਟ ਗਏ ਅਤੇ ਰੁਕਮਨੀ ਭਗਵਾਨ ਦੇ ਚਰਨਾਂ ਦੀ ਸੇਵਾ ਕਰਨ ਲੱਗੀ ਤਾਂ ਕੀ ਦੇਖਦੀ ਹੈ ਕਿ ਭਗਵਾਨ ਦੇ ਚਰਨਾਂ ਤੇ ਛਾਲੇ ਹੋਏ ਹਨ। ਰੁਕਮਨੀ ਨੇ ਕਾਰਨ ਪੁਛਿਆ ਤਾਂ ਭਗਵਾਨ ਨੇ ਕਿਹਾ ਕਿ ਤੇਰੀ ਮਿਹਰਬਾਨੀ ਹੈ। ਭਗਵਾਨ ਨੇ ਪੁਛਿਆ ਕਿ ਤੂੰ ਰਾਧਾ ਨੂੰ ਦੁੱਧ ਕਿਹੋ ਜਿਹਾ ਦਿਤਾ ਸੀ? ਤਾਂ ਰੁਕਮਨੀ ਨੇ ਕਿਹਾ ਕਿ ਉਬਲਦਾ ਉਬਲਦਾ ਤਾਂ ਭਗਵਾਨ ਨੇ ਕਿਹਾ ਕਿ ਰਾਧਾ ਦੇ ਹਿਰਦੇ ਵਿਚ ਸਾਡੇ ਚਰਨ ਵਸਦੇ ਹਨ ਸੋ ਸਾਰਾ ਦੁੱਧ ਚਰਨਾਂ ਤੇ ਜਾ ਪਿਆ।

8. ਭਾਈ ਕਟਾਰੂ ਗਜ਼ਨੀ ਵਿਚ ਦੁਕਾਨ ਕਰਦਾ ਸੀ। ਕਿਸੇ ਨੇ ਉਸ ਦੀ ਸ਼ਕਾਇਤ ਬਾਦਸ਼ਾਹ ਪਾਸ ਕਰ ਦਿਤੀ ਕਿ ਭਾਈ ਕਟਾਰੂ ਦੇ ਵੱਟੇ ਦਾ ਭਾਰ ਇਕ ਟਕਾ ਘੱਟ ਸੀ। ਬਾਦਸ਼ਾਹ ਨੇ ਦਰਬਾਰ ਵਿਚ ਭਾਈ ਕਟਾਰੂ ਨੂੰ ਬੁਲਾ ਲਿਆ ਅਤੇ ਵੱਟਾ ਭੀ ਲਿਆਂਦਾ। ਬਾਦਸ਼ਾਹ ਨੇ ਭਾਰ ਨਾਪਣ ਲਈ ਹੁਕਮ ਕੀਤਾ। ਭਾਈ ਕਟਾਰੂ ਨੇ ਪੰਜਵੇਂ ਪਾਤਸ਼ਾਹ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ। ਇਧਰ ਪੰਜਵੇਂ ਪਾਤਸ਼ਾਹ ਸਾਹਮਣੇ ਕੋਈ ਸਿੱਖ ਆ ਕੇ ਟਕਾ ਮੱਥਾ ਟੇਕਦਾ ਹੈ। ਗੁਰੂ ਸਾਹਿਬ ਉਸ ਟਕੇ ਨੂੰ ਚੁੱਕ ਲੈਂਦੇ ਹਨ। ਜਦ ਉਧਰ ਬਾਦਸ਼ਾਹ ਦੇ ਦਰਬਾਰ ਵਿਚ ਵੱਟਾ ਸੱਜੇ ਪਾਲੜੇ ਵਿਚ ਪਾਉਂਦੇ ਹਨ ਤਾਂ ਪਾਤਸ਼ਾਹ ਸੱਜੇ ਹੱਥ ਵਿਚ ਟਕਾ ਚੁੱਕ ਲੈਂਦੇ ਹਨ ਜਦ ਖੱਬੇ ਪਾਲੜੇ ਵਿਚ ਵੱਟਾ ਪਾਉਂਦੇ ਹਨ ਤਾਂ ਖੱਬੇ ਹੱਥ ਵਿਚ ਟਕਾ ਚੁਕ ਲੈਂਦੇ ਹਨ ਅਤੇ ਇਸ ਤਰ੍ਹਾਂ ਉਸ ਸਿੱਖ ਦੀ ਲਾਜ ਰੱਖੀ।

ਇਹੋ ਜਿਹੀਆਂ ਹੋਰ ਸਾਖੀਆਂ ਅਨੇਕਾਂ ਹੀ ਗੁਰੂ ਘਰ ਵਿਚ ਮਿਲਦੀਆਂ ਹਨ।

ਜਿਹੜੇ ਇਕ ਨਾਸ ਰਾਹੀਂ ਸੁਆਸ ਚੜ੍ਹਾ ਕੇ ਮੱਥੇ ਦੇ ਕੇਂਦਰ ਵਿਚ ਲਿਜਾ ਕੇ ਦੂਜੀ ਨਾਸ ਰਾਹੀਂ ਬਾਹਰ ਕੱਢਣ ਦਾ ਉਪਦੇਸ਼ ਕਰਦੇ ਹਨ, ਉਹਨਾਂ ਬਾਰੇ ਬਾਬਾ ਜੀ ਫੁਰਮਾਉਂਦੇ ਸਨ :-

''ਇਹ ਤਾਂ ਰੱਬ ਦੇ ਨਾਂ ਨੂੰ ਗੰਦੇ ਥਾਂ ਘਸੀਟਣ ਵਾਲੀ ਗੱਲ ਹੈ। ਕਦੀ ਪਾਣੀ ਉੱਚੀ ਥਾਂ ਨੂੰ ਭੀ ਚੜ੍ਹਿਆ ਹੈ ? ਪਾਣੀ ਸਦਾ ਨੀਵੇਂ ਥਾਂ ਵੱਲ ਛੱਲਾਂ ਮਾਰਦਾ ਜਾਂਦਾ ਹੈ। ਉਸ ਤਰ੍ਹਾਂ ਮਿਹਨਤ ਬਹੁਤੀ ਅਤੇ ਫਲ ਅਸਲੋਂ ਥੋੜਾ ਮਿਲਦਾ ਹੈ ਜਦ ਕਿ ਚਰਨਾਂ ਦਾ ਧਿਆਨ ਧਰਨ ਨਾਲ ਮਿਹਨਤ ਥੋੜੀ ਅਤੇ ਫਲ ਅਸਲੋਂ ਬਹੁਤਾ ਮਿਲਦਾ ਹੈ।

ਫਿਰ ਫੁਰਮਾਉਂਦੇ ਸਨ : "ਇਕ ਜਗਿਆਸੂ 36 ਕਿਸਮ ਦੇ ਪਦਾਰਥ ਸਿਰ ਤੇ ਚੁੱਕੀ ਖੜਾ ਹੈ। ਇਸ ਤਰ੍ਹਾਂ ਤਾਂ ਉਸ ਦੀ ਭੁੱਖ ਮਿਟ ਨਹੀਂ ਸਕਦੀ। ਭੁੱਖ ਤਾਂ ਖਾਣ ਨਾਲ ਹੀ ਮਿਟਣੀ ਹੈ।"

ਬਾਬਾ ਜੀ ਫੁਰਮਾਉਂਦੇ ਸਨ :-

"ਇਕੱਲਾ ਨਾਮ ਜਪਣਾ ਸੁੱਕੀ ਖੰਡ ਦੀ ਤਰ੍ਹਾਂ ਹੈ। ਨੁਕਸਾਨ ਪੁਚਾਵੇਗੀ ਅਤੇ ਨਾਮ ਦੇ ਨਾਲ ਧਿਆਨ ਕਰਨਾ ਘਿਉ ਵਾਲੀ ਖੰਡ ਹੈ ਜੋ ਫਾਇਦਾ ਪੁਚਾਵੇਗੀ।"

ਜਿਹੜੇ ਅੱਖਾਂ ਬੰਦ ਕਰਕੇ ਪਾਠ ਕਰਦੇ ਹਨ ਜਾਂ ਦੀਵਾਨ ਵਿਚ ਬੈਠਦੇ ਹਨ, ਉਨ੍ਹਾਂ ਵਾਸਤੇ ਫੁਰਮਾਉਂਦੇ ਸਨ "ਸਾਹਮਣੇ ਪ੍ਰਗਟ ਗੁਰੂ ਸਾਹਿਬ ਹਨ। ਰੱਜ ਕੇ ਦਰਸ਼ਨ ਕਰੋ। ਕੀ ਤੁਹਾਨੂੰ ਗੁਰੂ ਸਾਹਿਬ ਦੇ ਦਰਸ਼ਨ ਭਾਉਂਦੇ ਨਹੀਂ ?"

ਆਂਖਿ ਮੀਚ ਮਗ ਸੂਝ ਨ ਜਾਈ ॥
ਤਾਹਿ ਅਨੰਤ ਮਿਲੈ ਕਿਮ ਭਾਈ ॥ (ਬਚਿਤ੍ਰ ਨਾਟਕ)

ਦਸਵੇਂ ਪਾਤਸ਼ਾਹ ਫੁਰਮਾਉਂਦੇ ਹਨ ਕਿ ਅੱਖਾਂ ਬੰਦ ਕਰਨ ਨਾਲ ਰਸਤਾ ਨਹੀਂ ਲਭਦਾ। ਹੇ ਭਾਈ ਅੱਖਾਂ ਬੰਦ ਕਰਨ ਵਾਲੇ ਨੂੰ ਬਿਅੰਤ ਵਾਹਿਗੁਰੂ ਨਹੀਂ ਮਿਲ ਸਕਦਾ।

ਨ ਨੈਨੰ ਮਿਚਾਊਂ ॥ ਨ ਡਿੰਭੰ ਦਿਖਾਊਂ ॥ (ਬਚਿਤ੍ਰ ਨਾਟਕ)
ਨਾ ਮੈਂ ਅੱਖਾਂ ਮੀਚਾਂਗਾ ਨਾ ਪਖੰਡ ਦਿਖਾਵਾਂਗਾ ॥

ਸੁੰਨ ਸਮਾਧੀ ਅੱਖਾਂ ਬੰਦ ਕਰਕੇ ਨਹੀਂ ਹੁੰਦੀ। ਜਿਸ ਨੇ ਵਿਸਕੀ ਪੀਤੀ ਹੋਵੇ ਤਾਂ ਕੀ ਉਹ ਚੁੱਪ ਕਰਕੇ ਬੈਠ ਜਾਵੇਗਾ ? ਨਹੀਂ ! ਨਹੀ !! ਉਹ ਤਾਂ ਆਪ ਭੀ ਜਪੇਗਾ ਅਤੇ ਦੂਸਰਿਆਂ ਨੂੰ ਭੀ ਜਪਾਵੇਗਾ। ਕਈ ਚਿਤਰਕਾਰ ਗੁਰੂ ਨਾਨਕ ਸਾਹਿਬ ਦੀ ਫੋਟੋ ਜਾਂ ਨੌਵੇਂ ਪਾਤਸ਼ਾਹ ਦੀ ਜਾਂ ਹੋਰ ਪਾਤਸ਼ਾਹੀਆਂ ਦੀ ਫੋਟੋ ਨੇਤਰ ਬੰਦ ਕਰਕੇ ਬਣਾਉਂਦੇ ਹਨ।

ਬਾਬਾ ਜੀ ਫ਼ੁਰਮਾਉਂਦੇ ਸਨ ਕਿ ਨਾਮ ਜਪਣ ਵਾਲੇ ਦੀਆਂ ਅੱਖਾਂ ਬੰਦ ਨਹੀਂ ਹੁੰਦੀਆਂ ਬਲਕਿ ਉਸ ਦੇ ਨੇਤਰ ਤਾਂ ਮਿਸ਼ਾਲ ਵਾਂਗ ਲਿਸ਼ਕਾਂ ਮਾਰਦੇ ਹਨ।

ਨਾਮ ਜਪਤ ਕੋਟ ਸੂਰ ਉਜਿਆਰਾ ॥

ਨਾਮ ਜਪਣ ਦੇ ਨਾਲ ਤਾਂ ਕਰੋੜਾਂ ਸੂਰਜਾਂ ਜਿੰਨਾ ਪ੍ਰਕਾਸ਼ ਹੋ ਜਾਂਦਾ ਹੈ। ਅੱਖਾਂ ਬੰਦ ਕਰਨ ਨਾਲ ਪ੍ਰਭੂ ਨਹੀਂ ਮਿਲਦਾ। ਦਸਵੇਂ ਪਾਤਸ਼ਾਹ ਅਕਾਲ ਉਸਤਤਿ ਵਿਚ ਬਾਣੀ ਉਚਾਰਦੇ ਹਨ :-

ਕਹਾਂ ਭਯੋ ਜੋ ਦੋਊ ਲੋਚਨ ਮੂੰਦਿ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ ਲੋਕ ਗਇਓ ਪਰਲੋਕ ਗਵਾਇਓ ॥

ਬਾਸ ਕੀਓ ਬਿਖਿਅਨ ਸੋ ਬੈਠ ਕੇ ਐਸੇ ਹੀ ਐਸੇ ਸੁ ਬੈਸ ਬਿਤਾਰਿਓ ॥
ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਮਤਲਬ ਕੀ ਹੋਇਆ ਜੇ ਦੋਨੋਂ ਅੱਖਾਂ ਬੰਦ ਕਰਕੇ ਬਗਲੇ ਵਾਂਗੂ

ਧਿਆਨ ਲਾ ਛੱਡਿਆ ? ਸਰੀਰ ਦਾ ਇਸ਼ਨਾਨ ਸੱਤਾਂ ਸਮੁੰਦਰਾਂ ਵਿਚ ਹੀ ਕਰਾ ਲਿਆ। ਇਸੇ ਤਰ੍ਹਾਂ ਤਾਂ ਲੋਕ ਤੇ ਪਰਲੋਕ ਦੋਨੋਂ ਹੀ ਖਤਮ ਹੋ ਗਏ। ਬੈਠ ਕੇ ਵਿਸ਼ੇ ਤੇ ਵਿਕਾਰਾਂ ਵਿਚ ਹੀ ਉਮਰ ਗਵਾ ਲਈ। ਸਾਰੇ ਸੁਣ ਲਵੋ ਇਹ ਤਾਂ ਪ੍ਰੇਮ ਦੀ ਖੇਡ ਹੈ। ਜਿਸ ਨੇ ਇਸ਼ਕ ਕੀਤਾ ਉਸ ਨੇ ਰੱਬ ਨੂੰ ਪਾ ਲਿਆ।

ਇਕ ਵਾਰੀ ਅੰਮ੍ਰਿਤਸਰ ਦੇ ਇਕ ਬਿਰਧ ਸੰਗੀ ਨੇ ਨਾਨਕਸਰ ਦੀਵਾਨ ਵਿਚ ਬਾਬਾ ਜੀ ਸਾਹਮਣੇ ਬੇਨਤੀ ਕੀਤੀ "ਬਾਬਾ ਜੀ, ਹੁਣ ਸਰੀਰ ਬਿਰਧ ਹੋ ਗਿਆ ਹੈ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਨਹੀਂ ਕਰ ਹੁੰਦਾ ਅਤੇ ਨਾ ਹੀ ਹੁਣ ਪਾਠ ਕਰ ਹੁੰਦਾ ਹੈ। ਮੈਂ ਕੀ ਕਰਾਂ ?"

ਬਾਬਾ ਜੀ ਨੇ ਉਤਰ ਦਿਤਾ "ਤੂੰ ਇੰਜ ਕਰਿਆ ਕਰ ਕਿ ਪੰਜ ਇਸ਼ਨਾਨਾ ਕਰ ਕੇ ਗੁਰੂ ਨਾਨਕ ਸਾਹਿਬ ਦੇ ਸਰੂਪ ਦੇ ਸਾਹਮਣੇ ਬੈਠ ਕੇ ਚਰਨਾਂ ਦਾ ਧਿਆਨ ਹੀ ਕਰੀ ਜਾਇਆ ਕਰ। ਤੇਰਾ ਇਹੀ ਨਿਤਨੇਮ ਹੈ।"

ਹੁਣ ਗੁਰਬਾਣੀ ਵਿਚ ਇਹ ਭੀ ਦਰਜ ਹੈ ਕਿ ਕਮਲ ਕਿਵੇਂ ਸਿੱਧਾ ਹੁੰਦਾ ਹੈ ?

ਮਿਲ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
(ਅੰਗ 591)

ਸੰਤਿ ਪ੍ਰਸਾਦਿ ਕਮਲੁ ਬਿਗਸਾਇਆ ॥ (ਅੰਗ 825)

ਮੇਰਾ ਕਮਲ ਬਿਗਸੈ ਸੰਤ ਡੀਠ ॥ (ਅੰਗ 987)

ਪੂਰਨ ਮਹਾਂ ਪੁਰਸ਼ ਦੇ ਦਰਸ਼ਨ ਕਰਨ ਸਾਰ ਹੀ ਕਮਲ ਸਿੱਧਾ ਹੋ ਜਾਂਦਾ ਹੈ।

ਨਾਮ ਜਪਦੇ ਜਪਦੇ ਜਗਿਆਸੂ ਕਿਸ ਸਟੇਜ ਤੇ ਪਹੁੰਚ ਜਾਂਦਾ ਹੈ ਉਸ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਇਸ ਤਰ੍ਹਾਂ ਕਰਦੇ ਹਨ :-

ਅੰਤਰਿ ਗੁਰੁ ਅਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ (ਅੰਗ 517)

ਉਹ ਹਰ ਵਕਤ ਆਪਣੇ ਅੰਦਰ ਗੁਰੂ ਦੀ ਅਰਾਧਨਾ ਕਰਦੇ ਰਹਿੰਦੇ ਹਨ। ਜੇ ਕੰਮ ਭੀ ਕਰਦੇ ਹਨ ਤਾਂ ਦਿਲ ਗੁਰੂ ਵੱਲ ਹੁੰਦਾ ਹੈ। ਬਾਬਾ ਜੀ ਫੁਰਮਾਉਂਦੇ ਸਨ ਕਿ ਕੰਮ ਭੀ ਕਰੋ ਪਰ ਕਿਵੇਂ ?

"ਹੱਥ ਕਾਰ ਵੱਲ ਚਿਤ ਯਾਰ ਵੱਲ"

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥ 213 ॥
(ਅੰਗ 1376)

ਬਾਬਾ ਜੀ ਫੁਰਮਾਉਂਦੇ ਸਨ "ਜਿਸ ਤਰ੍ਹਾਂ ਇਕ ਡਰਾਈਵਰ ਗੱਡੀ (ਬੱਸ, ਟਰੱਕ ਆਦਿ) ਚਲਾਉਂਦਾ ਹੈ। ਉਸ ਦੇ ਹੱਥ ਸਟੇਰਿੰਗ ਤੇ ਹੁੰਦੇ ਹਨ। ਪੈਰ ਬਰੇਕਾਂ ਤੇ। ਨਿਗਾਹ ਸਾਹਮਣੇ ਹੁੰਦੀ ਹੈ ਅਤੇ ਕੋਲ ਬੈਠੇ

ਮੁਸਾਫਿਰ ਜਾਂ ਕੰਡਕਟਰ ਨਾਲ ਗੱਲਾਂ ਭੀ ਕਰੀ ਜਾਂਦਾ ਹੈ ਅਤੇ ਨਾਲ ਹੀ ਨਾਲ ਸ਼ੀਸ਼ੇ ਵਿਚ ਮਗਰ ਆਉਂਦੀ ਗੱਡੀ ਨੂੰ ਭੀ ਦੇਖੀ ਜਾਂਦਾ ਹੈ। ਇਤਨਾ ਕੁਝ ਹੁੰਦੇ ਹੋਏ ਭੀ ਕਿੰਨਾ ਚੌਕੰਨਾ *(ALERT)* ਹੁੰਦਾ ਹੈ ਕਿ ਕੋਈ ਦੁਰਘਟਨਾ ਭੀ ਨਹੀਂ ਹੋਣ ਦਿੰਦਾ। ਇਸੇ ਤਰਾਂ ਰੱਬ ਦੇ ਪਿਆਰੇ ਦਿਲ ਅੰਦਰ ਰੱਬ ਦੀ ਅਰਾਧਨਾ ਕਰਦੇ ਹਨ, ਜੀਭ ਨਾਲ ਨਾਮ ਜਪਦੇ ਹਨ। ਅੱਖਾਂ ਨਾਲ ਸਤਿਗੁਰੂ ਦੇ ਦਰਸ਼ਨ ਕਰਦੇ ਹਨ ਅਤੇ ਕੰਨਾਂ ਨਾਲ ਨਾਮ ਬਾਣੀ ਸੁਣਦੇ ਹਨ। ਜਿਹੜਾ ਇਸ ਸਟੇਜ ਤੇ ਪਹੁੰਚ ਗਿਆ ਉਸ ਨੂੰ ਦਰਗਾਹ ਵਿਚ ਥਾਂ ਮਿਲਦਾ ਹੈ। ਜਿਸ ਤੇ ਗੁਰੂ ਸਾਹਿਬ ਦੀ ਕ੍ਰਿਪਾ ਹੋਵੇ ਉਹੀ ਇਹ ਰਸਤਾ ਪਾਉਂਦਾ ਹੈ ਅਤੇ ਇਸ ਸੰਸਾਰ ਵਿਚ ਕੋਈ ਵਿਰਲਾ ਹੀ ਹੈ ਜੋ ਇਸ ਉੱਤਮ ਸਟੇਜ ਤੇ ਪਹੁੰਚ ਜਾਂਦਾ ਹੈ।

ਬਾਬਾ ਈਸ਼ਰ ਸਿੰਘ ਜੀ ਮਹਾਰਾਜ ਫੁਰਮਾਉਂਦੇ ਸਨ, "ਧਿਆਨ ਵੇਲੇ ਬਿਰਤੀ ਇਹੋ ਜਿਹੀ ਹੋਣੀ ਚਾਹੀਦੀ ਹੈ ਜਿਵੇਂ ਕਿਸੇ ਮਿੱਤਰ ਦੀ ਚਿੱਠੀ ਪੜ੍ਹ ਰਹੇ ਹੋਈਏ ਤਾਂ ਕਹੀਦਾ ਹੈ ਕਿ ਕੋਈ ਬੁਲਾਵੇ ਨਾ।"

★

# ਨਾਮ ਲਈ ਪੂਰਨ ਸੰਤ ਦੀ ਲੋੜ

ਕਈ ਵੀਰ ਆਤਮਿਕ ਤਰੱਕੀ ਲਈ ਮਹਾਂ ਪੁਰਸ਼ ਤੋਂ ਰਾਹ ਪੁੱਛਣ ਵਿਚ ਕੋਈ ਝਿਜਕ ਨਹੀਂ ਸਮਝਦੇ। ਇਸ ਦੇ ਉਲਟ ਕਈ ਵੀਰ ਮਹਾਂ ਪੁਰਸ਼ਾਂ ਦਾ ਨਾਮ ਹੀ ਸੁਣਨਾ ਨਹੀਂ ਚਾਹੁੰਦੇ ਅਤੇ ਦੂਜਿਆਂ ਨੂੰ ਭੀ ਪ੍ਰੇਰਣਾ ਦਿੰਦੇ ਹਨ ਕਿ ਨਾਮ ਜਪੀ ਚਲੋ, ਕਿਸੇ ਤੋਂ ਪੁੱਛਣ ਦੀ ਲੋੜ ਨਹੀਂ ਅਤੇ ਜੇ ਇਸ ਜਨਮ ਵਿਚ ਨਾ ਕੁਝ ਮਿਲਿਆ ਤਾਂ ਅਗਲੇ ਜਨਮ ਵਿਚ ਸਹੀ।

ਆਪਾਂ ਹੁਣ ਪੜਚੋਲ ਕਰਨੀ ਹੈ ਕਿ ਕਿਹੜਾ ਰਸਤਾ ਠੀਕ ਹੈ। ਵੀਰ ਦੇਖੀਏ ਭਲਾ ਸਤਿਗੁਰੂ ਆਪਾਂ ਨੂੰ ਕੀ ਹੁਕਮ ਦਿੰਦੇ ਹਨ ?

ਗੁਰੂ ਸਾਹਿਬ ਸਾਨੂੰ ਵਾਰ-2 ਹੁਕਮ ਦਿੰਦੇ ਹਨ :-

ਸਾਧੂ ਸੰਗਹਿ ਭਜਹੁ ਗੁਪਾਲ ॥ (ਅੰਗ 675)

ਸੰਤ ਸੰਗਿ ਜਸੁ ਗਾਇਆ ॥ ਇਹੁ ਪੂਰਨ ਹਰਿ ਧਨੁ ਪਾਇਆ ॥ (ਅੰਗ 628)

ਸਾਧ ਸੰਗਿ ਹਰਿ ਹਰਿ ਨਾਮੁ ਚਿਤਾਰਾ ॥ (ਅੰਗ 717)

ਪ੍ਰਭ ਕ੍ਰਿਪਾਲੁ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥ (ਅੰਗ 211)

ਸੰਤ ਜਨਾ ਮਿਲਿ ਬੋਲਹੁ ਰਾਮ ॥ ਸਭ ਤੇ ਨਿਰਮਲ ਪੂਰਨ ਕਾਮ ॥
(ਅੰਗ 865)

ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥
ਦਾਸਨਿ ਦਾਸਾ ਹੋਇ ਰਹਹਿ ਤ ਪਾਵਹਿ ਸਚਾ ਨਾਉ ॥
(ਅੰਗ 564)

ਸੰਤ ਚਰਣ ਕਰ ਸੀਸੁ ਹਰਿ ਧਰਿ ਨਾਮੁ ਧਿਆਵਉ ॥ (ਅੰਗ 812)
(ਸੰਤ ਦੇ ਚਰਨਾਂ ਤੇ ਹੱਥ ਅਤੇ ਸਿਰ ਰੱਖ ਕੇ ਨਾਮ ਧਿਆਵੋ)

ਇਹੋ ਜਿਹੀਆਂ ਹਜ਼ਾਰਾਂ ਤੁਕਾਂ ਸਾਨੂੰ ਮਿਲਦੀਆਂ ਹਨ, ਜਿਸ ਤੋਂ ਸਾਨੂੰ ਉਪਦੇਸ਼ ਮਿਲਦਾ ਹੈ ਕਿ ਸਾਧੂ, ਸੰਤ, ਦਾਸ ਦੀ ਸੰਗਤ ਕਰੋ ਤਾਂ ਹੀ ਨਾਮ ਮਿਲੇਗਾ, ਨਹੀਂ ਤਾਂ ਮਿਲ ਨਹੀਂ ਸਕਦਾ।

ਗੁਰੂ ਸਾਹਿਬ ਅਣਜਾਣ ਨਹੀਂ ਸਨ ਜੋ ਇਸ ਤਰ੍ਹਾਂ ਬਾਣੀ ਉਚਾਰ ਕੇ ਗਏ ਹਨ ਕਿਉਂਕਿ ਆਪਾਂ ਜੇ ਕਿਸੇ ਨੂੰ ਮਿਲਣਾ ਹੋਵੇ ਅਤੇ ਕਿਸੇ ਪਾਸੇ ਨੂੰ ਜਾਣਾ ਹੋਵੇ ਤਾਂ ਤੁਰਨ ਲੱਗਿਆਂ ਰਾਹ ਪੁੱਛ ਲਈਦਾ ਹੈ ਕਿ ਕਿਧਰ ਨੂੰ ਜਾਂਦਾ ਹੈ ? ਜੇ ਨਾ ਪੁੱਛਾਂਗੇ ਤਾਂ ਭੁੱਲ ਜਾਵਾਂਗੇ। ਰਸਤਾ ਉਹੀ ਦੱਸ ਸਕਦਾ ਹੈ ਜੋ ਜਾਣਕਾਰ ਹੋਵੇ। ਸੋ ਮਹਾਂ ਪੁਰਸ਼ਾਂ ਪਾਸੋਂ ਪੁੱਛ ਕੇ ਨਾਮ ਜਪਣਾ ਚਾਹੀਦਾ ਹੈ।

ਸਮੁੰਦਰ ਵਿਚ ਵੀ ਰਸਤੇ ਹੁੰਦੇ ਹਨ ਜਿਥੋਂ ਦੀ ਜਹਾਜ਼ ਚਲਦੇ ਹਨ। ਜੇ ਰਸਤੇ ਤੋਂ ਆਸੇ ਪਾਸੇ ਹੋ ਜਾਵੇ ਤਾਂ ਜਹਾਜ਼ ਡੁੱਬ ਜਾਂਦਾ ਹੈ। ਇਸੇ ਤਰ੍ਹਾਂ ਸੰਸਾਰ ਸਮੁੰਦਰ ਬਹੁਤ ਹੀ ਵੱਡਾ ਹੈ ਅਤੇ ਮਹਾਂ ਪੁਰਸ਼ਾਂ ਨੇ ਰਸਤੇ ਪਛਾਣੇ ਹੁੰਦੇ ਹਨ।

ਜਿੰਨੇ ਵੀ ਦੁਨਿਆਵੀ ਕੰਮ ਆਪਾਂ ਕਰਦੇ ਹਾਂ, ਹਰੇਕ ਕੰਮ ਲਈ ਉਸਤਾਦ ਦੀ ਲੋੜ ਹੈ। ਉਸਤਾਦ ਤੋਂ ਬਗੈਰ ਕੋਈ ਕੰਮ ਸਿਰੇ ਨਹੀਂ ਚੜ੍ਹ ਸਕਦਾ। ਨਲਕਾ ਲਾਉਣਾ ਹੋਵੇ ਜਾਂ ਖੂਹ ਲਾਉਣਾ ਹੋਵੇ, ਆਪਣੇ ਆਪ ਤਾਂ ਲੱਗ ਨਹੀਂ ਸਕਦਾ। ਪੂਰਾ ਉਸਤਾਦ ਹੀ ਲਾ ਸਕਦਾ ਹੈ। ਦੁਨਿਆਵੀ ਪੜ੍ਹਾਈ ਲਈ ਉਸਤਾਦ ਦੀ ਲੋੜ ਹੈ ਅਤੇ ਇਹ ਹੈ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਪੜ੍ਹਾਈ, ਜਿਥੇ ਕਿ ਪਹਿਲੀ ਜਮਾਤ ਵਾਲੇ ਤੋਂ ਲੈ ਕੇ ਸਿਰੇ ਦੀ ਜਮਾਤ ਤਕ ਦੀ ਪੜ੍ਹਾਈ ਹੈ। ਹਰੇਕ ਤੁਕ ਵਿਚ ਬੇਅੰਤ ਡੂੰਘਾਈ ਹੈ। ਇਸ ਦੀ ਖੋਜ ਕਰਨੀ ਆਸਾਨ ਨਹੀਂ ਹੈ। ਇਹ ਖੋਜ ਸਿਰਫ ਮਹਾਂ ਪੁਰਸ਼ ਹੀ ਕਰ ਸਕਦੇ ਹਨ।

ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤ ਕਹਨੁ ਨ
ਜਾਈ ਸੰਤਹੁ ॥ (ਅੰਗ 916)

ਮਰਜੀਵਾੜੇ *(Divers)* ਸਮੁੰਦਰ ਵਿਚ ਚੁਭੀਆਂ ਮਾਰ ਮਾਰ ਕੇ ਲਾਲ ਲੱਭ ਲਿਆਉਂਦੇ ਹਨ ਅਤੇ ਦੂਜੇ ਕੰਢੇ ਤੇ ਹੀ ਖੜੇ ਰਹਿੰਦੇ ਹਨ। ਜੇ ਉਹ ਉਹਨਾਂ ਨੂੰ ਦੇਖੋ ਦੇਖੀ ਚੁਭੀ ਮਾਰ ਭੀ ਲੈਣ ਤਾਂ ਡੁਬ ਜਾਂਦੇ ਹਨ। ਇਸੇ ਤਰਾਂ ਪੂਰਨ ਮਹਾਂ ਪੁਰਸ਼ ਨਾਮ ਬਾਣੀ ਦੇ ਅਥਾਹ ਸਮੁੰਦਰ ਵਿਚੋਂ ਖੋਜ ਖੋਜ ਕੇ ਰੱਬ ਲਾਲ ਨੂੰ ਪ੍ਰਗਟ ਕਰ ਲੈਂਦੇ ਹਨ ਜਿਸ ਦੀ ਕੀਮਤ ਦੱਸੀ ਨਹੀਂ ਜਾ ਸਕਦੀ। ਦੂਜੇ ਜਗਿਆਸੂ ਉਸ ਡੂੰਘਾਈ ਤਕ ਨਹੀਂ ਪਹੁੰਚ ਸਕਦੇ।

ਆਪਣੇ ਆਪ ਬਗੈਰ ਕਿਸੇ ਮਹਾਂ ਪੁਰਸ਼ ਦੇ ਰਸਤਾ ਦਸਣ ਤੋਂ ਵਾਹਿਗੁਰੂ ਜੀ ਨਹੀਂ ਮਿਲ ਸਕਦੇ। ਜਿਨਾਂ ਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਹੈ, ਉਹਨਾਂ ਦੇ ਚਰਨ ਫੜ ਲਵੋ। ਹਰੇਕ ਕੰਮ ਵਾਸਤੇ ਉਸਤਾਦ ਦੀ ਲੋੜ ਹੈ।

ਜਗਿਆਸੂ ਨੂੰ ਪਾਣੀ ਦੀ ਪਿਆਸ ਲੱਗੀ ਹੈ ਅਤੇ ਜੇ ਉਹ ਸੋਚੇ ਕਿ ਮੈਂ ਬੋਰ ਕਰਕੇ ਨਲਕਾ ਲਾ ਕੇ ਪਾਣੀ ਪੀ ਲਵਾਂ ਤਾਂ ਅਤੀ ਅਸੰਭਵ ਹੈ ਕਿਉਂਕਿ ਪਿਆਸ ਤਾਂ ਹੁਣ ਲੱਗੀ ਹੈ। ਕਦੋਂ ਨਲਕਾ ਲੱਗਿਆ ? ਕਦੋਂ ਪਾਣੀ ਮਿਲਿਆ ? ਉਹ ਤਾਂ ਪਹਿਲਾਂ ਹੀ ਖਤਮ ਹੋ ਜਾਵੇਗਾ।

ਸੋ ਪੂਰਨ ਮਹਾਂ ਪੁਰਸ਼ ਨੇ ਤਾਂ ਟਿਊਬਵੈੱਲ ਲਾਇਆ ਹੋਇਆ ਹੈ। ਹੇ ਜਗਿਆਸੂ ਬੁੱਕ ਭਰ ਕੇ ਪਾਣੀ ਪੀ ਲੈ ਅਤੇ ਆਪਣੀ ਪਿਆਸ ਬੁਝਾ ਲੈ।

ਸੋ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਆਪਾਂ ਸਾਧੂ ਪਾਸੋਂ ਨਾਮ ਲੈਣ ਲਈ ਸੋਚਦੇ ਹਾਂ। ਕੀ ਦੇਖਦੇ ਹਾਂ ? ਇਸ ਸੰਸਾਰ ਵਿਚ ਹਜ਼ਾਰਾਂ ਹੀ, ਲੱਖਾਂ ਹੀ, ਕਰੋੜਾਂ ਹੀ ਸਾਧ ਤੁਰੇ ਫਿਰਦੇ ਹਨ। ਧਿਆਨੀ ਹਨ, ਗਿਆਨੀ ਹਨ, ਭਗਉਤੀ ਹਨ, ਜੋਗੀ ਹਨ, ਤਪੱਸਵੀ ਹਨ, ਮੋਨੀ ਹਨ, ਸੰਨਿਆਸੀ ਹਨ, ਬ੍ਰਹਮਚਾਰੀ ਹਨ, ਉਦਾਸੀ ਹਨ, ਭਗਤ ਹਨ, ਪੰਡਤ ਹਨ, ਅਲਖ ਕਹਿਣ ਵਾਲੇ ਹਨ, ਗ੍ਰਿਹਸਤੀ ਹਨ, ਬਹੁਰੂਪੀਏ ਹਨ, ਨਾਂਗੇ ਹਨ, ਤੀਰਥ ਯਾਤਰੂ ਹਨ, ਅੰਨ ਛੱਡਣ ਵਾਲੇ ਹਨ, ਦੁੱਧਾਧਾਰੀ ਹਨ, ਇਕ ਉਹੋ ਜਿਹੇ ਹਨ ਜੋ ਕਿਸੇ ਨੂੰ ਦਰਸ਼ਨ ਹੀ ਨਹੀਂ ਦਿੰਦੇ, ਮਨ ਦੀ ਚੰਗੀ ਸਮਝ ਰੱਖਣ ਵਾਲੇ ਹਨ

ਅਤੇ ਫਿਰ
ਘਾਟਿ ਨ ਕਿਨਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥ (ਅੰਗ 70)

(ਇਹ ਸਾਰੇ ਆਪਣੇ ਆਪ ਨੂੰ ਘੱਟ ਨਹੀਂ ਕਹਿੰਦੇ ਅਤੇ ਸਭ ਕਹਿੰਦੇ ਹਨ ਕਿ ਉਹਨਾਂ ਨੇ ਪ੍ਰਮੇਸ਼ਰ ਨੂੰ ਪਾ ਲਿਆ ਹੈ)

ਵੀਰ, ਜਿਸ ਤਰ੍ਹਾਂ ਆਪਾਂ ਛੋਟਾ ਮੋਟਾ ਸੌਦਾ ਲੈਣਾ ਹੋਵੇ ਤਾਂ ਜੇਬ ਵਿਚ ਪੈਸੇ ਪਾ ਕੇ ਹੱਟੀ ਤੇ ਜਾ ਕੇ ਸੌਦਾ ਲੈ ਲੈਂਦੇ ਹਾਂ, ਉਸੇ ਤਰ੍ਹਾਂ ਇਹ ਭੀ ਇਕ ਸੌਦਾ ਹੈ। ਇਥੇ ਖਰੀਦਣਾ ਹੈ ਹੀਰਾ। ਇਹ ਮਿਲਣਾ ਨਹੀਂ ਝੂਠੀਆਂ ਦੁਕਾਨਾਂ ਤੋਂ। ਇਹ ਮਿਲਣਾ ਨਹੀਂ ਕਿਸੇ ਕੱਚੇ ਗੁਰੂ ਤੋਂ, ਅੰਨ੍ਹੇ ਗੁਰੂ ਤੋਂ, ਝੂਠ ਵਿਚ ਗਰੱਸੇ ਅਤੇ ਕਰਣੀ ਹੀਣ ਗੁਰੂ ਤੋਂ, ਕਿਸੇ ਕਪਟੀ ਸੰਤ ਤੋਂ, ਕਿਸੇ ਬਨਾਰਸੀ ਠੱਗ ਤੋਂ। ਇਹ ਭੀ ਹਜ਼ਾਰਾਂ ਦੁਕਾਨਾਂ ਪਾਈ ਬੈਠੇ ਹਨ। ਤੁਸੀਂ ਕਰਨਾ ਹੈ ਹੀਰਿਆਂ ਦਾ ਵਪਾਰ ਅਤੇ ਜਾਂਦੇ ਹੋ ਉਹਨਾਂ ਪਾਸ, ਜੋ ਕੌਡੀਆਂ ਦਾ ਵਪਾਰ ਕਰਦੇ ਹਨ।

ਕਸੂਰ ਕਿਸ ਦਾ ਹੈ ? ਤੁਹਾਡਾ ਕਿ ਉਹਨਾਂ ਦਾ ?

ਦੂਜੇ ਪਾਤਸ਼ਾਹ ਫੁਰਮਾਉਂਦੇ ਹਨ :-

ਨਾਨਕ ਅੰਧਾ ਹੋਇਕੈ ਰਤਨਾ ਪਰਖਣ ਜਾਇ ॥
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥ (ਅੰਗ 954)

(ਰਤਨ ਦੀ ਪਰਖ ਤਾਂ ਕੀ ਕਰਨੀ ਹੈ, ਆਪਣਾ ਅੰਨ੍ਹਾ ਪਣ ਦਿਖਾ ਆਉਂਦਾ ਹੈ)

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥ (ਅੰਗ 954)

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :-

ਗੁਰੂ ਪੀਰੁ ਸਦਾਏ ਮੰਗਣਿ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥ (ਅੰਗ 1245)

ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥
(ਅੰਗ 888)

(ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ ਕਿ ਮਾਲਾ ਫੇਰਦਾ ਹੈ ਅਤੇ ਮਾਇਆ ਮੰਗਦਾ ਹੈ, ਉਹ ਕਦੀ ਤਰ ਨਹੀਂ ਸਕਦਾ)

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥ (ਅੰਗ 491)

ਗਲੀ ਜਿਨਾ ਜਪਮਾਲੀਆ ਲੋਟੇ ਹਥ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥
(ਅੰਗ 476)

(ਗਲ ਵਿਚ ਮਾਲਾ ਤੇ ਹੱਥ ਵਿਚ ਚਮਕੀਲੇ ਲੋਟੇ ਫੜੇ ਹਨ ਮੰਗਣ ਵਾਸਤੇ)

ਸੋ ਵੀਰ, ਜਿਹੜੇ ਆਪ ਮੰਗਤੇ ਹਨ, ਉਹ ਦਾਤੇ ਨਹੀਂ ਹੋ ਸਕਦੇ। ਇਹ ਤਾਂ ਸਿੱਧੀ ਜਿਹੀ ਗੱਲ ਹੈ।

ਹਾਂ ਜੀ, ਆਪਾਂ ਕਰਨਾ ਹੈ ਨਾਮ ਹੀਰੇ ਦਾ ਵਪਾਰ। ਉਸ ਦੀ ਹੱਟੀ ਕਿੱਥੇ ਹੈ ? ਉਸ ਦਾ ਭੰਡਾਰ ਕਿਥੇ ਹੈ ? ਉਸ ਦੀ ਕੁੰਜੀ ਕਿਸ ਪਾਸ ਹੈ ?

ਕੀ ਰਾਹ ਦਸਦੇ ਹਨ ਗੁਰੂ ਸਾਹਿਬ ?

ਹਰਿ ਰਸਿ ਕੀ ਕੀਮਤਿ ਕਹੀ ਨ ਜਾਇ ॥
ਹਰਿ ਰਸੁ ਸਾਧੂ ਹਾਟਿ ਸਮਾਇ ॥ (ਅੰਗ 377)

ਹਾਂ ਜੀ ਤੀਜੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਿਸ ਨੂੰ ਪ੍ਰਭੂ ਨੇ ਭਗਤੀ ਦਾ ਖਜ਼ਾਨਾ ਬਖਸ਼ਿਆ ਹੈ ਉਹ ਸੱਚਾ ਸ਼ਾਹੂਕਾਰ ਹੈ। ਅਤੇ ਇਸ ਸੱਚੇ ਪਾਤਸ਼ਾਹ ਦੇ ਮਗਰ-ਮਗਰ ਲੋਕ ਦੌੜੇ ਫਿਰਦੇ ਹਨ, ਖੁਸ਼ਾਮਦਾਂ ਕਰਦੇ ਹਨ ਕਿਉਂਕਿ ਹੋਰ ਕਿਸੇ ਹੱਟੀ ਤੋਂ ਇਹ ਨਾਮ ਰੂਪੀ ਸੌਦਾ ਮਿਲਦਾ ਨਹੀਂ

ਹੈ। ਸੋ ਜਿਹੜਾ ਪੁਰਸ਼ ਇਹਨਾਂ ਭਗਤ ਜਨਾਂ ਪਾਸ ਆ ਜਾਂਦਾ ਹੈ ਉਸ ਨੂੰ ਹਰੀ ਨਾਮ ਮਿਲ ਜਾਂਦਾ ਹੈ, ਅਤੇ ਜਿਹੜਾ ਭਗਤ ਜਨਾਂ ਪਾਸ ਨਹੀਂ ਆਉਂਦਾ, ਉਸ ਦੇ ਸਿਰ ਵਿਚ ਲਾਅਨਤਾਂ ਰੂਪੀ ਸੁਆਹ ਪੈਂਦੀ ਹੈ)

ਜਿਸਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥
ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥
ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸ ਲਏ ਵੇ ਮੁਖ ਭਸੁ
ਪਾਹੁ ॥ (ਅੰਗ 852)

ਇਹ ਜ਼ਿਕਰ ਕਿਸ ਭਗਤ ਬਾਰੇ ਹੈ ? ਇਹੋ ਜਿਹਾ ਭਗਤ ਕਰੋੜਾਂ ਵਿਚੋਂ ਇਕ ਹੀ ਹੁੰਦਾ ਹੈ।

ਕੋਟ ਮਧੇ ਕੋਈ ਸੰਤ ਦਿਖਾਇਆ ॥ (ਅੰਗ 1348)

ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥
(ਅੰਗ 1296)

ਦਾਸਾ ਕਾ ਦਾਸ ਵਿਰਲਾ ਕੋਈ ਹੋਇ ॥
ਊਤਮ ਪਦਵੀ ਪਾਵੈ ਸੋਇ ॥ (ਅੰਗ 1174)

ਜਿਨਿ ਹਰਿ ਜਪਿਆ ਸੇ ਹਰਿ ਹੋਏ ॥
ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਨਸ ਦੇਹਾ ॥ (ਅੰਗ 998)

ਅਤੇ ਗੁਰੂ ਸਾਹਿਬ ਭੀ ਉਸ ਦਾ ਗੁਲਾਮ ਬਨਣ ਨੂੰ ਤਿਆਰ ਹਨ :

ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ
ਲਾਈ ਹੇ ॥ (ਅੰਗ 1026)

ਹਾਂ ਜੀ ਹੱਟੀ ਤੇ ਪਹੁੰਚ ਗਏ ਪ੍ਰੰਤੂ ਜੇਬ ਵਿਚ ਰਕਮ ਨਹੀਂ। ਤਾਂ ਭੀ ਖਾਲੀ ਦੇ ਖਾਲੀ ਰਹਿ ਜਾਂਦੇ ਹਾਂ। ਜੇਬ ਵਿਚ ਰਕਮ ਹੋਵੇਗੀ ਤਾਂ ਕੁਝ ਖਰੀਦ ਸਕਦੇ ਹਾਂ ਅਤੇ ਇਥੇ ਖਰੀਦਣ ਆਏ ਹਾਂ ਭਾਰੀ ਵਸਤੂ ਤਾਂ ਫਿਰ ਰਕਮ ਭੀ ਭਾਰੀ ਚਾਹੀਦੀ ਹੈ। ਉਹ ਕਿਉਂ ਚਾਹੀਦੀ ਹੈ ? ਕਿਉਂਕਿ ਇਹ ਜੋ ਹੱਟੀ ਵਾਲਾ ਹੈ ਇਸ ਨੂੰ ਬੜੀ ਭੁੱਖ ਲੱਗੀ ਹੈ। ਕਿਸ ਚੀਜ਼ ਦੀ ? ਮਾਇਆ ਦੀ ? ਨਹੀਂ ਵੀਰ, ਮਾਇਆ ਨੂੰ ਤਾਂ ਇਸ ਦੇ ਕੁੱਤੇ ਭੀ ਠੁਕਰਾ ਦਿੰਦੇ ਹਨ। ਤਾਂ ਫਿਰ ਕਿਹੜੀ ਭੁੱਖ ਹੈ ਇਸ ਨੂੰ ?

ਗੋਬਿੰਦ ਭਾਉ ਭਗਤ ਦਾ ਭੁੱਖਾ ॥ (ਵਾਰ 10, 7)

ਦਸਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ ॥
(ਅਕਾਲ ਉਸਤਤ)

ਇਹ ਤਾਂ ਪ੍ਰੇਮ ਦੀ ਖੇਡ ਹੈ ਅਤੇ ਪ੍ਰੇਮ ਕਿਵੇਂ ਖੇਡਿਆ ਜਾ ਸਕਦਾ ਹੈ ? ਗੱਲੀਂ ਬਾਤੀਂ ? ਨਹੀਂ ਵੀਰ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥ (ਅੰਗ 1412)

ਪ੍ਰੰਤੂ ਇਹ ਪ੍ਰੇਮ ਫਿਰ ਕਿਥੋਂ ਮਿਲੇਗਾ ?

ਇਹ ਭੀ ਸਾਧੂ ਦੀ ਸੰਗਤ ਤੋਂ ਹੀ ਮਿਲਣਾ ਹੈ ?

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਅੰਗ 694)

(ਸਾਧੂ ਦੀ ਸੰਗਤ ਤੋਂ ਬਗੈਰ ਪ੍ਰੇਮ ਪੈਦਾ ਨਹੀਂ ਹੁੰਦਾ ਅਤੇ ਪ੍ਰੇਮ ਤੋਂ ਬਿਨਾਂ ਤੇਰੀ ਭਗਤੀ ਨਹੀਂ ਹੋ ਸਕਦੀ)

ਆਪਾਂ ਕੀ ਦੇ ਸਕਦੇ ਹਾਂ ? ਅਰਜ਼ ਕਰਦੇ ਹਾਂ, ਜੀ ਤਨ, ਮਨ, ਧਨ ਲੈ ਲਵੋ। ਨਹੀਂ ਉਹ ਨਾਂਹ ਕਰ ਦਿੰਦਾ ਹੈ, ਫਿਰ ਕੀ ਮੰਗਦਾ ਹੈ ਉਹ ?

ਤਨ ਮਨ ਧਨ ਨੂੰ ਸੌਂਪਣ ਵਾਲਾ ਕੌਣ ਹੈ ? ਉਹ ਉਸ ਨੂੰ ਮੰਗਦਾ ਹੈ। "ਆਪੇ" ਨੂੰ। "ਸਿਰ ਦੀ ਉਥੇ ਲੋੜ ਨਹੀਂ ਕੋਈ ਸਿਰ ਦੇਵਣ ਵਾਲਾ ਦੇਣਾ"

ਤੂੰ "ਮੈਂ" ਦੇ ਦੇ ਉਹ ਤੈਨੂੰ "ਤੂੰ" ਦੇ ਦੇਵੇਗਾ। ਬਸ ਜਦੋਂ ਮੈਂ ਨਿਕਲ ਗਈ, ਉਦੋਂ ਤੂੰ ਮਿਲ ਗਿਆ ਕਿਉਂਕਿ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
(ਅੰਗ 560)

ਕ੍ਰਿਪਾਨ ਨੂੰ ਅੱਗ ਵਿਚ ਪਾ ਦਿਤਾ ਜਾਵੇ ਤਾਂ ਉਹ ਲਾਲ ਸੁਰਖ ਹੋ ਕੇ ਅੱਗ ਦਾ ਰੂਪ ਹੀ ਬਣ ਜਾਂਦੀ ਹੈ, ਪ੍ਰੰਤੂ ਜਦੋਂ ਤੱਕ ਮਿਸਤਰੀ ਇਸ ਲਾਲ ਹੋਈ ਕ੍ਰਿਪਾਨ ਤੇ ਸੱਟ ਨਹੀਂ ਮਾਰੇਗਾ, ਇਸ ਦੀ ਧਾਰ ਨਹੀਂ ਬਦਲ ਸਕਦੀ। ਇਸੇ ਤਰ੍ਹਾਂ ਬਗੈਰ ਮਹਾਂ ਪੁਰਸ਼ਾਂ ਦੇ ਰਸਤਾ ਦੱਸਣ ਤੋਂ ਕੋਈ ਜਗਿਆਸੂ ਭਾਵੇਂ ਕਿਤਨੀ ਮਿਹਨਤ ਕਰ ਲਵੇ ਅਤੇ ਉਪਰਲੀ ਅਵਸਥਾ ਵਿਚ ਪਹੁੰਚ ਭੀ ਜਾਵੇ ਪ੍ਰੰਤੂ ਉਸਦੀ ਹਉਮੈ ਕਦੀ ਨਹੀਂ ਮਰ ਸਕਦੀ। ਮੁਰਸ਼ਦ ਦੀ ਕੁਠਾਲੀ ਵਿਚ ਪੈ ਕੇ ਹਉਮੈ ਮਰਦੀ ਹੈ।

ਸਾਬਣ ਦਾ ਕੰਮ ਹੈ ਮੈਲੇ ਕੱਪੜੇ ਨੂੰ ਧੋਣਾ ਅਤੇ ਮਹਾਂ ਪੁਰਸ਼ਾਂ ਦਾ ਕੰਮ ਹੈ ਨਾਮ ਜਪਣ ਦੀ ਜੁਗਤੀ ਦੱਸ ਕੇ ਮਨ ਨੂੰ ਉੱਜਲਾ ਕਰ ਦੇਣਾ।

ਅਤੇ ਸੌਦਾ ਲੈਣ ਤੇ ਚਲਾ ਗਿਆ ਹੈਂ। ਕੋਈ ਭਾਂਡਾ ਵੀ ਲੈ ਲਿਆ ਹੈ ਕਿ ਨਹੀਂ ? ਅਤੇ ਭਾਂਡੇ ਵਿਚ ਵਸਤੂ ਪੁਆਉਣੀ ਹੋਵੇ ਤਾਂ ਕੀ ਮੂਧੇ ਭਾਂਡੇ ਵਿਚ ਕਦੀ ਵਸਤੂ ਪੈ ਸਕਦੀ ਹੈ ? ਭਾਂਡਾ ਕਰਨਾ ਸਿੱਖ ਲੈ। ਭਾਂਡਾ

ਸਿੱਧਾ ਕਰ ਲੈ। ਮੂਹਧਾ ਭਾਂਡਾ ਸਦਾ ਹਉਮੈ ਹੰਕਾਰ ਦੀ ਟੀਸੀ ਦਿਖਾਉਂਦਾ ਹੈ ਅਤੇ ਸਿੱਧੇ ਭਾਂਡੇ ਵਿਚ ਆ ਜਾਂਦੀ ਹੈ ਨਿਮਰਤਾ। ਬਸ ਹੁਣ ਵਸਤੂ ਪੈ ਸਕਦੀ ਹੈ, ਜਦੋਂ ਹਉਮੈ ਹੰਕਾਰ ਦੀ ਟੀਸੀ ਢਹਿ ਢੇਰੀ ਹੋ ਕੇ ਗਰੀਬੀ ਵਾਲਾ ਨੀਵਾਂ ਪਣ ਆ ਜਾਵੇ।

ਕੀ ਫੁਰਮਾਉਂਦੇ ਹਨ ਗੁਰੂ ਨਾਨਕ ਪਾਤਸ਼ਾਹ :-

ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥
(ਅੰਗ 504)

ਊਂਧੇ (ਮੂਹਧੇ) ਭਾਂਡੇ ਵਿਚ ਕੁਝ ਨਹੀਂ ਸਮਾ ਸਕਦਾ ਅਤੇ ਜਦੋਂ ਭਾਂਡਾ ਸਿੱਧਾ ਹੋ ਗਿਆ ਤਾਂ ਨਾਮ ਰੂਪੀ ਅੰਮ੍ਰਿਤ ਪੈ ਜਾਂਦਾ ਹੈ।

ਅਤੇ ਵੀਰ ਜੇ ਭਾਂਡਾ ਨਹੀਂ ਹੈ ਤਾਂ ਫਿਰ ਬੁੱਕ ਨਾਲ ਹੀ ਪੀ ਲੈ। ਪ੍ਰੰਤੂ ਬੁੱਕ ਭੀ ਕਰਨਾ ਸਿੱਖ ਲੈ। ਇਹ ਨਾ ਹੋਵੇ ਕਿ ਉਹ ਮਹਾਂ ਪੁਰਸ਼ ਤਾਂ ਨਾਮ ਰੂਪੀ ਅੰਮ੍ਰਿਤ ਦੇ ਰਹੇ ਹੋਣ ਅਤੇ ਤੂੰ ਬੁੱਕ ਦੀਆਂ ਉਂਗਲਾਂ ਨੂੰ ਹੀ ਖਿਲਾਰ ਦੇਵੇਂ। ਅਤੇ ਫਿਰ ਉਹ ਅੰਮ੍ਰਿਤ ਭੁੰਜੇ ਡਿੱਗ ਪਵੇਗਾ। ਫਿਰ ਪਛਤਾਉਣਾ ਪਵੇਗਾ।

ਕਰ ਮਹਿ ਅੰਮ੍ਰਿਤ ਆਨਿ ਨਿਸਾਰਿਓ ॥
ਖਿਸਰਿ ਗਇਓ ਭੂਮ ਪਰਿ ਡਾਰਿਓ ॥ (ਅੰਗ 389)

ਸੋ ਆਲਸ ਨਾ ਕਰੋ, ਚੌਕੰਨੇਂ ਹੋਵੋ।

ਵੀਰ ਗੁਰੂ ਸਾਹਿਬ ਕੀ ਦਸਦੇ ਹਨ? ਕੀ ਫਿਰ ਨਾਮ ਸਾਧੂ ਤੋਂ ਬਗੈਰ ਨਹੀਂ ਮਿਲ ਸਕਦਾ? ਕੀ ਕਲਜੁਗ ਵਿਚ ਹੀ ਇਹ ਕਾਨੂੰਨ ਬਣ ਗਿਆ ਹੈ? ਨਹੀਂ ਜੀ, ਜਦੋਂ ਤੋਂ ਸ੍ਰਿਸ਼ਟੀ ਸਾਜੀ ਹੈ, ਉਦੋਂ ਤੋਂ ਹੀ ਇਹ ਕਾਨੂੰਨ ਲਾਗੂ ਹੈ। ਕੀ ਸਬੂਤ ਹੈ ਫਿਰ? ਗੁਰਬਾਣੀ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ? ਆਪਾਂ ਤਾਂ ਗੁਰੂ ਸਾਹਿਬਾਨ ਨੂੰ ਦਰਜਾ ਹੀ ਛੋਟਾ ਦੇਈ ਜਾਂਦੇ ਹਾਂ।

ਕੋਈ ਸਾਧ ਕਹਿ ਦਿੰਦਾ ਹੈ, ਤਾਂ ਕੋਈ ਗੁਰੂ, ਕੋਈ ਭਗਤ ਕਹਿ ਦਿੰਦਾ ਹੈ ਤਾਂ ਦੂਜਾ ਸੰਤ ਸਿਪਾਹੀ, ਕੋਈ ਅਵਤਾਰ ਕਹਿਣ ਤੋਂ ਡਰਦਾ ਹੈ ਅਤੇ ਫਿਰ ਮਨੁੱਖ ਕਹਿੰਦਾ ਸੰਗਦਾ ਨਹੀਂ। ਕੋਈ ਨਰਕਾਂ ਤੋਂ ਡਰਦਾ ਪ੍ਰਮੇਸ਼ਰ ਕਹਿਣ ਤੋਂ ਕੰਬਦਾ ਹੈ ਪ੍ਰੰਤੂ ਕੋਈ ਇਹੋ ਜਿਹਾ ਭੀ ਹੋ ਸਕਦਾ ਹੈ ਜੋ ਇਹੋ ਜਿਹੇ ਹਜ਼ਾਰਾਂ ਸੁਰਗਾਂ ਨੂੰ ਪੈਰਾਂ ਥੱਲੇ ਲਿਤਾੜ ਕੇ ਉਸ ਨੂੰ ਸੰਤ, ਸਾਧ, ਗੁਰੂ, ਸਤਿਗੁਰੂ ਬਨਾਉਣ ਵਾਲਾ ਨਿਰੰਕਾਰ ਕਹਿ ਦਿੰਦਾ ਹੈ ਅਤੇ ਜਦੋਂ ਤੱਕ ਇਤਨੀ ਹਿੰਮਤ ਨਹੀਂ ਉਦੋਂ ਤੱਕ ਦਰਸ਼ਨ ਨਸੀਬ ਨਹੀਂ ਹੋਣੇ। ਲੱਖ ਤਪੱਸਿਆ ਕਰ ਲਵੋ, ਨਾਮ ਜਪ ਲਵੋ, ਪੂਜਾ ਕਰ ਲਵੋ, ਸੇਵਾ ਕਰ ਲਵੋ, ਤੀਰਥ ਯਾਤਰਾ ਕਰ ਲਵੋ, ਸਭ ਬੇਅਰਥ ਹਨ ਕਿਉਂਕਿ

ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥

(ਅੰਗ 360)

ਉਦੋਂ ਤਕ ਨਾ ਹੀ ਦਰਸ਼ਨ ਹੋਣ ਲੱਗੇ ਅਤੇ ਨਾ ਹੀ ਗੁਰਬਾਣੀ ਦਾ ਅਨੰਦ ਫਿਰ ਖੱਟਿਆ ਕੀ ?

ਚਲੋ ਹੁਣ ਦਰਸ਼ਨ ਕਰੀਏ ਗੁਰਬਾਣੀ ਦਾ :-

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰੂ ਦੇ ਉਪਦੇਸ਼ ਦੁਆਰਾ ਪ੍ਰਹਿਲਾਦ ਨੇ ਹਰੀ ਨਾਮ ਜਪ ਕੇ ਮੁਕਤੀ ਪਾਈ। ਗੁਰੂ ਦੇ ਉਪਦੇਸ਼ ਦੁਆਰਾ ਜਨਕ ਨੇ ਹਰੀ ਨਾਮ ਨਾਲ ਲਿਵ ਲਾਈ। ਗੁਰੂ ਦੇ ਉਪਦੇਸ਼ ਦੁਆਰਾ ਬਸਿਸਟਿ ਨੇ ਉਪਦੇਸ਼ ਅੱਗੇ

ਸੁਣਾਇਆ ਅਤੇ ਹੇ ਮੇਰੇ ਭਾਈ ਗੁਰੂ ਤੋਂ ਬਗੈਰ ਕਿਸੇ ਨੇ ਨਾਮ ਨਹੀਂ ਪਾਇਆ।

ਗੁਰਮੁਖਿ ਪ੍ਰਹਿਲਾਦ ਜਪਿ ਹਰਿ ਗਤਿ ਪਾਈ ॥
ਗੁਰਮੁਖਿ ਜਨਕਿ ਹਰਿ ਨਾਮ ਲਿਵ ਲਾਈ ॥
ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥
ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥
(ਅੰਗ 591)

(ਇਥੇ ਗੁਰੂ ਸਾਹਿਬ ਨੇ ਨਾਰਦ ਅਤੇ ਅਸ਼ਟਾ ਵਕ੍ਰ ਨੂੰ ਗੁਰੂ ਕਿਹਾ ਹੈ ਜੋ ਪ੍ਰਹਿਲਾਦ ਦੇ ਤੇ ਜਨਕ ਦੇ ਗੁਰੂ ਸਨ)

ਫਿਰ ਰਾਮਾ ਨੰਦ ਦਾ ਸ਼ਬਦ ਆਉਂਦਾ ਹੈ 1195 ਅੰਗ ਤੇ ਲਿਖਦੇ ਹਨ :-

ਸਤਿਗੁਰ ਮੈ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
ਰਾਮਾ ਨੰਦ ਸੁਆਮੀ ਰਮਤ ਬ੍ਰਹਮ ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ (ਅੰਗ 1195)

ਰਾਮਾ ਨੰਦ ਜੀ ਦਾ ਦਿਹਾਂਤ 1469 ਈਸਵੀ ਵਿਚ ਹੋਇਆ ਅਤੇ ਉਦੋਂ ਹਲੇ ਪਹਿਲੇ ਪਾਤਸ਼ਾਹ ਨੇ ਅਵਤਾਰ ਨਹੀਂ ਧਾਰਿਆ ਸੀ। ਉਹ ਆਪਣੇ ਮੁਰਸ਼ਿਦ ਨੂੰ ਗੁਰੂ ਤੇ ਸਤਿਗੁਰੂ ਕਹਿੰਦੇ ਹਨ।

ਹੁਣ ਦੇਖੋ ਗੁਰੂ ਨਾਨਕ ਸਾਹਿਬ ਕੀ ਫੁਰਮਾਉਂਦੇ ਹਨ ?

ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ (ਅੰਗ 1257)

(ਹੇ ਨਾਨਕ, ਜਦੋਂ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ ਤਾਂ ਗੁਰੂ ਪੀਰ ਦਾ ਪੱਲਾ ਫੜ ਕੇ ਇਕ ਇਨਸਾਨ ਨਾਮ ਜਪਦਾ ਹੈ)

ਪੰਜਵੇਂ ਪਾਤਸ਼ਾਹ ਕਬੀਰ ਨੂੰ ਮੁਖਾਤਬ ਕਰਕੇ ਫੁਰਮਾਉਂਦੇ ਹਨ :-

ਕਹੁ ਕਬੀਰ ਇਹੁ ਕੀਆ ਵਖਾਨਾ ॥
ਗੁਰ ਪੀਰ ਮਿਲਿ ਖੁਦਿ ਖਸਮ ਪਛਾਨਾ ॥ (ਅੰਗ 1136)

(ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੇ ਕਬੀਰ ਮੈਂ ਇਹ ਗੱਲ ਖੋਲ੍ਹ ਕੇ ਦਸਦਾ ਹਾਂ ਕਿ ਗੁਰੂ ਪੀਰ ਨੂੰ ਮਿਲ ਕੇ ਹੀ ਖਸਮ ਦੀ ਪਛਾਣ ਹੋ ਸਕਦੀ ਹੈ)

ਸੰਤਾਂ ਦੀ ਸੰਗਤ ਨਾਮ ਦੀ ਪ੍ਰਾਪਤੀ ਲਈ ਕਿਉਂ ਜ਼ਰੂਰੀ ਸਮਝਦੇ ਹਨ ਗੁਰੂ ਸਾਹਿਬ ?

ਕਿਉਂਕਿ ਇਸ ਨਾਮ ਦੇ ਖਜ਼ਾਨੇ ਦੀ ਚਾਬੀ ਉਹ ਆਪ ਸੰਤਾਂ ਨੂੰ ਫੜਾ ਕੇ ਗਏ ਹਨ। ਖਜ਼ਾਨਾ ਬਾਦਸ਼ਾਹ ਦਾ ਹੈ ਪ੍ਰੰਤੂ ਚਾਬੀ ਖਜ਼ਾਨਚੀ ਪਾਸ ਹੈ। ਕੀ ਗੁਰੂ ਸਾਹਿਬ ਅਨਜਾਣ ਹਨ ਜੋ ਇਹੋ ਜਿਹੇ ਖਜ਼ਾਨਚੀ ਨੂੰ ਚਾਬੀ ਫੜਾ ਦੇਣਗੇ ਜੋ ਬਦਲਣਾ ਪੈ ਜਾਵੇ ? ਕੀ ਤੁਹਾਡੀ ਅਕਲ ਇਹ ਸੋਚ ਸਕਦੀ ਹੈ ?

ਹਾਂ ਜੀ ਕੀ ਫੁਰਮਾਉਂਦੇ ਹਨ ਗੁਰੂ ਸਾਹਿਬ ?

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ (ਅੰਗ 894)

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥
ਕੁੰਜੀ ਜਿਨ ਕਉ ਦਿਤੀਆ ਤਿਨਾ ਮਿਲੇ ਭੰਡਾਰ ॥ (ਅੰਗ 1239)
(ਪੋਤੇਦਾਰ=ਖਜ਼ਾਨਚੀ)

ਸਿਫਤੁ ਸਲਾਹਣੁ ਭਗਤਿ ਵਿਰਲੇ ਦਿਤੀਅਨੁ ॥
ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ ॥ (ਅੰਗ 958)

ਗੁਰਬਾਣੀ ਖਜ਼ਾਨਾ ਹੈ ਪ੍ਰੰਤੂ ਇਸ ਖਜ਼ਾਨੇ ਨੂੰ ਉਹੀ ਵਰਤ ਸਕਦਾ ਹੈ ਜਿਸ ਪਾਸ ਕੁੰਜੀ ਹੋਵੇ। ਸੋ ਇਸ ਖਜ਼ਾਨੇ ਦੀ ਕੁੰਜੀ ਸੰਤਾਂ ਪਾਸ ਹੈ ਅਤੇ

ਜਿਨ੍ਹਾਂ ਸੰਤਾਂ ਪਾਸ ਇਹ ਕੁੰਜੀ ਹੈ , ਉਹਨਾਂ ਨੂੰ ਭੀ ਭੰਡਾਰ ਮਿਲਦਾ ਹੈ ਅਤੇ ਭੰਡਾਰ ਭੀ ਇਹੋ ਜਿਹਾ ਜੋ ਮੁੱਕਦਾ ਹੀ ਨਹੀਂ । ਗੁਰੂ ਸਾਹਿਬ ਭੰਡਾਰ ਦੇ ਕੇ ਫਿਰ ਪੁੱਛਦੇ ਹੀ ਨਹੀਂ । ਕੀ ਗੁਰੂ ਸਾਹਿਬ ਦਾ ਖਜ਼ਾਨਾ ਕਦੀ ਮੁੱਕ ਸਕਦਾ ਹੈ ? ਨਹੀਂ ਵੀਰ ਗੁਰੂ ਸਾਹਿਬ ਤਾਂ ਉਸ ਖਜ਼ਾਨੇ ਤੇ ਖੁਸ਼ ਹੁੰਦੇ ਹਨ ਜੋ ਇਸ ਖਜ਼ਾਨੇ ਨੂੰ ਅੱਗੇ ਵਰਤਾਵੇ । ਗੁਰੂ ਸਾਹਿਬ ਤਾਂ ਉਸ ਦੀ ਚਰਨ ਧੂੜੀ ਚਾਹੁੰਦੇ ਹਨ ।

ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ
ਅਵਰਹ ਨਾਮੁ ਜਪਾਵੈ ॥ (ਅੰਗ 306)

ਗੁਰੂ ਸਾਹਿਬ ਸਾਨੂੰ ਵਾਰ-2 ਉਪਦੇਸ਼ ਦਿੰਦੇ ਹਨ ਕਿ ਇਹੋ ਜਿਹੇ ਵਡਭਾਗੀ ਸੰਤ ਨੂੰ, ਪਰਉਪਕਾਰੀ ਸੰਤ ਨੂੰ ਲੱਭ ਲਵੋ ! ਕਿਉਂ ? ਕਿਉਂਕਿ ਸੰਤ ਤੋਂ ਬਗੈਰ ਨਾਮ ਕਦੀ ਮਿਲ ਹੀ ਨਹੀਂ ਸਕਦਾ । ਬੜਾ ਨਿਰਣਾ ਕਰਦੇ ਹਨ । ਗੁਰੂ ਸਾਹਿਬ ਕਿੰਨੀ ਵੱਡੀ ਅਸਲੀਅਤ ਨੂੰ ਦੱਸਦੇ ਹਨ ਅਤੇ ਕੀ ਫਿਰ ਇਤਨੀ ਅਸਲੀਅਤ ਪਤਾ ਲੱਗਣ ਤੋਂ ਮਗਰੋਂ ਭੀ ਕੋਈ ਇਨਸਾਨ ਇਹੋ ਜਿਹਾ ਹੋ ਸਕਦਾ ਹੈ ਜੋ ਸੰਤ ਦੀ ਸੰਗਤ ਕਰਨ ਤੋਂ ਬਗੈਰ ਹੀ ਨਾਮ ਲੈਣ ਦੀ ਕੋਸ਼ਿਸ਼ ਕਰੇ ?

ਗੁਰੂ ਸਾਹਿਬ ਕੋਈ ਕਸਰ ਨਹੀਂ ਛੱਡ ਕੇ ਗਏ । ਹਰ ਇਕ ਸੋਝੀ ਪਾ ਕੇ ਗਏ ਹਨ । ਫਿਰ ਇਹੋ ਜਿਹੇ ਲੋਕਾਂ ਲਈ ਕੀ ਫੁਰਮਾ ਕੇ ਗਏ ਹਨ ਮੇਰੇ ਪਾਤਸ਼ਾਹ ? ਲਉ ਫਿਰ ਸੁਣੋ :-

ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥
(ਅੰਗ 82)

(ਚੌਥੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਸੰਤ ਜਨਾਂ ਤੋਂ ਬਗੈਰ ਕਿਸ ਨੂੰ ਨਾਮ

ਨਹੀਂ ਮਿਲ ਸਕਦਾ ਕਿਉਂਕਿ ਸੰਤਾਂ ਦੀ ਸੰਗਤ ਤੋਂ ਬਿਨਾਂ ਜੋ ਮਰਜ਼ੀ ਧਾਰਮਿਕ ਕੰਮ ਕਰਨ, ਉਹ ਹਉਮੈ ਦੇ ਅਸਰ ਹੇਠ ਹੀ ਕਰਦੇ ਹਨ ਅਤੇ ਉਹ ਸੰਤਾਂ ਦੀ ਸੰਗਤ ਤੋਂ ਹੀਣ ਬੰਦੇ ਉਸੇ ਤਰ੍ਹਾਂ ਹੀ ਹਨ ਜਿਵੇਂ ਕਿ ਇਕ ਵੇਸਵਾ ਦਾ ਪੁੱਤਰ ਹੁੰਦਾ ਹੈ, ਜਿਸ ਦੇ ਬਾਪ ਦਾ ਕੋਈ ਨਾਮ ਨਹੀਂ ਹੁੰਦਾ)

ਕਿੰਨੀ ਵੱਡੀ ਤਾੜਨਾ ? ਇਸ ਤੋਂ ਵੱਧ ਕੀ ਤਾੜਨਾ ਹੋ ਸਕਦੀ ਹੈ ? ਸੰਤਾਂ ਦੀ ਸੰਗਤ ਤੋਂ ਬਿਨਾਂ ਕਿਸੇ ਨੂੰ ਨਾਮ ਮਿਲ ਹੀ ਨਹੀਂ ਸਕਦਾ। ਗੱਲ ਹੀ ਖਤਮ ਹੋ ਗਈ ਪ੍ਰੰਤੂ ਜੇ ਹਲੇ ਭੀ ਕੋਈ ਸਮਝਦਾ ਨਹੀਂ ਅਤੇ ਹਉਮੈ ਵਿਚ ਆ ਕੇ ਹਟਦਾ ਨਹੀਂ ਤਾਂ ਗੁਰੂ ਸਾਹਿਬ ਫੁਰਮਾਉਂਦੇ ਹਨ :-

ਹਰਿ ਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ ॥
(ਅੰਗ 553)

ਭਗਤ ਜਨਾ ਕੌ ਸਨਮੁਖ ਹੋਵੈ ਸੁ ਹਰਿ ਰਾਸ ਲਏ ਵੇ ਮੁਖ ਭਸੁ ਪਾਹੁ ॥
(ਅੰਗ 852)

(ਜਿਹੜਾ ਭਗਤਾਂ ਪਾਸ ਜਾਂਦਾ ਹੈ ਉਹ ਹਰੀ ਨਾਮ ਲੈ ਲੈਂਦਾ ਹੈ ਅਤੇ ਜਿਹੜਾ ਭਗਤਾਂ ਵੱਲ ਨਹੀਂ ਜਾਂਦਾ ਉਸ ਨੂੰ ਲਾਅਨਤਾਂ ਰੂਪੀ ਸੁਆਹ ਪੈਂਦੀ ਹੈ)

★

# ਕੀ ਮਾਲਾ ਜ਼ਰੂਰੀ ਹੈ?

ਅੱਜ ਕਲ ਸਿੱਖ ਮੱਤ ਦਾ ਪ੍ਰਚਾਰ ਕਰਨ ਵਾਸਤੇ ਕਈ ਮਿਸ਼ਨਰੀ ਸੁਸਾਇਟੀਆਂ ਬਣ ਗਈਆਂ ਹਨ ਅਤੇ ਉਹ ਆਪਣੇ ਆਪਣੇ ਢੰਗ ਨਾਲ ਸਿੱਖ ਮੱਤ ਦਾ ਪ੍ਰਚਾਰ ਕਰਦੀਆਂ ਹਨ।

ਇਹੋ ਜਿਹੀਆਂ ਸੁਸਾਇਟੀਆਂ ਜੇ ਠੀਕ ਰਸਤੇ ਤੇ ਚੱਲਣ ਦਾ ਉਪਰਾਲਾ ਕਰਨ ਤਾਂ ਤੇ ਸਿੱਖ ਨੌਜਵਾਨਾਂ ਨੂੰ ਕੋਈ ਲਾਭ ਹੋ ਸਕਦਾ ਹੈ ਪ੍ਰੰਤੂ ਇਹ ਵੇਖਣ ਵਿਚ ਆਇਆ ਹੈ ਕਿ ਕਈ ਮਿਸ਼ਨਰੀ ਕੰਮ ਕਰਨ ਵਾਲੀਆਂ ਸੁਸਾਇਟੀਆਂ ਸਿੱਖੀ ਦੀ ਬੁਨਿਆਦ ਨੂੰ ਹੀ ਬੜੀ ਤੇਜ਼ੀ ਨਾਲ ਕੱਟ ਰਹੀਆਂ ਹਨ। ਜੇ ਉਹ ਆਪਣਾ ਮਿਸ਼ਨ ਜਾਂ ਪ੍ਰਚਾਰ ਦਾ ਕੰਮ ਇਸੇ ਰਫਤਾਰ ਨਾਲ ਕਰਦੀਆਂ ਰਹੀਆਂ ਤਾਂ ਹੋ ਸਕਦਾ ਹੈ ਸਿੱਖ ਨੌਜਵਾਨ ਕੋਈ ਹੋਰ ਹੀ ਰਾਹ ਇਖਤਿਆਰ ਕਰ ਲੈਣ।

ਇਹੋ ਜਿਹੀ ਇਕ ਸੁਸਾਇਟੀ ਨੇ ਬੀੜਾ ਚੁਕਿਆ ਹੈ ਸਾਰੀਆਂ ਸਿੱਖ ਸਾਖੀਆਂ ਨੂੰ ਗਲਤ ਕਹਿਣ ਦਾ। ਉਹ ਕਹਿੰਦੇ ਹਨ ਕਿ ਬੀਬੀ ਭਾਨੀ ਦੀ ਸਾਖੀ ਗਲਤ ਹੈ, ਭਾਈ ਗੁਰਦਾਸ ਦੀ ਬਾਣੀ ਗਲਤ ਹੈ, ਅਤੇ ਜੋ ਭੀ ਸਾਖੀਆਂ ਪ੍ਰਚੱਲਤ ਹਨ, ਸਭ ਗਲਤ ਹਨ। ਸਿਰਫ ਉਹ ਠੀਕ ਹਨ।

ਅੱਜ ਤਾਂ ਇਹ ਵੀਰ ਹੌਸਲਾ ਕਰ ਰਹੇ ਹਨ ਕਿ ਭਾਈ ਗੁਰਦਾਸ ਦੀ ਬਾਣੀ ਗਲਤ ਹੈ, ਕੱਲ ਨੂੰ ਕੋਈ ਵੀਰ ਉੱਠ ਕੇ ਇਹ ਭੀ ਕਹਿ ਸਕਦਾ ਹੈ ਕਿ ਭਾਈ ਗੁਰਦਾਸ ਤਾਂ ਹੋਏ ਹੀ ਨਹੀਂ। ਸਿਰਫ ਫਰਜ਼ੀ ਨਾਂ ਹੈ।

ਅਤੇ ਵੀਰ ਕਦੀ ਅੰਦਾਜ਼ਾ ਲਾਇਆ ਹੈ ਕਿ ਇਹ ਗੱਲ ਕਿਥੇ ਤੱਕ ਵੱਧ ਸਕਦੀ ਹੈ ? ਦਾਸ ਨੂੰ ਇਕ ਗਿਆਨੀ ਟੀਚਰ ਮਿਲੇ। ਉਹ ਕਹਿੰਦੇ ਕਿ ਦਸੇ ਪਾਤਸ਼ਾਹੀਆਂ ਹੀ ਨਹੀਂ ਹੋਈਆਂ। ਸਭ ਮਨਘੜਤ ਗੱਲਾਂ ਹਨ। ਵਾਹ ! ਕੁਰਬਾਨ ਜਾਈਏ।

ਪ੍ਰੰਤੂ ਇਸ ਦਾ ਜ਼ਿੰਮੇਵਾਰ ਕੌਣ ਹੈ ? ਇਹ ਹੀ ਮਿਸ਼ਨਰੀ ਕੰਮ ਕਰਨ ਵਾਲੇ। ਗੁਰਬਾਣੀ ਦਾ ਗਿਆਨ ਇਹਨਾਂ ਨੂੰ ਹੈ ਨਹੀਂ। ਕਿਸੇ ਪੂਰਨ ਮਹਾਂ ਪੁਰਸ਼ ਦੀ ਸੰਗਤ ਕਰਨੀ ਨਹੀਂ। ਬਸ ਦਲੀਲਬਾਜ਼ੀ ਕਰੀ ਜਾਣੀ ਹੈ। ਸੋ ਵੀਰ ਹਲੇ ਭੀ ਰੁਕ ਜਾਵੋ ਇਸ ਢਾਹ ਲਾਉਣ ਤੋਂ।

ਮਾਲਾ ਬਾਰੇ ਲੇਖ ਇਹੋ ਜਿਹੇ ਮਿਸ਼ਨਰੀ ਦਾ ਦਾਸ ਨੇ ਪੜ੍ਹਿਆ। ਉਸ ਵਿਚ ਮਾਲਾ ਦਾ ਖੰਡਨ ਕੀਤਾ ਹੈ। ਗੁਰਬਾਣੀ ਦੀਆਂ ਤੁਕਾਂ ਲਿਖ ਕੇ ਇਹ ਜ਼ਾਹਰ ਕੀਤਾ ਹੈ ਕਿ ਕਿਸੇ ਗੁਰੂ ਸਾਹਿਬ ਨੇ, ਕਿਸੇ ਭਗਤ ਨੇ ਮਾਲਾ ਨਹੀਂ ਫੜੀ।

ਗੁਰਬਾਣੀ ਵਿਚ ਪਹਿਲੀ ਸ਼੍ਰੇਣੀ ਦੇ ਬੱਚੇ ਤੋਂ ਲੈ ਕੇ ਅਖੀਰਲੀ ਸ਼੍ਰੇਣੀ ਦੇ ਬੱਚੇ ਤੱਕ ਪੜ੍ਹਾਈ ਦੀਆਂ ਤੁਕਾਂ ਹਨ। ਰੌਲਾ ਉਸ ਵਕਤ ਪੈਂਦਾ ਹੈ ਜਦੋਂ ਅਸੀਂ ਸਿਰਫ ਹੇਠਲੀ ਜਾਂ ਸਿਰਫ ਸਿਖਰਲੀ ਸ਼੍ਰੇਣੀ ਦੀਆਂ ਤੁਕਾਂ ਹੀ ਲਈ ਜਾਂਦੇ ਹਾ।

ਦਾਸ ਕੁਝ ਮਿਸਾਲਾਂ ਇਥੇ ਆਪ ਜੀ ਸਾਹਮਣੇ ਪੇਸ਼ ਕਰਦਾ ਹੈ :-

ਭਗਤ ਕਬੀਰ ਜੀ ਫੁਰਮਾਉਂਦੇ ਹਨ :-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
(ਅੰਗ 1349)

ਕਬੀਰ ਜੀ ਕਹਿੰਦੇ ਹਨ ਕਿ ਕਿਸੇ ਨੂੰ ਮੰਦਾ ਨ ਕਹੋ। ਸਾਰੇ ਚੰਗੇ ਹਨ ਪ੍ਰੰਤੂ ਕਬੀਰ ਸਾਹਿਬ ਹੀ ਇਕ ਹੋਰ ਥਾਂ ਫੁਰਮਾਉਂਦੇ ਹਨ :

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥
(ਅੰਗ 1372)

(ਮਨਮੁਖ ਨਾਲੋਂ ਸੂਰ ਚੰਗਾ ਹੈ)

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :-

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮ ਖੋਰ ॥ (ਜਪੁਜੀ ਸਾਹਿਬ)

ਤਾਂ ਫਿਰ ਕੀ ਗੁਰਬਾਣੀ ਗਲਤ ਹੋ ਗਈ। ਨਹੀਂ ਵੀਰ ਉਹ ਗਲਤ ਹਨ ਜੋ ਇਸ ਤਰ੍ਹਾਂ ਸੋਚਦੇ ਹਨ।

ਵਿਸਥਾਰ ਲਈ ਇਸੇ ਕਿਤਾਬ ਵਿਚ "ਕੀ ਸਭ ਇਕੋ ਰੂਪ ਹਨ ?" ਦਾ ਪਾਠ ਪੜ੍ਹੋ।

ਜੇ ਆਪਾਂ ਲੇਖਾਂ ਬਾਰੇ ਗੁਰਬਾਣੀ ਦੀ ਵੀਚਾਰ ਕਰੀਏ ਤਾਂ ਗੁਰਬਾਣੀ ਸਪੱਸ਼ਟ ਕਰਦੀ ਹੈ :-

ਲੇਖ ਨ ਮਿਟਹੀ ਹੇ ਸਖੀ ਜੋ ਲਿਖਿਆ ਕਰਤਾਰਿ ॥ (ਅੰਗ 937)

ਲੇਖ ਮਿਟ ਨਹੀਂ ਸਕਦੇ। ਇਸ ਤੁਕ ਨੂੰ ਲੈ ਕੇ ਅਤੇ ਹੋਰ ਇਹੋ ਜਿਹੀਆਂ ਢੁਕਵੀਆਂ ਤੁਕਾਂ ਲਿਖ ਕੇ ਇਹੋ ਜਿਹੇ ਮਿਸ਼ਨਰੀ ਸਿੱਧ ਕਰ ਦੇਣਗੇ ਕਿ ਮਾਤਾ ਸੁਲੱਖਣੀ ਵਾਲੀ ਸਾਖੀ ਜਿਸ ਨੂੰ ਛੇਵੇਂ ਪਾਤਸ਼ਾਹ ਨੇ ਸੱਤ ਪੁੱਤਰ ਬਖਸ਼ੇ ਹਨ, ਝੂਠੀ ਹੈ ਅਤੇ ਆਪਣੀ ਇਸ ਕੋਸ਼ਿਸ਼ ਨੂੰ ਠੀਕ ਕਰਨ ਲਈ ਗੁਰ ਪ੍ਰਤਾਪ ਸੂਰਜ ਅਤੇ ਮਹਾਨ ਕੋਸ਼ ਵਰਗੇ ਗਰੰਥਾਂ ਨੂੰ ਝੂਠਾ ਕਹਿ ਦੇਣਗੇ।

ਪ੍ਰੰਤੂ ਜੇ ਪ੍ਰਚਾਰ ਕਰਨ ਲਈ ਮਿਸ਼ਨਰੀ ਕਮ ਦਾ ਬੀੜਾ ਚੁੱਕਣ ਤੋਂ ਪਹਿਲਾਂ ਗੁਰਮਤ ਦੀ ਥੋੜੀ ਜਿਹੀ ਪੜ੍ਹਾਈ ਹੋਰ ਕਰ ਲੈਣ ਤਾਂ ਕਿੰਨਾ ਚੰਗਾ ਹੋਵੇ।

ਚੌਥੇ ਪਾਤਸ਼ਾਹ ਫੁਰਮਾਉਂਦੇ ਹਨ :-

ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥ (ਅੰਗ 1318)

(ਜੇ ਸਾਧੂ ਦਾ ਮਿਲਾਪ ਹੋ ਜਾਵੇ ਤਾਂ ਜਮਾਂ ਦੇ ਕਾਗਜ਼ ਪਾਟ ਜਾਂਦੇ ਹਨ)

ਭਾਈ ਗੁਰਦਾਸ ਫੁਰਮਾਉਂਦੇ ਹਨ :-

ਚਰਣਾਂਮ੍ਰਿਤ ਕਸਮਲ ਕਟੇ ਗੁਰ ਧੂਰੀ ਬੁਰੇ ਲੇਖ ਮਿਟਾਏ ॥
(ਵਾਰ 40, 22)

ਕੀ ਗੁਰਬਾਣੀ ਗਲਤ ਹੋ ਗਈ ? ਨਹੀਂ ਵੀਰ ਵਿਸਥਾਰ ਲਈ ਪੜ੍ਹੋ ਪ੍ਰਗਟ ਗੁਰਾਂ ਕੀ ਦੇਹ (ਭਾਗ ਪਹਿਲਾ) ਦੂਜੀ ਐਡੀਸ਼ਨ (ਸਫਾ 140)

ਹੁਣ ਦੇਖੋ, ਗੁਰੂ ਸਾਹਿਬ ਫੁਰਮਾਉਂਦੇ ਹਨ :-

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿਹਾਰੇ ਅਰਬਹੁ ਲੋਗ ਸਿਆਨੇ ॥ (ਅੰਗ 537)

ਹਰੀ ਦੀ ਗਤੀ ਕੋਈ ਨਹੀਂ ਜਾਣ ਸਕਦਾ । ਇਹੋ ਜਿਹੀਆਂ ਹੋਰ ਤੁਕਾਂ ਲੈ ਕੇ ਇਹ ਮਿਸ਼ਨਰੀ ਕੰਮ ਕਰਨ ਵਾਲੇ ਵੀਰ ਪੂਰਨ ਮਹਾਂ ਪੁਰਸ਼ ਤੇ ਭੀ ਚਿੱਕੜ ਸੁੱਟਣ ਲੱਗ ਜਾਂਦੇ ਹਨ । ਗੁਰੂ ਸਾਹਿਬ ਫੁਰਮਾ ਗਏ ਹਨ ਕਿ ਕੋਈ ਗਤੀ ਨਹੀਂ ਜਾਣ ਸਕਦਾ, ਫਿਰ ਇਹ ਸੰਤ ਕੌਣ ਹੈ ਜੋ ਗਤੀ ਜਾਣ ਸਕਦਾ ਹੋਵੇ । ਪਰ ਵੀਰ ਕੀ ਤੁਹਾਡੇ ਵਰਗਿਆਂ ਨੇ ਪਹਿਲਾਂ ਗੁਰੂ ਸਾਹਿਬਾਨ ਦੀ ਪਵਿੱਤਰ ਹਸਤੀਆਂ ਤੇ ਚਿੱਕੜ ਨਹੀਂ ਸੁਟਿਆ । ਉਹ ਕੌਣ ਸਨ ? ਤੁਹਾਡੇ ਵਰਗੇ ਹਮ ਖਿਆਲ ਵੀਰ । ਪ੍ਰੰਤੂ ਪ੍ਰਚਾਰ ਦਾ ਬੀੜਾ ਚੁੱਕਣ ਤੋਂ ਪਹਿਲਾਂ ਜੇ ਗੁਰਬਾਣੀ ਦੀ ਖੋਜ ਕਰ ਲਵੋ, ਤਾਂ ਕਿੰਨਾ ਚੰਗਾ ਹੋਵੇ ।

ਗੁਰੂ ਸਾਹਿਬ ਤਾਂ ਫੁਰਮਾਉਂਦੇ ਹਨ :-

ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰ ਸਿਰੰਦੇ ॥
(ਅੰਗ 780)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥
ਸੋ ਸੇਵਕੁ ਪਰਮੇਸਰ ਕੀ ਗਤਿ ਜਾਨੈ ॥ (ਸੁਖਮਨੀ ਸਾਹਿਬ)

ਸੋ ਵੀਰ ਸੋਚਦੇ ਹੋਵੇਗੇ ਕਿ ਗੁਰੂ ਸਾਹਿਬ ਕੀ ਕਰ ਰਹੇ ਹਨ ? ਨਹੀਂ ਵਾਰ, ਉਹ ਗਲਤ ਨਹੀਂ ਲਿਖ ਰਹੇ । ਪੜ੍ਹਾਈ ਸਾਰੇ ਬੱਚਿਆਂ ਲਈ ਹੈ ।

ਜਿਹੜੀ ਕਲਾਸ ਦਾ ਕੋਈ ਹੁੰਦਾ ਹੈ, ਉਹ ਉਥੇ ਖੜ੍ਹ ਜਾਂਦਾ ਹੈ । ਹੋਰ ਪੜ੍ਹਾਈ ਉਸ ਨੂੰ ਸਮਝ ਨਹੀਂ ਪੈਂਦੀ ।

ਵਿਸਥਾਰ ਲਈ ਪੜ੍ਹੋ ਪ੍ਰਗਟ ਗੁਰਾਂ ਕੀ ਦੇਹ ਭਾਗ ਪਹਿਲਾ (ਦੂਜੀ ਐਡੀਸ਼ਨ) ਸਫਾ 162

ਇਸੇ ਤਰ੍ਹਾਂ ਮੂਰਤੀ ਪੂਜਾ, ਗੁਰੂ ਦੀ ਪੂਜਾ, ਗੁਰੂ ਦੀ ਸੇਵਾ, ਸੁਰਗ ਤੇ ਮੁਕਤੀ, ਗੁਰੂ ਨੂੰ ਛਪਾਉਣਾ ਆਦਿ ਦੀਆਂ ਵਿਰੋਧੀ ਤੁਕਾਂ ਹਜ਼ਾਰਾਂ ਹੀ ਹਨ ।

ਪ੍ਰਚਾਰ ਦਾ ਬੀੜਾ ਚੁੱਕਣ ਤੋਂ ਪਹਿਲਾਂ ਸੰਗਤਾਂ ਸਾਹਮਣੇ ਦੋਨੋਂ ਪਹਿਲੂ ਜ਼ਾਹਰ ਕਰੋ । ਜੇ ਆਪ ਪੜ੍ਹਾਈ ਨਹੀਂ ਕਰ ਸਕਦੇ ਤਾਂ ਪੂਰਨ ਮਹਾਂ ਪੁਰਸ਼ ਦੀ ਸੰਗਤ ਕਰ ਲਵੋ । ਐਵੇਂ ਹੀ ਨੌਜਵਾਨਾਂ ਨੂੰ ਗੁਮਰਾਹ ਨਾ ਕਰੋ । ਆਪ ਤਾਂ ਢੱਠੇ ਖੂਹ ਵਿਚ ਡਿੱਗੇ ਹੋ, ਦੂਜਿਆਂ ਨੂੰ ਕਿਉਂ ਸੁਟਦੇ ਹੋ ? ਇਹ ਪਾਪ ਹੈ ।

ਹੁਣ ਅੱਗੇ ਚਲਣ ਤੋਂ ਪਹਿਲਾਂ ਜ਼ਰਾ ਨਾਮ ਬਾਰੇ ਦੋ ਤੁਕਾਂ ਦੇ ਦਰਸ਼ਨ ਕਰ ਲਈਏ :-

ਕਉਨ ਕੋ ਕਲੰਕੁ ਰਹਿਓ ਰਾਮ ਨਾਮ ਲੇਤ ਹੀ ॥
ਪਤਿਤ ਪਤਿਤ ਭਏ ਰਾਮੁ ਕਹਤ ਹੀ ॥ (ਅੰਗ 718)

(ਰਾਮ ਕਹਿੰਦੇ ਸਾਰ ਹੀ ਅਪਵਿੱਤਰ ਪਵਿੱਤਰ ਹੋ ਜਾਂਦੇ ਹਨ)

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
(ਅੰਗ 732)

ਸੋ ਇਸ ਦਾ ਫਿਰ ਇਹ ਮਤਲਬ ਨਹੀਂ ਕੱਢ ਸਕਦੇ ਕਿ ਰਾਮ ਰਾਮ ਕਹਿਣ ਦਾ ਕੋਈ ਲਾਭ ਨਹੀਂ ਹੈ।

ਹੁਣ ਆਈਏ ਮੁਖ ਲੇਖ ਵੱਲ। ਇਹ ਕੋਈ ਗੁੰਝਲ ਵਾਲੀ ਗੱਲ ਤਾਂ ਨਹੀਂ ਹੈ।

ਜਦ ਬੱਚਾ ਪ੍ਰਾਇਮਰੀ ਸਟੇਜ ਦੀ ਪੜ੍ਹਾਈ ਕਰਦਾ ਹੈ ਤਾਂ ਉਸ ਨੂੰ ਪਹਾੜਾ ਖਰੀਦਣਾ ਪੈਂਦਾ ਹੈ ਅਤੇ ਪਹਾੜੇ ਯਾਦ ਭੀ ਕਰਨੇ ਪੈਂਦੇ ਹਨ। ਜਿਉਂ-2 ਉਹ ਬੱਚਾ ਉਪਰਲੀਆਂ ਕਲਾਸਾਂ ਵਿਚ ਚਲਾ ਜਾਂਦਾ ਹੈ ਤਿਉਂ-2 ਪਹਾੜਾ ਛੱਡਣਾ ਪੈਂਦਾ ਹੈ। ਹੁਣ ਬੀ. ਏ., ਐਮ. ਏ. ਕਰਕੇ ਮਾਸਟਰ ਦੀ ਕੁਰਸੀ ਤੇ ਬੈਠ ਗਿਆ। ਹੁਣ ਫਿਰ ਪਹਾੜਾ ਹੱਥ ਵਿਚ ਫੜਦਾ ਹੈ। ਇਸ ਖਾਤਰ ਨਹੀਂ ਕਿ ਉਸ ਨੂੰ ਪਹਾੜੇ ਆਉਂਦੇ ਨਹੀਂ ਬਲਕਿ ਪ੍ਰਾਇਮਰੀ ਦੇ ਬੱਚਿਆਂ ਨੂੰ ਪਹਾੜੇ ਦਾ ਸ਼ੌਕ ਪੈਦਾ ਕਰਨ ਲਈ। ਇਹ ਹੈ ਦੁਨੀਆਂਦਾਰੀ ਦੀ ਮਿਸਾਲ। ਹੁਣ ਆਵੋ ਪਰਮਾਰਥ ਵੱਲ।

ਪਹਿਲਾਂ ਜਦੋਂ ਆਪਾਂ ਪਰਮਾਰਥ ਦੀ ਪੜ੍ਹਾਈ ਸ਼ੁਰੂ ਕਰਦੇ ਹਾਂ, ਤਾਂ ਉਸ ਵਕਤ ਆਪਾਂ ਮਾਲਾ ਫੜਦੇ ਹਾਂ। ਵਾਹਿਗੁਰੂ-ਵਾਹਿਗੁਰੂ ਕਹਿਣ ਵਾਸਤੇ ਅਤੇ ਜਦੋਂ ਆਪਣੇ ਆਪ ਹੀ ਵਾਹਿਗੁਰੂ-ਵਾਹਿਗੁਰੂ ਦਾ ਜਾਪ ਸ਼ੁਰੂ ਹੋ ਜਾਵੇ ਤਾਂ ਮਾਲਾ ਛੱਡ ਦੇਈਦੀ ਹੈ ਅਤੇ ਜੇ ਤਰੱਕੀ ਕਰ ਕੇ ਕੋਈ ਮਹਾਂਪੁਰਸ਼ ਦੀ ਸਟੇਜ ਤੇ ਆ ਜਾਂਦਾ ਹੈ ਤਾਂ ਉਹ ਫਿਰ ਮਾਲਾ ਫੜ ਲੈਂਦਾ ਹੈ ਪ੍ਰਮਾਰਥ ਦੇ

ਬੱਚਿਆਂ ਨੂੰ ਇਧਰ ਲਾਉਣ ਲਈ।

ਭਗਤ ਕਬੀਰ ਜੀ ਭੀ ਪ੍ਰਮਾਤਮਾ ਨੂੰ ਤਾਹਨਾ ਦਿੰਦੇ ਹਨ :-

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥

(ਅੰਗ 656)

ਪ੍ਰੰਤੂ ਜਦੋਂ ਸਿਖਰਲੀ ਸਟੇਜ ਤੇ ਪਹੁੰਚ ਗਏ ਤਾਂ ਉਸ ਵਕਤ ਉਹੀ ਭਗਤ ਕਬੀਰ ਫੁਰਮਾਉਂਦੇ ਹਨ :-

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮ ਨ ਚੇਤਹੀ ਇਹ ਜਪਨੀ ਕਿਆ ਹੋਇ ॥

(ਅੰਗ 1368)

ਜੇ ਸਮਝ ਨਾਲ ਦੇਖਿਆ ਜਾਵੇ ਤਾਂ ਮਾਲ਼ਾ ਦਾ ਖੰਡਨ ਨਹੀਂ ਕਰ ਰਹੇ ਬਲਕਿ ਇਹ ਉਪਦੇਸ਼ ਕਰ ਰਹੇ ਹਨ ਕਿ ਜੇ ਹਿਰਦੇ ਵਿਚ ਨਹੀਂ ਜਪਦੇ ਤਾਂ ਮਾਲਾ ਦਾ ਕੀ ਲਾਭ ?

ਬਸ ਇਹੀ ਤਾਂ ਸਿੱਖੀ ਦਾ ਮੁੱਢ ਹੈ। ਆਪਣੀ ਜ਼ਿੰਦਗੀ ਨੂੰ ਕਮਾਈ ਦੀ ਜ਼ਿੰਦਗੀ ਬਨਾਉਣ ਦਾ। ਗੁਰੂ ਸਾਹਿਬਾਨ ਭੀ ਵਾਰ-2 ਇਹੀ ਉਪਦੇਸ਼ ਕਰਦੇ ਹਨ ਕਿ ਕਮਾਈ ਵਾਲੀ ਜ਼ਿੰਦਗੀ ਬਸਰ ਕਰੋ ਨਾ ਕਿ ਦਿਖਾਵੇ ਵਾਲੀ।

ਇਥੇ ਹੀ ਇਹ ਮਿਸ਼ਨਰੀ (ਪ੍ਰਚਾਰਕ) ਪਿਛੇ ਜਾ ਡਿਗਦੇ ਹਨ। ਕਹਿੰਦੇ ਕੁਝ ਹਨ, ਕਮਾਉਂਦੇ ਕੁਝ ਹਨ। ਝੂਠਾ ਦਿਖਾਵਾ ਕਰਨਾ ਸਿੱਖ ਧਰਮ ਵਿਚ ਮਨ੍ਹਾ ਹੈ ਅਤੇ ਜ਼ਰਾ ਇਹ ਵੀਰ ਸੋਚਣ ਕਿ ਜਦੋਂ ਗੁਰੂ ਸਾਹਿਬ

ਨੂੰ ਮੱਥਾ ਟੇਕਦੇ ਹਨ ਅਤੇ ਸਮਝਦੇ ਕਿਤਾਬ ਹਨ ਤਾਂ ਕੀ ਇਹ ਸਰਾਸਰ ਦਿਖਾਵਾ ਨਹੀਂ ?

ਬਸ ਗੁਰੂ ਸਾਹਿਬਾਨ ਆਪਾਂ ਨੂੰ ਇਹ ਕਦੀ ਨਹੀਂ ਰੋਕਦੇ ਕਿ ਮਾਲਾ ਫੜਨੀ ਨਹੀਂ । ਸ਼ੁਰੂ ਵਿਚ ਤਾਂ ਮਾਲਾ ਫੜਨੀ ਹੀ ਪਵੇਗੀ ਪ੍ਰੰਤੂ ਮਗਰੋਂ ਜਾਪ ਦੀ ਘੜੀ ਚੱਲਣ ਨਾਲ ਆਪੇ ਹੀ ਮਾਲਾ ਛੱਡੀ ਜਾਵੇਗੀ ।

ਸੋ ਵੀਰ ਇਹ ਨਹੀਂ ਫਬਦਾ ਕਿ ਮਾਲਾ ਫੜੋ ਹੀ ਨਾ ਬਲਕਿ ਇਹ ਫਬਦਾ ਹੈ ਕਿ ਮਾਲਾ ਫੜਨੀ ਹੈ ਛੱਡਣ ਵਾਸਤੇ ।

ਅਤੇ ਜੇ ਪਹਿਲਾਂ ਮਾਲਾ ਫੜਨੀ ਹੀ ਪੈਂਦੀ ਹੈ ਤਾਂ ਗੁਰੂ ਸਾਹਿਬਾਨ ਅਵੱਸ਼ ਹੀ ਮਾਲਾ ਫੜਦੇ ਸਨ ਜਗਿਆਸੂਆਂ ਨੂੰ ਇਸ ਰਸਤੇ ਪਾਉਣ ਲਈ ।

ਕਈ ਕਹਿੰਦੇ ਹਨ ਕਿ ਜੋ ਮਾਲਾ ਫੜਦੇ ਹਨ ਉਹ ਤਾਂ ਐਵੇਂ ਦਿਖਾਵਾ ਹੀ ਕਰਦੇ ਹਨ । ਬਾਬਾ ਜੀ ਫੁਰਮਾਉਂਦੇ ਸਨ "ਸੰਸਾਰ ਵਿਚ ਵਿਚਰਦੇ ਹੋ । ਹੋਰ ਕਿੰਨੇ ਜਗਤ ਦਿਖਾਵੇ ਹਰ ਸਮੇਂ ਕਰਦੇ ਹੋ ? ਇਹ ਜਗਤ ਦਿਖਾਵਾ ਭੀ ਕਰ ਕੇ ਦੇਖ ਲਵੋ ।" ਜਿੰਨੇ ਫੈਸ਼ਨ ਅੱਜ ਕੱਲ ਚੱਲ ਰਹੇ ਹਨ, ਇਹ ਸਭ ਜਗਤ ਦਿਖਾਵੇ ਲਈ ਹੀ ਹਨ ਭਾਵੇਂ ਕਿ ਕਈ ਵਾਰੀ ਫੈਸ਼ਨ ਵਾਲੇ ਕੱਪੜੇ ਪਹਿਨਣ ਨਾਲ ਕਾਫੀ ਤਕਲੀਫ ਹੁੰਦੀ ਹੈ ਪ੍ਰੰਤੂ ਫਿਰ ਭੀ ਆਪਾਂ ਹਟਦੇ ਨਹੀਂ ।

ਜਿਸ ਤਰ੍ਹਾਂ ਹਿਸਾਬ *(Arith.)* ਸਿੱਖਣ ਲਈ ਪਹਿਲਾਂ ਪਹਾੜਿਆਂ ਦੀ ਲੋੜ ਪੈਂਦੀ ਹੈ । ਪਹਾੜੇ ਲੈ ਕੇ ਬੱਚੇ ਰਟਣ ਤੇ ਜ਼ੋਰ ਦਿੰਦੇ ਹਨ ਪ੍ਰੰਤੂ

ਜਦ ਪੱਕੇ ਹੋ ਜਾਂਦੇ ਹਨ, ਫਿਰ ਪਹਾੜਿਆਂ ਦੀ ਲੋੜ ਨਹੀਂ ਰਹਿੰਦੀ। ਇਸੇ ਤਰ੍ਹਾਂ ਸ਼ੁਰੂ-2 ਵਿਚ ਮਾਲਾ ਦੀ ਲੋੜ ਅਵੱਸ਼ ਹੀ ਪੈਂਦੀ ਹੈ। ਮਾਲਾ ਲੈ ਕੇ ਆਪਾਂ ਵਾਹਿਗੁਰੂ-2 ਜਾਂ ਰਾਮ-2 ਦੀ ਰਟ ਲਗਾਉਂਦੇ ਹਾਂ। ਇਸ ਤਰ੍ਹਾਂ ਕਰਦੇ-2 ਅੰਦਰ ਦੀ ਘੜੀ ਚੱਲ ਪੈਂਦੀ ਹੈ ਮਤਲਬ ਆਪ ਮੁਹਾਰੇ ਹੀ ਜਾਪ ਸ਼ੁਰੂ ਹੋ ਜਾਂਦਾ ਹੈ। ਫਿਰ ਬਿਰਤੀ ਨਾਲ ਹੀ ਵਾਹਿਗੁਰੂ-2 ਦੀ ਰਟ ਲੱਗ ਜਾਂਦੀ ਹੈ। ਇਸ ਨੂੰ ਕਹਿੰਦੇ ਹਨ ਅਜਪਾ ਜਾਪ। ਅਜਪਾ ਜਾਪ ਕੀ ਹੈ ? ਜੋ ਬਗੈਰ ਜਪਿਆਂ ਜਾਪ ਸ਼ੁਰੂ ਹੋ ਜਾਵੇ।

ਬਾਬਾ ਜੀ ਫੁਰਮਾਉਂਦੇ ਸਨ "ਮਾਲਾ ਤਾਂ ਮਹਾਂ ਪੁਰਸ਼ਾਂ ਦਾ ਗਹਿਣਾ ਹੈ। ਮਹਾਂ ਪੁਰਸ਼ ਹੋਰ ਗਹਿਣਾ ਨਹੀਂ ਪਹਿਨਦੇ।" ਅਤੇ ਮਾਸਟਰ ਜਦ ਬੱਚੇ ਨੂੰ ਪੁਛਦਾ ਹੈ "ਦੋ ਤੇ ਦੋ ਕਿੰਨੇ ਹੁੰਦੇ ਹਨ ?" ਤਾਂ ਇਸਦਾ ਇਹ ਮਤਲਬ ਨਹੀਂ ਕਿ ਉਸ ਨੂੰ ਪਤਾ ਨਹੀਂ। ਉਹ ਬੱਚੇ ਨੂੰ ਪੜ੍ਹਾਉਣ ਖਾਤਰ ਪਹਾੜਾ ਭੀ ਹੱਥ ਵਿਚ ਫੜ ਲੈਂਦਾ ਹੈ। ਇਸ ਦਾ ਮਤਲਬ ਨਹੀਂ ਕਿ ਉਸਨੂੰ ਪਹਾੜੇ ਆਉਂਦੇ ਨਹੀਂ। ਇਸੇ ਤਰ੍ਹਾਂ ਮਹਾਂ ਪੁਰਸ਼ ਆਮ ਜਗਿਆਸੂਆਂ ਨੂੰ ਇਸ ਪਾਸੇ ਲਾਉਣ ਲਈ ਮਾਲਾ ਫੜਦੇ ਹਨ ਕਿਉਂਕਿ ਪਹਿਲਾਂ ਪਹਿਲ ਜਗਿਆਸੂ ਸੋਚਦਾ ਹੈ ਕਿ ਆਪ ਮਾਲਾ ਫੜੀ ਨਹੀਂ ਹੈ। ਸਾਨੂੰ ਮਾਲਾ ਫੜਨ ਨੂੰ ਕਹਿੰਦੇ ਹਨ। ਉਹਨਾਂ ਨੂੰ ਇਸ ਪਾਸੇ ਲਾਉਣ ਲਈ ਮਹਾਂ ਪੁਰਸ਼ ਨੂੰ ਮਾਲਾ ਫੜਨੀ ਪੈਂਦੀ ਹੈ।

ਹੁਣ ਕਈ ਪਹਿਲਾਂ ਹੀ ਸਿਖਰ ਦੀ ਕਲਾਸ ਨੂੰ ਹੱਥ ਪਾਉਣਾ ਚਾਹੁੰਦੇ ਹਨ। ਨਹੀਂ ਭਾਈ ਪਹਿਲਾਂ ਮਾਲਾ ਫੜਨੀ ਹੈ। ਫਿਰ ਹੌਲੀ-ਹੌਲੀ ਤਰੱਕੀ ਹੋ ਜਾਵੇਗੀ ਅਤੇ ਮਾਲਾ ਆਪੇ ਹੀ ਛੁੱਟ ਜਾਵੇਗੀ।

ਇਸ ਤੋਂ ਅੱਗੇ ਭੀ ਇਕ ਸਟੇਜ ਹੈ। ਉਹ ਕਿਹੜੀ ਹੈ ?

ਕਦੀ ਇਹੋ ਜਿਹੀ ਸਟੇਜ ਭੀ ਆ ਜਾਂਦੀ ਹੈ ਜਦੋਂ ਨਾਮ ਭੀ ਛੱਡਣਾ ਪੈ ਜਾਂਦਾ ਹੈ। ਨਾਮ ਜਪਣਾ ਹੇਠਲੀ ਕਲਾਸ ਰਹਿ ਜਾਂਦੀ ਹੈ। ਨਾਮ ਛੱਡਣਾ ਉਪਰਲੀ ਕਲਾਸ ਹੋ ਜਾਂਦੀ ਹੈ। ਕਈ ਵੀਰ ਨਰਾਜ਼ ਹੋ ਜਾਣਗੇ। ਨਰਾਜ਼ਗੀ ਦੀ ਲੋੜ ਨਹੀਂ। ਸਮਝ ਦੀ ਲੋੜ ਹੈ। ਸਬਰ ਦੀ ਲੋੜ ਹੈ।

ਪਾਠ ਕਰਨਾ ਠੀਕ ਹੈ ਪ੍ਰੰਤੂ ਇਸ ਤੋਂ ਅਗਲੀ ਸਟੇਜ ਹੈ ਹਰ ਦਮ ਯਾਦ ਰੱਖਣਾ, ਹਰ ਦਮ ਹਾਜ਼ਰ ਨਾਜ਼ਰ ਸਮਝਣਾ। ਜੇ ਯਾਦ ਰੱਖਦਾ ਨਹੀਂ, ਹਾਜ਼ਰ ਨਾਜ਼ਰ ਸਮਝਦਾ ਨਹੀਂ ਤਾਂ ਪਾਠ ਦਾ ਭੀ ਕੋਈ ਲਾਭ ਨਹੀਂ। ਕਿਉਂਕਿ ਭੈੜੇ ਕੰਮ ਬੰਦਾ ਉਦੋਂ ਹੀ ਕਰਦਾ ਹੈ ਜਦ ਮਾਲਕ ਨੂੰ ਹਾਜ਼ਰ ਨਾਜ਼ਰ ਨਹੀਂ ਸਮਝਦਾ।

ਐਸੀ ਪ੍ਰੀਤਿ ਕਰਹੁ ਮਨ ਮੇਰੇ ਆਠ ਪਹਰ ਪ੍ਰਭ ਜਾਨਹੁ ਨੇਰੇ ॥

(ਅੰਗ 807)

ਬੇਬੇ ਨਾਨਕੀ ਜੀ ਆਪਣੇ ਵੀਰ ਗੁਰੂ ਨਾਨਕ ਦੇਵ ਜੀ ਨੂੰ ਆਵਾਜ਼ਾਂ ਮਾਰਦੇ ਹਨ, ਰੋਂਦੇ ਹਨ, ਵਿਰਲਾਪ ਕਰਦੇ ਹਨ। ਗੁਰੂ ਸਾਹਿਬ ਆ ਜਾਂਦੇ ਹਨ ਤਾਂ ਉਹੀ ਰੋਣ ਹੁਣ ਹੋਰ ਰੰਗ ਧਾਰ ਲੈਂਦਾ ਹੈ। ਆਪਣੇ ਵੀਰ ਦੀ ਸੇਵਾ ਕਰਨ ਲੱਗ ਜਾਂਦੇ ਹਨ। ਆਪਣੇ ਵੀਰ ਦੇ ਬਚਨ ਬਿਲਾਸ ਸੁਣਦੇ ਹਨ। ਜਦ ਆਪਾਂ ਕਿਸੇ ਨੂੰ ਮਿਲਣ ਜਾਂਦੇ ਹਾਂ ਤਾਂ ਜਾ ਕੇ ਘੰਟੀ *(Bell)* ਖੜਕਾਉਂਦੇ ਹਾਂ ਜਾਂ ਕੁੰਡਾ ਖੜਕਾਉਂਦੇ ਹਾਂ ਜਾਂ ਆਵਾਜ਼ ਮਾਰਦੇ ਹਾਂ। ਜਦੋਂ ਉਹ ਆ ਜਾਂਦਾ ਹੈ ਤਾਂ ਫਿਰ ਆਪਾਂ ਜੱਫੀ ਪਾ ਕੇ ਮਿਲਦੇ ਹਾਂ। ਜਦੋਂ ਉਹ ਸਾਹਮਣੇ ਆ ਜਾਵੇ ਅਤੇ ਫਿਰ ਭੀ ਆਪਾਂ ਹਾਕਾਂ ਹੀ ਮਾਰੀ ਜਾਈਏ

ਤਾਂ ਲੋਗ ਕਹਿਣਗੇ ਕਿ ਪਾਗਲ ਹੋ ਗਿਆ ਹੈ। ਜਿਸ ਨੂੰ ਮਿਲਣਾ ਹੈ ਉਹ ਸਾਹਮਣੇ ਖੜਾ ਹੈ ਅਤੇ ਇਹ ਹਾਕਾਂ ਮਾਰੀ ਜਾਂਦਾ ਹੈ ਅਤੇ ਜਿਸ ਨੂੰ ਮਿਲਣ ਗਏ ਹਾਂ ਉਹ ਭੀ ਗੁੱਸੇ ਹੋਵੇਗਾ ਕਿ ਮੈਨੂੰ ਸੱਦਿਆ ਭੀ ਹੈ ਅਤੇ ਫਿਰ ਗੱਲ ਕੋਈ ਨਹੀਂ ਕਰਦਾ।

ਸੋ ਪਹਿਲਾਂ ਤਾਂ ਬੇਨਤੀ ਕਰਨੀ ਹੈ।

ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨ ਸੁਰਤਿ ਕਰੈ ਕੋ ਮੇਰੀ ॥
ਦਰਸ਼ਨ ਦੀਜੈ ਖੋਲਿ ਕਿਵਾਰ ॥ (ਅੰਗ 856)

ਨਿਮਾਣੇ ਬਣ ਕੇ ਤੇਰੇ ਬੂਹੇ ਤੇ ਖੜੇ ਹਾਂ। ਤੇਰੇ ਬਿਨਾਂ ਮੇਰੀ ਸੁਰਤ ਕੌਣ ਕਰੇਗਾ ? ਇਸ ਲਈ ਬੂਹਾ ਖੋਲ੍ਹ ਕੇ ਦਰਸ਼ਨ ਦੇਵੋ।

ਅਤੇ ਜਦੋਂ ਦਰਸ਼ਨ ਹੋ ਗਏ ਤਾਂ ਫਿਰ ਕੀ ਪੜ੍ਹਨਾ ਹੈ ?

ਨੈਨ ਸੰਤੋਖੇ ਪ੍ਰਭ ਦਰਸ਼ਨ ਪਾਇਆ ॥
ਕਹੁ ਨਾਨਕ ਸਫਲੁ ਸੋ ਆਇਆ ॥ (ਅੰਗ 804)

ਹੁਣ ਦਰਸ਼ਨ ਹੋ ਗਏ। ਆਵਾਜ਼ਾਂ ਮਾਰਨੀਆਂ ਛੱਡੋ। ਇਹ ਪ੍ਰਭੂ ਦੀ ਬੇ ਅਦਬੀ ਹੈ। ਹੁਣ ਤਾਂ ਚਰਨ ਕਮਲਾਂ ਨੂੰ ਜੱਫੀ ਪਾ ਲਵੋ ਅਤੇ ਰੱਜ ਰੱਜ ਕੇ ਸੇਵਾ ਕਰ ਲਵੋ। ਫਿਰ ਇਹ ਸਟੇਜ ਆ ਜਾਂਦੀ ਹੈ।

ਇਸ ਨੂੰ ਨਾਮ ਪ੍ਰਾਪਤੀ ਕਹਿੰਦੇ ਹਨ। ਨਾਮ ਦੀ ਪ੍ਰਾਪਤੀ ਤੇ ਜੋ ਅਨੰਦਮਈ ਲਹਿਰਾਂ ਵਗ ਤੁਰਦੀਆਂ ਹਨ, ਉਹਨਾਂ ਦਾ ਵਰਨਣ ਕਰਨਾ ਅਤੀ ਕਠਨ ਹੈ।

ਸੋ ਜਗਿਆਸੂ ਨੂੰ ਪਹਿਲਾਂ ਪਹਿਲ ਨਾਮ ਜਪਣ ਵੱਲ ਲਾਉਣ ਲਈ ਨਾਨਕਸਰ ਵਿਖੇ ਇਸ ਤਰ੍ਹਾਂ ਉਪਰਾਲਾ ਕੀਤਾ ਜਾਂਦਾ ਹੈ।

ਨਾਨਕਸਰ ਵਿਖੇ ਸੱਚ ਖੰਡ ਦੇ ਦਰਸ਼ਨ ਕੇਵਲ ਉਸ ਜਗਿਆਸੂ ਨੂੰ ਕਰਾਏ ਜਾਂਦੇ ਹਨ ਜੋ ਮਹੀਨੇ ਵਿਚ ਗੁਰੂ ਸਾਹਿਬ ਦਾ ਇਕ ਪਾਠ ਕਰਨ ਦਾ ਬਚਨ ਦੇਵੇ। ਸੱਚ ਖੰਡ ਸਾਹਮਣੇ ਬੋਰਡ ਲੱਗਿਆ ਹੈ ਜਿਸਦਾ ਸਾਰ ਅੰਸ਼ ਇਸ ਤਰ੍ਹਾਂ ਹੈ "ਮਹੀਨੇ ਵਿਚ ਗੁਰੂ ਸਾਹਿਬ ਦਾ ਪਾਠ ਕਰਨਾ ਜਾਂ ਕਰਾਉਣਾ ਜਾਂ ਮਹੀਨੇ ਵਿਚ 50 ਪਾਠ ਸੁਖਮਨੀ ਸਾਹਿਬ ਦੇ ਕਰਨੇ ਜਾਂ ਮਹੀਨੇ ਵਿਚ 250 ਪਾਠ ਜਪੁਜੀ ਸਾਹਿਬ ਦੇ ਕਰਨੇ ਜਾਂ ਪਹਿਲੀ ਪਉੜੀ (ਨਾਨਕ ਹੋਸੀ ਭੀ ਸਚੁ ਤਕ) ਦੀਆਂ 6 ਮਾਲਾ (108 ਮਣਕੇ ਵਾਲੀ) ਹਰ ਰੋਜ਼ ਕਰਨੀਆਂ ਜਾਂ ਵਾਹਿਗੁਰੂ-ਵਾਹਿਗੁਰੂ ਦੀਆਂ 80 ਮਾਲਾ ਹਰ ਰੋਜ਼ ਫੇਰਨੀਆਂ ਜਾਂ ਰਾਮ-ਰਾਮ ਦੀਆਂ 160 ਮਾਲਾ ਰੋਜ਼ ਫੇਰਨੀਆਂ।"

ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਰੇ ਅੱਖਰਾਂ ਦਾ ਹਿਸਾਬ ਲਾ ਕੇ ਅਤੇ ਇਧਰ ਸੁਖਮਨੀ ਸਾਹਿਬ, ਜਪੁਜੀ ਸਾਹਿਬ, ਪਹਿਲੀ ਪਉੜੀ, ਵਾਹਿਗੁਰੂ ਸ਼ਬਦ ਅਤੇ ਰਾਮ ਰਾਮ ਸ਼ਬਦ ਦੇ ਅੱਖਰਾਂ ਦਾ ਹਿਸਾਬ ਲਾ ਕੇ ਦੇਖਿਆ ਹੈ ਉਪਰ ਲਿਖੀ ਬਿਧੀ ਨਾਲ ਬਰਾਬਰ ਹੋ ਜਾਂਦੇ ਹਨ।

ਜਦ ਜੰਗਲਾਂ ਵਿਚ ਭਿਆਨਕ ਲੜਾਈਆਂ ਸਮੇਂ ਸਿੱਖ ਹਰ ਵਕਤ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨਾਲ ਨਹੀਂ ਪ੍ਰਕਾਸ਼ ਕਰ ਸਕਦੇ ਸਨ ਤਾਂ

ਉਦੋਂ ਉਪਰ ਲਿਖੀ ਵਿਧੀ ਨਾਲ ਹੀ ਸਿੱਖ ਪਾਠ ਕਰਦੇ ਸਨ। ਵਾਹਿਗੁਰੂ ਦੇ 4 ਚਾਰ ਅੱਖਰ ਹਨ। ਰਾਮ ਦੇ 2 ਅੱਖਰ ਹਨ। ਇਸੇ ਕਰਕੇ ਵਾਹਿਗੁਰੂ ਵਾਹਿਗੁਰੂ ਦੀਆਂ 80 ਮਾਲਾ ਰੋਜ਼ ਅਤੇ ਰਾਮ ਰਾਮ ਦੀਆਂ 160 ਮਾਲਾ ਰੋਜ਼ ਫੇਰਨ ਦਾ ਹੁਕਮ ਹੈ। ਕਿਉਂਕਿ ਬਾਬਾ ਜੀ ਹਿੰਦੂ ਵੀਰਾਂ ਨੂੰ ਰਾਮ ਰਾਮ ਜਪਣ ਦਾ ਹੀ ਉਪਦੇਸ਼ ਦਿੰਦੇ ਸਨ।

# ਨਾਮ ਜਪਣ ਵਾਸਤੇ ਵੇਲਾ (ਟਾਈਮ)

ਬਾਬਾ ਜੀ ਫੁਰਮਾਉਂਦੇ ਸਨ ਕਿ ਗੁਰਸਿੱਖ ਨੂੰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਨਾਮ ਜਪਣਾ ਚਾਹੀਦਾ ਹੈ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨ ਕਰੇ ਅੰਮ੍ਰਿਤਸਰਿ ਨਾਵੈ ॥ (ਅੰਗ 305)

ਬਾਬਾ ਜੀ ਬਚਨ ਕਰਦੇ ਸਨ :-

ਸੂਰਜ ਚੜ੍ਹਨ ਤੋਂ ਸਵਾ ਪਹਿਰ ਪਹਿਲਾਂ ਉਠ ਕੇ ਇਸ਼ਨਾਨ ਕਰੇ ਅਤੇ ਨਾਮ ਜਪੇ ਤਾਂ ਉਸ ਨੂੰ ਸਵਾ ਮਣ ਸੋਨੇ ਦੇ ਦਾਨ ਜਿੰਨਾ ਫਲ ਮਿਲਦਾ ਹੈ। (ਪਹਿਰ=3 ਘੰਟੇ)

ਜੇ ਕੋਈ ਸੂਰਜ ਚੜ੍ਹਨ ਤੋਂ ਇਕ ਪਹਿਰ ਪਹਿਲਾਂ ਉਠ ਕੇ ਇਸ਼ਨਾਨ ਕਰਕੇ ਨਾਮ ਜਪਦਾ ਹੈ ਤਾਂ ਉਸ ਨੂੰ ਸਵਾ ਮਣ ਚਾਂਦੀ ਦੇ ਦਾਨ ਜਿੰਨਾ ਫਲ

ਮਿਲਦਾ ਹੈ। ਜੇ ਕੋਈ ਅੱਧਾ ਪਹਿਰ ਪਹਿਲਾਂ ਉਠ ਕੇ ਇਸ਼ਨਾਨ ਕਰਕੇ ਨਾਮ ਜਪਦਾ ਹੈ ਤਾਂ ਉਸਨੂੰ ਸਵਾ ਮਣ ਤਾਂਬੇ ਦੇ ਦਾਨ ਜਿੰਨਾ ਫਲ ਮਿਲਦਾ ਹੈ। ਜੇ ਕੋਈ ਪਹੁ ਫੁੱਟਣ ਨਾਲ ਇਸ਼ਨਾਨ ਕਰਕੇ ਨਾਮ ਜਪਦਾ ਹੈ ਤਾਂ ਉਸ ਨੂੰ ਸਵਾ ਮਣ ਦੁੱਧ ਦੇ ਦਾਨ ਜਿੰਨਾ ਫਲ ਮਿਲਦਾ ਹੈ। ਜੇ ਕੋਈ ਸੂਰਜ ਚੜ੍ਹਨ ਤੇ ਇਸ਼ਨਾਨ ਕਰਕੇ ਨਾਮ ਜਪਦਾ ਹੈ ਤਾਂ ਉਸ ਨੂੰ ਨਾ ਕੋਈ ਪੁੰਨ ਹੈ, ਨਾ ਪਾਪ ਹੈ। ਇਹ ਤਾਂ ਕੇਵਲ ਸਰੀਰ ਦੀ ਸ਼ੁੱਧੀ ਹੀ ਹੈ।

ਜੇ ਕੋਈ ਰਾਤ ਦੇ ਸਵਾ ਬਾਰਾਂ ਵਜੇ ਇਸ਼ਨਾਨ ਕਰਕੇ ਨਾਮ ਜਪਦਾ ਹੈ ਉਸ ਦਾ ਫਲ ਗਰੰਥਾਕਾਰ ਭੀ ਦੱਸ ਨਹੀਂ ਸਕਦੇ। ਉਹ ਤਾਂ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ।

ਬਾਬਾ ਜੀ ਫੁਰਮਾਉਂਦੇ ਸਨ ਕਿ ਕਲਜੁਗ ਦੇ ਅਸਰ ਤੋਂ ਬਚਣ ਲਈ ਨਾਮ ਜਪੀ ਚਲੋ। ਬਾਬਾ ਜੀ ਦੇ ਦੀਵਾਨ ਵਿਚ ਪੂਰਨਮਾਸ਼ੀ ਵਾਲੇ ਦਿਨ ਜਦ ਰਾਗੀ ਇਸ ਸ਼ਬਦ ਦਾ ਕੀਰਤਨ ਕਰਦੇ ਸਨ ਤਾਂ ਅਨੰਦ ਬਝ ਜਾਂਦਾ ਸੀ।

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ (ਅੰਗ 1185)

ਬਾਬਾ ਜੀ ਫੁਰਮਾਉਂਦੇ ਸਨ "ਪਾਣੀ ਵਿਚ ਵੱਡਾ ਗੁਣ ਹੈ। ਉਹ ਇਕ ਜਗਿਆਸੂ ਨੂੰ ਉਪਦੇਸ਼ ਕਰਦਾ ਹੈ ਕਿ ਤੂੰ ਅੰਮ੍ਰਿਤ ਵੇਲੇ ਉਠ ਕੇ ਮੇਰੇ ਨਾਲ ਜੱਫੀ ਪਾ ਅਤੇ ਮੈਂ ਤੇਰੀ ਜੱਫੀ ਵਾਹਿਗੁਰੂ ਨਾਲ ਪਵਾ ਦੇਵਾਂਗਾ।"

ਬਾਬਾ ਜੀ ਫੁਰਮਾਉਂਦੇ ਸਨ "ਸਿੱਖ ਕੀ ਤੇ ਆਰਾਮ ਕੀ? ਅਤੇ ਭਿਖਾਰੀ ਕੀ ਤੇ ਮਾਣ ਕੀ?

ਸੋ ਸਿੱਖ ਨੂੰ ਆਰਾਮ ਜਾਂ ਆਲਸ ਨਹੀਂ ਕਰਨਾ ਚਾਹੀਦਾ ਅਤੇ ਜਦੋਂ ਗੁਰੂ ਨਾਨਕ ਸਾਹਿਬ ਦੇ ਬੂਹੇ ਤੇ ਮੰਗਤੇ ਬਣ ਕੇ ਖੜ ਗਏ ਹਾਂ ਤਾਂ ਮਾਣ ਨਹੀਂ ਕਰਨਾ ਚਾਹੀਦਾ।

ਉਦਮੁ ਕਰੇ ਭਲਕੇ ਪਰਭਾਤੀ ॥
ਇਸ਼ਨਾਨ ਕਰੇ ਅੰਮ੍ਰਿਤ ਸਰਿ ਨਾਵੈ ॥ (ਅੰਗ 305)

ਸੋ "ਅੰਮ੍ਰਿਤਸਰਿ" ਕਿਸ ਨੂੰ ਕਿਹਾ ਹੈ ?

ਗੁਰਬਾਣੀ ਦੁਆਰਾ ਜ਼ਾਹਰ ਕਰਦੇ ਹਨ :-

ਅੰਮ੍ਰਿਤਸਰੁ ਸਤਿਗੁਰੂ ਸਤਿਵਾਦੀ ॥
ਜਿਤੁ ਨਾਤੇ ਕਊਆ ਹੰਸੁ ਹੋਹੈ ॥ (ਅੰਗ 493)

ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥
(ਅੰਗ 1046)

ਸਤਿਗੁਰ ਪੁਰਖ ਅੰਮ੍ਰਿਤਸਰੁ ਵਡਭਾਗੀ ਨਾਵਹਿ ਆਇ ॥
(ਅੰਗ 40)

ਸਤਿਗੁਰੂ ਹੈ ਅੰਮ੍ਰਿਤਸਰੁ ਸਾਚਾ
ਮਨੁ ਨਾਵੈ ਮੈਲੁ ਚੁਕਾਵਣਿਆ ॥ (ਅੰਗ 113)

ਅੰਤਰ ਗਤਿ ਤੀਰਥਿ ਮਲਿ ਨਾਉ ॥

(ਜਪੁਜੀ ਸਾਹਿਬ)

ਸੋ ਇਸਦਾ ਮਤਲਬ ਹੈ ਕਿ ਅੰਮ੍ਰਿਤਸਰ (ਮੁਕਤੀ ਦਾ ਸਰੋਵਰ) ਸਰੀਰ ਦੇ ਅੰਦਰ ਹੈ ਉਸਦੀ ਖੋਜ ਕਰੇ ।

# ਵਾਹਿਗੁਰੂ ਸ਼ਬਦ ਦੀ ਮਹੱਤਤਾ

ਦੋ ਸ਼ਬਦ ਹਨ : ਵਾਹਿਗੁਰੂ ਅਤੇ ਸਤਿਨਾਮ

ਇਕ ਯਾਤਰਾ ਹੁੰਦੀ ਹੈ ਏਅਰ ਕੰਡੀਸ਼ਨਡ *(air conditioned)* ਦੀ (ਫਸਟ ਕਲਾਸ ਕਹਿ ਲਵੋ)

ਅਤੇ ਦੂਜੀ ਯਾਤਰਾ ਹੁੰਦੀ ਹੈ ਸੈਕੰਡ ਕਲਾਸ ਦੀ (ਦੂਜੇ ਦਰਜੇ ਦੀ)

ਬਸ ਇਸੇ ਤਰਾਂ ਇਹ ਸ਼ਬਦ ਹਨ ਵਾਹਿਗੁਰੂ ਸ਼ਬਦ ਤਾਂ ਪਹਿਲੇ ਦਰਜੇ ਵਿਚ ਆਉਂਦਾ ਹੈ ਅਤੇ ਸਤਿਨਾਮ ਦੂਜੇ ਦਰਜੇ ਵਿਚ ।

ਵਾਹਿਗੁਰੂ ਦਾ ਮਤਲਬ ਹੈ ਵਾਹ ਗੁਰੂ

ਸਤਿਨਾਮ ਦਾ ਮਤਲਬ ਹੈ ਉਸ ਦਾ ਨਾਮ ਸਤ ਹੈ ।

ਸਿੱਖੀ ਦੀ ਪੜ੍ਹਾਈ ਹੀ ਇਹ ਹੈ, ਕਿ ਗੁਰੂ ਨੂੰ ਸਾਖਿਆਤ ਪ੍ਰਮਾਤਮਾ ਸਮਝੋ ਸੋ ਵਾਹਿਗੁਰੂ ਸ਼ਬਦ ਬੋਲਣ ਨਾਲ ਸਾਖਿਆਤ ਸਰਗੁਣ ਦੇ ਦਰਸ਼ਨ ਹੋ ਜਾਂਦੇ ਹਨ, ਜਿਸ ਦਾ ਹੁਕਮ ਹਰ ਪਾਸੇ ਚੱਲ ਰਿਹਾ ਹੈ। ਗੁਰੂ ਨੂੰ ਵਾਹ ਕਿਹਾ ਹੈ । ਇਹ ਸ਼ਬਦ ਸਾਨੂੰ ਦਸਦਾ ਹੈ ਕਿ ਗੁਰੂ ਦਾ ਜਾਪ ਕਰੋ ਕਿਉਂਕਿ ਇਹ ਤਾਜ਼ੇ ਤੋਂ ਤਾਜ਼ਾ ਨਾਮ ਹੈ ।

ਪ੍ਰੰਤੂ ਆਪਾਂ ਆਮ ਦੇਖਦੇ ਹਾਂ ਕਿ ਵਾਹਿਗੁਰੂ ਸ਼ਬਦ ਕਹਿਣ ਨਾਲ ਸਾਖਿਆਤ ਦਰਸ਼ਨ ਤਾਂ ਹੁੰਦੇ ਨਹੀਂ। ਫਿਰ ਕੀ ਇਹ ਝੂਠ ਹੈ ? ਨਹੀਂ ਵੀਰ ਸੋਲਾਂ ਆਨੇ ਸੱਚ ਹੈ। ਕਿਵੇਂ ਪਤਾ ਲੱਗੇ ? ਪਹਿਲਾਂ ਆਪਾਂ ਥੋੜਾ ਜਿਹਾ ਵੀਚਾਰ ਕਰੀਏ।

ਗੁਰੂ ਸਾਹਿਬਾਨ ਤੇ ਭਾਈ ਗੁਰਦਾਸ ਆਪਾਂ ਨੂੰ ਵਾਰ ਵਾਰ ਉਪਦੇਸ਼ ਕਰਦੇ ਹਨ ਕਿ ਗੁਰੂ ਨੂੰ ਪ੍ਰਮੇਸ਼ਰ ਸਮਝ ਕੇ ਪੂਜੋ।

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰ ਪਰਮੇਸਰ ਏਕੋ ਜਾਣੁ ॥ (ਅੰਗ 864)

ਗੁਰੂ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮ ਗੁਰੁ ਭਗਵੰਤ। (ਅੰਗ 864)

ਗੁਰੂ ਸਾਹਿਬ ਫਿਰ ਫੁਰਮਾਉਂਦੇ ਹਨ :-

ਗੁਰੁ ਪਾਰਬ੍ਰਹਮ ਪਰਮੇਸਰੁ ਸੋਇ ॥ (ਅੰਗ 1271)

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਸਤਿਗੁਰੁ ਨਾਨਕ ਦੇਉ ਹੈ ਪਰਮੇਸਰ ਸੋਈ ॥ (ਵਾਰ 38, 20)

ਹਉ ਤਿਸਦੇ ਚਉਖੰਨੀਐ ਗੁਰ ਪਰਮੇਸਰੁ ਏਕੋ ਜਾਣੈ ॥ (ਵਾਰ 12, 5)

ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ :-

ਗੁਰੂ ਨਾਨਕ ਆਮਦ ਨਰਾਇਨ ਸਰੂਪ ॥

ਅਤੇ ਫਿਰ ਇਹ ਸੋਝੀ ਪਾ ਕੇ ਕਿ ਗੁਰੂ ਸਾਹਿਬਾਨ (ਦਸੇ ਪਾਤਸ਼ਾਹੀਆਂ) ਅਤੇ ਨਿਰੰਕਾਰ ਇਕੋ ਹੀ ਹਨ, ਉਹਨਾਂ ਵੀਰਾਂ ਨੂੰ ਸਖਤ ਤਾੜਨਾ ਕਰਦੇ ਹਨ ਜੋ ਗੁਰੂ ਨੂੰ ਹੋਰ ਅਤੇ ਪਰਮੇਸ਼ਰ ਨੂੰ ਹੋਰ ਸਮਝਦੇ ਹਨ।

ਕੀ ਫੁਰਮਾਉਂਦੇ ਹਨ ?

ਜਿਨ ਕੈ ਭੀਤਰਿ ਹੈ ਅੰਤਰਾ ॥
ਜੈਸੇ ਪਸੁ ਤੈਸੇ ਓਇ ਨਰਾ ॥ (ਅੰਗ 1163)

(ਜਿਹੜੇ ਫਰਕ ਸਮਝਦੇ ਹਨ, ਉਹ ਬੰਦੇ ਨਹੀਂ ਹਨ ਪਸ਼ੂ ਹਨ)

ਸੋ ਵੀਰ ਪਹਿਲਾਂ ਤਾਂ ਆਪਾਂ ਨੂੰ ਦਸੇ ਗੁਰੂ ਸਾਹਿਬਾਨ ਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਤੇ ਵਿਸ਼ਵਾਸ਼ ਆ ਜਾਵੇ ਕਿ ਇਹ ਆਪ ਖੁਦ ਨਿਰੰਕਾਰ ਹਨ, ਬੰਦੇ ਨਹੀਂ ਹਨ, ਪੂਰਨ ਮਨੁੱਖ ਨਹੀਂ ਹਨ, ਸੰਤ ਸਿਪਾਹੀ ਨਹੀਂ ਹਨ, ਕਾਗਜ਼ ਨਹੀਂ ਹਨ, ਸ਼ਬਦ ਨਹੀਂ ਹਨ, ਫਿਰ ਆਪਾਂ ਅੱਗੇ ਵਧਣਾ ਹੈ।

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਸਤਿ ਤੇ ਜਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥
(ਅੰਗ 1226)

(ਉਹ ਜਨ ਸਤ ਹਨ, ਜਿਨ੍ਹਾਂ ਨੂੰ ਪਰਤੀਤ ਪੈਦਾ ਹੋ ਜਾਂਦੀ ਹੈ ਅਤੇ ਉਹ ਭਟਕਦੇ ਨਹੀਂ ਫਿਰਦੇ)

ਵਾਹਿਗੁਰੂ ਕਹਿਣ ਤੋਂ ਪਹਿਲਾਂ ਗੁਰੂ ਤੇ ਪ੍ਰਤੀਤ ਆਉਣੀ ਲਾਜ਼ਮੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :-

ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ ॥
(ਅੰਗ 1221)

(ਨਿਰਾ ਕਹਿਣ ਨਾਲ ਜਾਂ ਸੁਨਣ ਨਾਲ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ ਕਿਉਂਕਿ ਪ੍ਰਤੀਤ ਤੋਂ ਬਿਨਾਂ ਕਹਿਣ ਸੁਨਣ ਨਾਲ ਕੋਈ ਲਾਭ ਨਹੀਂ ਹੋ ਸਕਦਾ)

ਅੱਗੇ ਗੁਰੂ ਸਾਹਿਬ ਹੋਰ ਸਮਝਾਉਂਦੇ ਹਨ। ਫੁਰਮਾਉਂਦੇ ਹਨ ਕਿ ਜਿਸ ਨੂੰ ਪ੍ਰਤੀਤ ਆ ਗਈ, ਉਸ ਦਾ ਵਾਹਿਗੁਰੂ 2 ਕਹਿਣਾ ਠੀਕ ਹੈ ਅਤੇ ਉਸ ਨੂੰ ਦਰਗਾਹ ਵਿਚ ਮਾਨ ਵਡਿਆਈ ਮਿਲਦੀ ਹੈ। ਜਿਨ੍ਹਾਂ ਨੂੰ ਗੁਰੂ ਤੇ ਪ੍ਰਤੀਤ ਤੇ ਹੈ ਨਹੀਂ ਅਤੇ ਬਗੈਰ ਪ੍ਰਤੀਤ ਤੋਂ ਹੀ ਅੱਖਾਂ ਬੰਦ ਕਰ-ਕਰ ਕੇ ਵਾਹਿਗੁਰੂ-2 ਦੀ ਰੱਟ ਲਾਈ ਜਾਂਦੇ ਹਨ, ਉਹ ਕਪਟੀ ਹਨ ਅਤੇ ਝੂਠੇ ਹਨ :-

ਜਿਸਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ
ਦਰਗਹ ਮਾਨੁ ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀਂ ਮੀਟਦੇ ਉਨ ਕਾ
ਉਤਰਿ ਜਾਇਗਾ ਝੂਠੁ ਗੁਮਾਨੁ ॥ (ਅੰਗ 734)

ਕੀ ਨਿਚੋੜ ਨਿਕਲਿਆ ? ਪਹਿਲਾਂ ਤਾਂ ਗੁਰੂ ਸਾਹਿਬ ਤੇ ਨਿਰੰਕਾਰ ਹੋਣ ਦੀ ਪ੍ਰਤੀਤ ਲਿਆਵੋ। ਕਾਗਜ਼ ਨਾ ਸਮਝੋ। ਵਿਸ਼ਵਾਸ਼ ਦੇ ਬੇੜੇ ਸਦਾ

ਪਾਰ ਹੁੰਦੇ ਹਨ। ਧੰਨੇ ਨੇ ਇਕ ਪੱਥਰ ਤੇ ਵਿਸ਼ਵਾਸ਼ ਕਰ ਲਿਆ ਅਤੇ ਉਸ ਵਿਚੋਂ ਨਿਰੰਕਾਰ ਪ੍ਰਗਟ ਹੋ ਗਏ। (ਦੇਖੋ ਵਾਰ 10, 13)

ਅਤੇ ਇਕ ਮਿੰਟ ਲਈ ਸੋਚੋ ਕਿ ਜੇ ਆਪਾਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਤੇ ਵਿਸ਼ਵਾਸ਼ ਕਰ ਲਈਏ ਤਾਂ ਕੀ ਇਹਨਾਂ ਵਿਚੋਂ ਨਿਰੰਕਾਰ ਪ੍ਰਗਟ ਨਹੀਂ ਹੋ ਸਕਦੇ ?

ਸੋ ਵੀਰ ਪਹਿਲਾਂ ਕਰੋ ਗੁਰੂ ਸਾਹਿਬ ਦੀ ਪ੍ਰਤੀਤ ਫਿਰ ਗੁਰੂ ਦੀ ਸਿਫਤ ਕਰਨ ਲਈ ਬੋਲੋ ਵਾਹ ਅਤੇ ਕੀ ਮਿਲੇਗਾ ? ਵੀਰ ਮਿਲ ਜਾਵੇਗਾ "ਵਾਹਿਗੁਰੂ" ! ਅਤੇ ਜੇ ਵਿਸ਼ਵਾਸ਼ ਹੀ ਨਹੀਂ ਹੈ। ਗੁਰੂ ਸਾਹਿਬ ਨੂੰ ਸ਼ਬਦ ਹੀ ਸਮਝਦੇ ਹੋ ਤਾਂ ਦਾਸ ਦਾਅਵੇ ਨਾਲ ਕਹਿ ਸਕਦਾ ਹੈ ਕਿ ਭਾਵੇਂ ਜੁੱਗ ਜਨਮ ਲਾਈ ਜਾਵੋ, ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਣੀ।

ਵੀਰ, ਜਿਹੜੇ ਇਸ ਤਰ੍ਹਾਂ ਪ੍ਰਤੀਤ ਰੱਖ ਕੇ ਵਾਹੁ, ਵਾਹੁ ਕਰਦੇ ਹਨ, ਤਾਂ ਉਹਨ੍ਹਾਂ ਨੂੰ ਕੀ ਦਰਜਾ ਮਿਲ ਜਾਂਦਾ ਹੈ :-

> ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ ਕਉ ਪਰਜਾ ਪੂਜਣ ਆਈ ॥ (ਅੰਗ 514)

84 ਲੱਖ ਜੂਨ ਉਹਨਾਂ ਦੀ ਪੂਜਾ ਕਰਨ ਆਉਂਦੀ ਹੈ।

ਇਹ ਹੈ ਵਾਹਿਗੁਰੂ ਸ਼ਬਦ ਦੀ ਸਿਫਤ। ਸਾਖਿਆਤ ਨਿਰਕਾਰ ਨੂੰ ਮਿਲਾ ਦਿੰਦਾ ਹੈ। ਅਤੇ ਫਿਰ ਜਿਹੜਾ ਮਹਾਂ ਪੁਰਸ਼ ਸਾਨੂੰ ਇਹ ਉਪਰੋਕਤ ਰਸਤਾ ਦਿਖਾਉਂਦਾ ਹੈ, ਉਸ ਨੂੰ ਖੁਦ ਗੁਰੂ ਸਾਹਿਬ ਵਾਹੁ ਵਾਹੁ ਕਹਿਣ ਲੱਗ ਜਾਂਦੇ ਹਨ :-

ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ (ਅੰਗ 226)

ਸੋ ਜੇ ਪ੍ਰਤੀਤ ਨਾਲ ਵਾਹਿਗੁਰੂ ਕਹਾਂਗੇ ਤਾਂ ਉਹ ਅੰਧੇਰਾ ਜਿਸ ਵਿਚ ਸ਼ਾਖਿਆਤ ਦੇ ਦਰਸ਼ਨ ਨਹੀਂ ਹੁੰਦੇ, ਦੂਰ ਹੋ ਜਾਵੇਗਾ ਅਤੇ ਪ੍ਰਕਾਸ਼ ਹੋ ਕੇ ਸਾਖਿਆਤ ਦਰਸ਼ਨ ਹੋ ਜਾਣਗੇ।

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਦੇ ਪਹਿਲੇ ਅਧਿਆਏ ਵਿਚ ਵਾਹਿਗੁਰੂ ਸ਼ਬਦ ਬਾਰੇ ਇਸ ਤਰ੍ਹਾਂ ਲਿਖਿਆ ਹੈ :-

ਵਾਹ ਨਾਮ ਅਚਰਜ ਕੋ ਹੋਈ।<br>
ਅਚਰਜ ਤੇ ਪਰ ਉਕਤਿ ਨ ਕੋਈ।<br>
ਗੋ ਤਮ ਤਨ ਅਗਯਾਨ ਅਨਿੱਤ।<br>
ਰੂ ਪਰਕਾਸ਼ ਕਿਯੋ ਜਿਨ ਚਿੱਤ।

(ਵਾਹ ਅਚਰਜ ਰੂਪ ਹੈ ਅਤੇ ਅੰਧਕਾਰ ਵਿਚ ਪ੍ਰਕਾਸ਼ ਕਰਨ ਵਾਲਾ ਹੈ)

ਜਿਹੜਾ ਪਰਤੀਤ ਨਾਲ ਗੁਰੂ ਨੂੰ ਵਾਹ ਕਹਿੰਦਾ ਹੈ ਉਸ ਲਈ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਜੈਸੇ ਅਠਸਠਿ ਤੀਰਥ ਪਰਸ ਕੀਓ<br>
ਜੁਗ ਚਾਰ ਚੜਿਓ ਕੈਲਾਸ਼ ਰਹਿਓ ॥<br>
ਜੈਸੇ ਲਾਖ ਬਾਰ ਕੁਰਛੇਤਰ ਮੇਂ<br>
ਅਸਮੇਧ ਜਗ ਅਭੰਗ ਠਇਓ ॥<br>
ਜੈਸੇ ਕੋਟ ਬਰਸ ਤਪ ਉਰਧ ਮੁਖੀ<br>
ਬੈਸੰਤਰ ਮੇਂ ਤਨ ਦਾਹ ਦਇਓ ॥

ਫੁਨ ਅੰਮ੍ਰਿਤ ਵਿਸ਼ੇਸ਼ ਇਤੀ
ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ ॥

ਬਾਬਾ ਜੀ ਫੁਰਮਾਉਂਦੇ ਸਨ ਕਿ ਜੱਟ ਦਾ ਖਲਵਾੜਾ ਪਿਆ ਹੈ, ਉਸ ਵਿਚੋਂ ਦਾਣੇ ਕੱਢ ਕੇ ਬੋਹਲ ਲਾ ਲੈਂਦਾ ਹੈ, ਦਾਣੇ ਵੇਚ ਕੇ ਚਾਂਦੀ ਲੈ ਆਉਂਦਾ ਹੈ। ਉਸੇ ਰਕਮ ਨਾਲ ਸੋਨਾ ਖਰੀਦ ਲੈਂਦਾ ਹੈ ਜਾਂ ਉਸੇ ਰਕਮ ਨਾਲ ਹੀਰਾ ਖਰੀਦ ਲੈਂਦਾ ਹੈ।

ਖਲਵਾੜਾ, ਬੋਹਲ, ਚਾਂਦੀ, ਸੋਨਾ ਅਤੇ ਹੀਰਾ ਸਭ ਦਾ ਮੁੱਲ ਇਕੋ ਜਿਤਨਾ ਹੀ ਹੈ ਪ੍ਰੰਤੂ ਖਲਵਾੜੇ ਦਾ ਵਿਸਥਾਰ ਸਭ ਤੋਂ ਵਧ ਹੈ। ਬੋਹਲ ਦਾ ਵਿਸਥਾਰ ਘਟ ਜਾਂਦਾ ਹੈ। ਚਾਂਦੀ ਜੇਬ ਵਿਚ ਆ ਜਾਂਦੀ ਹੈ, ਸੋਨੇ ਦਾ ਵਿਸਥਾਰ ਉਸ ਤੋਂ ਘਟ ਜਾਂਦਾ ਹੈ ਅਤੇ ਹੀਰਾ ਮੁੱਠੀ ਵਿਚ ਹੀ ਆ ਜਾਂਦਾ ਹੈ। ਵਿਸਥਾਰ ਅਲੱਗ-ਅਲੱਗ ਹੈ ਪ੍ਰੰਤੂ ਮੁੱਲ ਬਰਾਬਰ ਹੈ।

ਸੋ ਬਾਬਾ ਜੀ ਫੁਰਮਾਉਂਦੇ ਸਨ "ਖਲਵਾੜਾ ਤਾਂ ਹੈ ਸਾਰੀ ਬਾਣੀ। ਬੋਹਲ ਸੁਖਮਨੀ ਸਾਹਿਬ, ਚਾਂਦੀ ਜਪੁਜੀ ਸਾਹਿਬ, ਸੋਨਾ ਪਹਿਲੀ ਪਉੜੀ ਹੈ ਅਤੇ ਹੀਰਾ ਵਾਹਿਗੁਰੂ ਸ਼ਬਦ ਹੈ।"

ਵਾਹਿਗੁਰੂ ਸ਼ਬਦ ਚੌਹਾਂ ਜੁਗਾਂ ਤੋਂ ਲੈ ਕੇ ਮੰਤਰ ਬਣਾਇਆ ਹੈ।

| | |
|---|---|
| ਸਤਿਜੁਗ ਦੇ ਅਵਤਾਰ | ਵਾਸਦੇਵ ਸਨ |
| ਦੁਆਪੁਰ ਦੇ ਅਵਤਾਰ | ਹਰੇ ਕ੍ਰਿਸ਼ਨ ਸਨ |
| ਤ੍ਰੇਤੇ ਦੇ ਅਵਤਾਰ | ਰਾਮ ਚੰਦਰ ਸਨ |
| ਕਲਜੁਗ ਦੇ ਅਵਤਾਰ | ਨਾਨਕ ਗੁਰ ਗੋਬਿੰਦ ਸਨ |

ਇਸ ਤਰ੍ਹਾਂ ਵਾਸਦੇਵ ਤੋਂ 'ਵ', ਹਰੇ ਕ੍ਰਿਸ਼ਨ ਤੋਂ, 'ਹ' ਗੋਬਿੰਦ ਤੋਂ 'ਗ' ਅਤੇ ਰਾਮ ਤੋਂ 'ਰ' ਲਿਆ ਅਤੇ ਬਣ ਗਿਆ "ਵਾਹਿਗੁਰੂ"। ਵਾਹਿਗੁਰੂ ਜਪਣ ਨਾਲ ਚਾਰੇ ਜੁਗਾਂ ਦੇ ਨਾਮ ਮਹਾਤਮ ਤੋਂ ਵੱਡਾ ਮਹਾਤਮ ਮਿਲ ਜਾਂਦਾ ਹੈ।

ਗਰੰਥਾਕਾਰ ਲਿਖਦੇ ਹਨ "ਗੁਰੂ ਨਾਨਕ ਸਾਹਿਬ ਨੇ 'ਵ', 'ਹ', 'ਗ' 'ਰ' ਦੇ ਹਰੇਕ ਅੱਖਰ ਨੂੰ ਲਿਆਉਣ ਵਾਸਤੇ ਨੌਂ-ਨੌਂ ਜੁਗ ਭਗਤੀ ਕੀਤੀ। ਇਸ ਤਰ੍ਹਾਂ ਵਾਹਿਗੁਰੂ ਦਾ ਸ਼ਬਦ ਸਾਨੂੰ ਮਿਲਿਆ। ਇਸ ਤਰ੍ਹਾਂ 36 ਜੁਗਾਂ ਦੇ ਤਪ ਦਾ ਫਲ "ਵਾਹਿਗੁਰੂ" ਨਾਮ ਵਿਚ ਹੈ।"

ਬਾਕੀ ਜਿੰਨੇ ਭੀ ਨਾਮ ਪ੍ਰਮਾਤਮਾ ਦੇ ਲਏ ਜਾਂਦੇ ਹਨ ਉਹ ਆਪਾਂ ਕੇਵਲ ਰਸਨਾਂ ਤੋਂ ਹੀ ਲੈ ਲੈਂਦੇ ਹਾਂ ਪ੍ਰੰਤੂ ਵਾਹਿਗੁਰੂ ਦਾ ਨਾਂ ਲੈਣ ਲੱਗੇ ਦੂਜੇ ਲਫਜ਼ਾਂ ਵਾਂਗ 'ਵ' ਮੂੰਹ ਵਿਚੋਂ ਨਿਕਲਦਾ ਹੈ, ਪ੍ਰੰਤੂ 'ਹ' ਦੀ ਆਵਾਜ਼ ਹਿਰਦੇ ਵਿਚੋਂ ਨਿਕਲਦੀ ਹੈ, 'ਗ' ਗਲੇ ਵਿਚੋਂ ਅਤੇ 'ਰ' ਰਸਨਾ ਵਿਚੋਂ ਨਿਕਲਦਾ ਹੈ। ਇਸ ਤਰ੍ਹਾਂ ਵਾਹਿਗੁਰੂ ਜਪਣ ਨਾਲ ਸਾਰਾ ਸਰੀਰ ਹੀ ਪਵਿੱਤਰ ਹੋ ਜਾਂਦਾ ਹੈ। ਵਾਹਿਗੁਰੂ ਲਫਜ਼ ਵਜ਼ਨਦਾਰ ਹੈ, ਭਾਰਾ ਹੈ ਅਤੇ ਇਸ ਲਈ ਇਸ ਦੇ ਜਪਣ ਦਾ ਫਲ ਭੀ ਭਾਰਾ ਹੀ ਮਿਲੇਗਾ।

★

# ਸੇਵਾ

ਕੀ ਨਾਮ ਦੀ ਪ੍ਰਾਪਤੀ ਲਈ ਸੇਵਾ ਜ਼ਰੂਰੀ ਹੈ ? ਕੀ ਸੇਵਾ ਤੋਂ ਬਗੈਰ ਨਾਮ ਨਹੀਂ ਮਿਲ ਸਕਦਾ ? ਆਪਾਂ ਦੇਖਣਾ ਹੈ ਕਿ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਇਸ ਬਾਰੇ ਆਪਾਂ ਨੂੰ ਕੀ ਅਗਵਾਈ ਦਿੰਦੇ ਹਨ। ਜੇ ਸੇਵਾ ਜ਼ਰੂਰੀ ਹੈ ਤਾਂ ਫਿਰ ਕਿਸ ਦੀ ਸੇਵਾ ਕਰਨ ਬਾਰੇ ਸਤਿਗੁਰੂ ਆਪਾਂ ਨੂੰ ਹੁਕਮ ਦਿੰਦੇ ਹਨ ? ਕੀ ਸੇਵਾ ਹਰੇਕ ਇਨਸਾਨ ਕਰ ਸਕਦਾ ਹੈ ? ਸੇਵਾ ਕਿਵੇਂ ਕਰਨੀ ਚਾਹੀਦੀ ਹੈ ? ਇਸ ਤਰ੍ਹਾਂ ਦੇ ਬਹੁਤ ਸਵਾਲ ਮੱਲੋ ਮੱਲੀ ਦਿਮਾਗ ਵਿਚ ਆਉਣੇ ਕੁਦਰਤੀ ਹੀ ਹਨ।

ਸੋ ਪਹਿਲਾਂ ਆਪਾਂ ਵੀਚਾਰ ਕਰੀਏ ਕਿ ਕੀ ਨਾਮ ਦੀ ਪ੍ਰਾਪਤੀ ਲਈ ਸੇਵਾ ਜ਼ਰੂਰੀ ਹੈ ? ਵੀਰ ਗੁਰੂ ਸਾਹਿਬ ਆਪਾਂ ਨੂੰ ਰਸਤਾ ਦਿੰਦੇ ਹਨ ਕਿ ਸੇਵਾ ਤੋਂ ਬਗੈਰ ਨਾਮ ਨਹੀਂ ਮਿਲ ਸਕਦਾ ਭਾਵੇਂ ਕੋਈ ਲੱਖ ਜਤਨ ਕਰੇ, ਲੱਖ ਮਾਲਾ ਫੇਰਦਾ ਫਿਰੇ, ਲੱਖ ਉਪਦੇਸ਼ ਕਰਦਾ ਫਿਰੇ।

ਕੀ ਫੁਰਮਾਉਂਦੇ ਹਨ ਤੀਜੇ ਪਾਤਸ਼ਾਹ :-

ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾਂ ਨਾਮੁ ਲਹੈ ॥

(ਅੰਗ 1262)

(ਜੀਭ ਨਾਲ ਹਰ ਕੋਈ ਨਾਮ ਉਚਾਰਦਾ ਹੈ ਪ੍ਰੰਤੂ ਨਾਮ ਦੀ ਪ੍ਰਾਪਤੀ ਤਦ ਹੋ ਸਕਦੀ ਹੈ ਜਦੋਂ ਸਤਿਗੁਰੂ ਦੀ ਸੇਵਾ ਕਰੇ)

ਪਹਿਲੇ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰ ਸੇਵਾ ਬਿਨੁ ਭਗਤਿ ਨ ਹੋਈ ॥ ਅਨੇਕ ਜਤਨ ਕਰੈ ਜੇ ਕੋਈ ॥
(ਅੰਗ 1342)

(ਗੁਰੂ ਦੀ ਸੇਵਾ ਬਿਨਾਂ ਭਗਤੀ ਨਹੀਂ ਹੋ ਸਕਦੀ ਭਾਵੇਂ ਕੋਈ ਅਣਗਿਣਤ ਜਤਨ ਕਰ ਲਵੇ)

ਬਾਬਾ ਈਸ਼ਰ ਸਿੰਘ ਜੀ ਮਹਾਰਾਜ ਫੁਰਮਾਉਂਦੇ ਸਨ :-

ਬਾਬਾ ਜੀ ਫੁਰਮਾਉਂਦੇ ਸਨ "ਪ੍ਰਭੂ ਦੀ ਪ੍ਰਾਪਤੀ ਲਈ ਨਾਮ ਜਪਣ ਦੇ ਨਾਲ ਨਾਲ ਸੇਵਾ ਕਰਨੀ ਭੀ ਅਤੀ ਜ਼ਰੂਰੀ ਹੈ। ਦੋ ਫੰਗਾਂ (ਪਰਾਂ) ਵਾਲਾ ਪੰਛੀ ਉਡਾਰੀ ਮਾਰ ਸਕਦਾ ਹੈ। ਇਕ ਫੰਗ ਵਾਲਾ ਪੰਛੀ ਉਡਾਰੀ ਨਹੀਂ ਮਾਰ ਸਕਦਾ। ਨਾਮ ਇਕ ਫੰਗ ਹੈ ਦੂਜਾ ਫੰਗ ਹੈ ਸੇਵਾ।

ਨਾਮ ਸਾਨੂੰ ਹੁਕਮ ਦਿੰਦਾ ਹੈ ਸੇਵਾ ਕਰਨ ਲਈ

ਅਤੇ ਸੇਵਾ ਕਰਨ ਨਾਲ ਸਾਨੂੰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।

ਨਾਮ ਤੋਂ ਸੇਵਾ ਅਤੇ ਸੇਵਾ ਤੋਂ ਨਾਮ ਮਿਲਣਾ ਹੈ।"

ਬਾਬਾ ਜੀ ਫੁਰਮਾਉਂਦੇ ਸਨ "ਰੋਟੀ ਦੋਨੋਂ ਪਾਸਿਆਂ ਤੋਂ ਪੱਕੀ ਹੋਵੇ ਤਾਂ ਫਾਇਦਾ ਕਰਦੀ ਹੈ। ਜੇ ਇਕ ਪਾਸਾ ਪੱਕਾ (ਰੜ੍ਹਿਆ) ਹੈ, ਦੂਜਾ ਕੱਚਾ ਹੈ ਤਾਂ ਫਾਇਦੇ ਦੀ ਬਜਾਏ ਨੁਕਸਾਨ ਕਰਦੀ ਹੈ।"

ਜਿਹੜੇ ਇਕੱਲ੍ਹਾ ਨਾਮ ਜਪਦੇ ਹਨ ਅਤੇ ਸੇਵਾ ਨਹੀਂ ਕਰਦੇ, ਉਹ ਗੁਰੂ ਸਾਹਿਬ ਦੇ ਹੁਕਮ ਨੂੰ ਨਹੀਂ ਮੰਨਦੇ। ਇਕੱਲੇ ਪੜ੍ਹਨ ਨਾਲ ਹੀ "ਪੱਖਾ ਫੇਰਾਂ ਪਾਣੀ ਢੋਵਾਂ ਹਰਿ ਜਨ ਕੈ ਪੀਸਣੁ ਪੀਸਿ ਕਮਾਵਾਂ ॥" (ਅੰਗ 749)

ਜਾਂ "ਪੱਖਾ ਫੇਰੀ ਪਾਣੀ ਢੋਵਾਂ ਜੋ ਦੇਵਹਿ ਸੋ ਖਾਈ" (ਅੰਗ 757)

ਪ੍ਰੇਮਗਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਾਬਾ ਜੀ ਬਚਨ ਕਰਦੇ ਸਨ "ਅਮਲ ਭੀ ਕਰੋ, ਪੱਖਾ ਫੜੋ, ਦੱਬ ਕੇ ਸੇਵਾ ਕਰੋ, ਪਾਣੀ ਢੋਵੋ।"

ਸਤਿਗੁਰ ਦੀ ਸੇਵਾ ਤਾਂ ਫਿਰ ਬਹੁਤ ਜ਼ਰੂਰੀ ਹੋਈ। ਕਈ ਵੀਰ ਗੁਰਬਾਣੀ ਪੜ੍ਹਦੇ ਹਨ, ਗੁਰਬਾਣੀ ਦਾ ਕੀਰਤਨ ਭੀ ਕਰਦੇ ਹਨ, ਗਿਆਨੀ ਬਣ ਕੇ ਲੋਕਾਂ ਨੂੰ ਉਪਦੇਸ਼ ਭੀ ਕਰਦੇ ਹਨ, ਪਰ ਜੋ ਗੁਰਬਾਣੀ ਵਿਚ ਦਰਜ ਹੈ, ਉਸ ਤੇ ਅਮਲ ਨਹੀਂ ਕਰਦੇ। ਇਸ ਨੂੰ ਕਹਿੰਦੇ ਹਨ ਬਾਣੀ ਪਪੋਲਣਾ।

ਜਿਸ ਤਰ੍ਹਾਂ ਪਿਤਾ ਪੁੱਤਰ ਨੂੰ ਮਠਿਆਈ ਲਿਆ ਕੇ ਦਿੰਦਾ ਹੈ। ਜੇ ਤਾਂ ਪੁਤਰ ਖਾ ਲੈਂਦਾ ਹੈ ਤਾਂ ਪਿਤਾ ਦਾ ਦਿਲ ਖੁਸ਼ ਹੁੰਦਾ ਹੈ ਪ੍ਰੰਤੂ ਜੇ ਮੂੰਹ ਵਿਚ ਪਾ ਕੇ ਪਪੋਲ ਕੇ ਬਾਹਰ ਸੁੱਟ ਦਿੰਦਾ ਹੈ ਤਾਂ ਪਿਤਾ ਚਪੇੜ ਮਾਰਦਾ ਹੈ ਅਤੇ ਕਹਿੰਦਾ ਹੈ ਕਿ ਤੈਨੂੰ ਖਾਣ ਵਾਸਤੇ ਦਿਤੀ ਸੀ, ਪਪੋਲਣ ਵਾਸਤੇ ਨਹੀਂ ਦਿਤੀ ਸੀ।

ਇਸੇ ਤਰ੍ਹਾਂ ਇਹ ਵੀਰ ਕਰਦੇ ਹਨ। ਗੁਰਬਾਣੀ ਤੇ ਅਮਲ ਨਹੀਂ ਕਰਦੇ। ਇਹੋ ਜਿਹੇ ਵੀਰਾਂ ਵਾਸਤੇ ਗੁਰੂ ਸਾਹਿਬ ਬੜੀ ਤਾੜਨਾ ਵਾਲੇ ਸ਼ਬਦ ਵਰਤਦੇ ਹਨ।

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥
(ਅੰਗ 43)

(ਜਿਹੜੇ ਬਾਣੀ ਨੂੰ ਬੂਝਦੇ ਨਹੀਂ, ਅਮਲ ਨਹੀਂ ਕਰਦੇ, ਪੜ੍ਹ-2 ਕੇ ਸੁਣਾਈ ਜਾਂਦੇ ਹਨ, ਉਹ ਮੂਰਖ ਹਨ, ਬੇ-ਸਮਝ ਹਨ)

ਇਹ ਵੀਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਤਿਗੁਰ ਹੀ ਨਹੀਂ ਸਮਝਦੇ ਕਲਗੀਧਰ ਪਾਤਸ਼ਾਹ ਦੇ ਹੁਕਮ "ਗੁਰੂ ਗਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ" ਨੂੰ ਉਹ ਸੁਨਣਾ ਨਹੀਂ ਚਾਹੁੰਦੇ, ਪ੍ਰਗਟ ਸਮਝ ਕੇ ਮੰਨਣਾ ਨਹੀਂ ਚਾਹੁੰਦੇ ਅਤੇ ਜੋ ਮੰਨਦੇ ਹਨ, ਉਨ੍ਹਾਂ ਨੂੰ ਕੁਰਾਹੀਏ ਕਹਿ ਕੇ ਥਕਦੇ ਨਹੀਂ। ਪ੍ਰੰਤੂ ਵੀਰ ਗੁਰੂ ਸਾਹਿਬ ਦੀ ਸੇਵਾ ਤੋਂ ਬਗੈਰ ਤਾਂ ਨਾ ਨਾਮ ਮਿਲਣਾ ਹੈ, ਨਾ ਪ੍ਰਭੂ ਮਿਲਣਾ ਹੈ, ਨਾ ਸ਼ਬਦ ਦੀ ਪ੍ਰਾਪਤੀ ਹੋਣੀ ਹੈ। ਨਿਰਾ ਸ਼ਬਦ ਸ਼ਬਦ ਦੀ ਰੱਟ ਲਾਉਣ ਨਾਲ ਤਾਂ ਕੁਝ ਨਹੀਂ ਮਿਲਣਾ। ਜੇ ਇਕ ਜ਼ਿਮੀਦਾਰ ਕਹੇ ਕਿ ਬੀ, ਬੀ ਦੀ ਰੱਟ ਲਾਉਣ ਨਾਲ ਫਸਲ ਪੈਦਾ ਹੋ ਜਾਵੇਗੀ ਤਾਂ ਗਲਤੀ ਤੇ ਹੈ। ਪਹਿਲਾਂ ਜ਼ਮੀਨ ਨੂੰ ਵਾਹੁਣਾ ਪਵੇਗਾ, ਕਰਾਹ ਲਾਉਣਾ ਪਵੇਗਾ, ਟੋਏ ਟਿੱਬੇ ਪੱਧਰ ਕਰਨੇ ਪੈਣਗੇ, ਸੁਹਾਗਾ ਲਾਉਣਾ ਪਵਗਾ, ਬੀ ਬੀਜਣਾ ਪਵੇਗਾ। ਇਥੇ ਹੀ ਬਸ ਨਹੀਂ ਮੀਂਹ, ਝੱਖੜ ਹਨ੍ਹੇਰੀਆਂ ਝੱਲਣੀਆਂ ਪੈਣਗੀਆਂ, ਫਿਰ ਭਾਵੇਂ ਇਕ ਤੋਂ ਸੌ ਦਾਣੇ ਬਣਾ ਲਵੇ। ਇਸੇ ਤਰ੍ਹਾਂ ਸ਼ਬਦ ਸ਼ਬਦ ਦੀ ਰੱਟ ਲਾਉਣ ਨਾਲ ਕੁਝ ਨਹੀਂ ਬਣ ਸਕਦਾ, ਜਦ ਤੱਕ ਕਿਸੇ ਪੂਰਨ ਮਹਾਂ ਪੁਰਸ਼ ਦੀ ਸੰਗਤ ਕਰਕੇ ਹਉਮੈ ਦੇ ਟੋਏ ਟਿੱਬੇ ਨਹੀਂ ਦੂਰ ਕਰਦਾ ਅਤੇ ਉਨ੍ਹਾਂ ਤੋਂ ਜੁਗਤੀ ਸਿੱਖ ਕੇ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਸੇਵਾ ਨਹੀਂ ਕਰਦਾ।

ਕੀ ਫੁਰਮਾਉਂਦੇ ਹਨ ਤੀਜੇ ਪਾਤਸ਼ਾਹ :-

ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ ॥
ਸਬਦੈ ਸਾਰ ਨ ਜਾਣਈ ਬਿਖੁ ਭੂਲਾ ਗਾਵਾਰੁ ॥ (ਅੰਗ 589)

(ਜਿਹੜਾ ਸਤਿਗੁਰੂ ਦੀ ਸੇਵਾ ਨਹੀਂ ਕਰਦਾ, ਉਹ ਸ਼ਬਦ ਦੀ ਸਾਰ ਨਹੀਂ ਜਾਣ ਸਕਦਾ, ਕੋਈ ਵੀਚਾਰ ਨਹੀਂ ਕਰ ਸਕਦਾ, ਉਹ ਤਾਂ ਮੂਰਖ ਹੈ ਜੋ ਭੁਲਿਆ ਫਿਰਦਾ ਹੈ)

ਫਿਰ ਫੁਰਮਾਉਂਦੇ ਹਨ ਤੀਜੇ ਪਾਤਸ਼ਾਹ :-

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚ ਹਉਮੈ ਕਰਮ ਕਮਾਹਿ ।
ਬਿਨੁ ਸਤਿਗੁਰੁ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ।
ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ, ਨਾਮੁ ਨ ਵਸੈ ਮਨ ਮਾਹਿ ॥
ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਇ ॥ (ਅੰਗ 593)

ਸੋ ਦੇਖਿਆ ਵੀਰ ਕਿੰਨੀ ਤਾੜਨਾ ਕਰ ਰਹੇ ਹਨ ਗੁਰੂ ਸਾਹਿਬ ਅਤੇ ਜਿਹੜੇ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਪੂਜਦੇ ਹਨ, ਉਨ੍ਹਾਂ ਲਈ ਕੀ ਫੁਰਮਾਉਂਦੇ ਹਨ ਗੁਰੂ ਸਾਹਿਬ :-

ਸਤਿਗੁਰ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥
(ਅੰਗ 602)

ਸੋ ਸਪੱਸ਼ਟ ਹੋ ਗਿਆ ਕਿ ਸਤਿਗੁਰੂ ਦੀ ਸੇਵਾ ਤੋਂ ਬਗੈਰ ਨਾਮ ਨਹੀਂ ਮਿਲ ਸਕਦਾ ।

ਅਤੇ ਸਤਿਗੁਰੂ ਦੀ ਸੇਵਾ ਕਰਨ ਨਾਲ ਹਰੀ ਪ੍ਰਭੂ ਭੀ ਮਿਲ ਜਾਂਦਾ ਹੈ ।

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰ ਸੇਵਾ ਤੇ ਹਰਿ ਪਾਇਐ ਜਾ ਕਉ ਨਦਰਿ ਕਰੇਇ ॥

(ਅੰਗ 90)

ਅਤੇ ਜਿਸ ਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਹੋ ਜਾਵੇ, ਉਸ ਨੂੰ ਕਿਸ ਚੀਜ਼ ਦਾ ਘਾਟਾ ?

ਕਹੁ ਨਾਨਕ ਜਿਨਿ ਠਾਕੁਰ ਪਾਇਆ ॥
ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥ (ਅੰਗ 715)

ਹੁਣ ਸਵਾਲ ਉਠਦਾ ਹੈ ਕਿ ਕਿਸ ਕਿਸ ਦੀ ਸੇਵਾ ਕਰਨ ਵਾਸਤੇ ਆਪਾਂ ਨੂੰ ਗੁਰੂ ਸਾਹਿਬ ਹੁਕਮ ਦਿੰਦੇ ਹਨ ? ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਆਪਾਂ ਗੁਰੂ ਸਾਹਿਬ ਦੇ ਹੁਕਮ ਨੂੰ ਨਹੀਂ ਮੰਨਦੇ ਅਤੇ ਆਪਣੇ ਪੁੱਤਰ, ਧੀਆਂ, ਪਤਨੀ, ਪਾਰਟੀ ਲੀਡਰਾਂ ਦੀ ਸੇਵਾ ਵਿਚ ਹੀ ਸਾਰੀ ਉਮਰ ਵਿਅਰਥ ਗਵਾ ਲੈਂਦੇ ਹਾਂ ਜਦੋਂ ਕਿ ਗੁਰੂ ਸਾਹਿਬ ਫੁਰਮਾਉਂਦੇ ਹਨ :-

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥
ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥ (ਅੰਗ 420)

ਤਦ ਫਿਰ ਆਪਾਂ ਨੂੰ ਸੇਵਾ ਕੇਵਲ ਉਹ ਕਰਨੀ ਚਾਹੀਦੀ ਹੈ, ਜਿਸ ਬਾਰੇ ਗੁਰੂ ਸਾਹਿਬ ਆਪਾਂ ਨੂੰ ਹੁਕਮ ਦਿੰਦੇ ਹਨ ।

ਕਬੀਰ ਸਾਹਿਬ ਫੁਰਮਾਉਂਦੇ ਹਨ :-

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥ (ਅੰਗ 1373)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥ (ਅੰਗ 813)

(ਸਾਧੂ ਦੇ ਦਰ ਤੇ ਜਾ ਕੇ ਝਾੜੂ ਕਰੋ ਅਤੇ ਪੱਖਾ ਝੱਲੋ)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥
ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥ (ਅੰਗ 457)

(ਹੇ ਸਖੀ ਆਓ । ਸੰਤ ਪਾਸ ਜਾ ਕੇ ਸੇਵਾ ਤੇ ਲਗੀਏ । ਉਥੇ ਜਾ ਕੇ ਚੱਕੀ ਪੀਸੀਏ, ਚਰਨ ਧੋਈਏ ਅਤੇ ਮਨ ਵਿਚੋਂ ਆਪਾ ਭਾਵ ਤਿਆਗ ਦੇਵੀਏ)

ਸੋ ਵੀਰ, ਗੁਰੂ ਸਾਹਿਬ ਹੁਕਮ ਦਿੰਦੇ ਹਨ ਕਿ ਗੁਰੂ ਦੀ ਸੇਵਾ ਕਰੋ ਅਤੇ ਸਾਧੂ ਦੀ ਸੇਵਾ ਕਰੋ । ਸਾਰੀ ਗੁਰਬਾਣੀ ਵੀਚਾਰ ਕੇ ਦੇਖੋ, ਕਿਤੇ ਨਹੀਂ ਲਿਖਿਆ ਕਿ ਲੀਡਰਾਂ ਨੂੰ ਮੱਥੇ ਟੇਕੋ ਅਤੇ ਲੀਡਰਾਂ ਦੀਆਂ ਲੱਤਾਂ ਘੁੱਟੋ ਅਤੇ ਅੱਜ ਕੱਲ ਵੇਖ ਲਵੋ ਹਾਲਤ ਆਪਣੇ ਵੀਰਾਂ ਦੀ । ਗੁਰੂ ਸਾਹਿਬ ਦੇ ਹੁਕਮ ਨੂੰ ਤਾਂ ਮੰਨਦੇ ਨਹੀਂ । ਸਾਧੂ ਦੀ ਸੰਗਤ ਕਰਦੇ ਨਹੀਂ, ਸੰਤ ਦੀ ਸੇਵਾ ਕਰਦੇ ਨਹੀਂ ਪ੍ਰੰਤੂ ਆਪਣੇ ਬੱਚਿਆਂ ਨੂੰ ਛੋਟੀ ਜਿਹੀ ਨੌਕਰੀ ਦਿਵਾਉਣ ਲਈ ਲੀਡਰਾਂ ਸਾਹਮਣੇ ਹੱਥ ਜੋੜਦੇ ਹਨ, ਉਹਨਾਂ ਨੂੰ ਝੁਕ ਝੁਕ ਕੇ ਨਮਸਕਾਰ ਕਰਦੇ ਹਨ ਅਤੇ ਉਹਨਾਂ ਦੀਆਂ ਲੱਤਾਂ ਘੁਟਦੇ ਹਨ ਪ੍ਰੰਤੂ ਵੀਰ ਪੰਜਵੇਂ ਪਾਤਸ਼ਾਹ ਕੀ ਫੁਰਮਾਉਂਦੇ ਹਨ :-

ਮਾਣਸ ਸੇਵਾ ਖਰੀ ਦੁਹੇਲੀ ॥
ਸਾਧ ਕੀ ਸੇਵਾ ਸਦਾ ਸੁਹੇਲੀ ॥ (ਅੰਗ 1182)

(ਮਨੁਖ ਦੀ ਸੇਵਾ ਬਹੁਤ ਦੁਖਦਾਇਕ ਹੈ ਅਤੇ ਸਾਧੂ ਦੀ ਸੇਵਾ ਸਦਾ ਹੀ ਸੁਖਦਾਇਕ ਹੈ)

ਫਿਰ ਅੱਗੇ ਸਵਾਲ ਉਠਦਾ ਹੈ ਕਿ ਜੇ ਗੁਰੂ ਸਾਹਿਬ ਦੀ ਅਤੇ ਪੂਰਨ ਸੰਤ ਦੀ ਸੇਵਾ ਇਤਨੀ ਸੁਖਦਾਇਕ ਹੈ ਤਾਂ ਕੀ ਹਰ ਕੋਈ ਸੇਵਾ ਕਰ ਸਕਦਾ ਹੈ ? ਉੱਤਰ ਤੁਹਾਡੇ ਸਾਹਮਣੇ ਹੀ ਹੈ। ਅੱਜ ਕੱਲ ਇਸ ਵਿਸ਼ਾਲ ਸੰਸਾਰ ਵਿਚ ਕਿੰਨੇ ਕੁ ਇਨਸਾਨ ਆਪਾਂ ਨੂੰ ਮਿਲਣਗੇ ਜੋ ਗੁਰੂ ਸਾਹਿਬ ਦੀ ਸੇਵਾ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਕਰਦੇ ਹੋਣ ਜਾਂ ਕਿਸੇ ਪੂਰਨ ਸੰਤ ਦੀ ਸੇਵਾ ਵਿਚ ਲੱਗੇ ਹੋਣ ?

ਬਹੁਤ ਥੋੜੇ ! ਇਹ ਕਿਉਂ ? ਜਦ ਗੁਰੂ ਸਾਹਿਬ ਇਤਨੀ ਵੱਡੀ ਸੋਝੀ ਪਾਉਂਦੇ ਹਨ, ਤਾਂ ਫਿਰ ਇਤਨੇ ਥੋੜੇ ਕਿਉਂ ਇਧਰ ਲੱਗੇ ਹਨ ? ਇਸ ਵਿਸ਼ੇ ਬਾਰੇ ਭੀ ਗੁਰੂ ਸਾਹਿਬ ਸਾਨੂੰ ਦਸਦੇ ਹਨ :-

ਪਹਿਲੇ ਪਾਤਸ਼ਾਹ ਫੁਰਮਾਉਂਦੇ ਹਨ :-

ਤੇਰੀ ਸੇਵਾ ਸੋ ਕਰੇ ਜਿਸਨੋ ਲੈਹਿ ਤੂ ਲਾਈ ॥ (ਅੰਗ 1011)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥
ਤਾ ਕੀ ਪੂਰਨ ਆਸ ਜਿਨ੍ਹ ਸਾਧ ਸੰਗੁ ਪਾਇਆ ॥ (ਅੰਗ 457)

ਜਿਸ ਕ ਮਸਤਿਕ ਕਰਮੁ ਹੋਇ ਸੋ ਸੇਵਾ ਲਾਗਾ ॥ (ਅੰਗ 964)

ਸੋ ਉਪਰੋਕਤ ਤੁਕਾਂ ਤੋਂ ਜ਼ਾਹਰ ਹੈ ਕਿ ਜਿਸ ਨੂੰ ਆਪ ਹੀ ਸੇਵਾ ਤੇ ਲਾ ਦੇਣ, ਉਹ ਲੱਗ ਸਕਦਾ ਹੈ ਜਾਂ ਜਿਸ ਦੇ ਮੱਥੇ ਤੇ ਲੇਖ ਚੰਗੇ

ਲਿਖੇ ਹੋਣ, ਉਹ ਲੱਗ ਸਕਦਾ ਹੈ ਪ੍ਰੰਤੂ ਲੇਖ ਲਿਖਣ ਵਾਲੇ ਭੀ ਆਪ ਹੀ ਹਨ।

ਸੋ ਵੀਰ ਇਸ ਤਰ੍ਹਾਂ ਆਪਾਂ ਨੂੰ ਜ਼ਾਹਰ ਹੋ ਗਿਆ ਕਿ ਸਾਰੇ ਸੇਵਾ ਤੇ ਕਿਉਂ ਨਹੀਂ ਲੱਗ ਸਕਦੇ। ਜਿਸ ਦੇ ਮੱਥੇ ਤੇ ਚੰਗੇ ਲੇਖ ਹੀ ਨਹੀਂ ਲਿਖੇ, ਉਹ ਤਾਂ ਸਾਧੂ ਦਾ ਨਾਂ ਸੁਣ ਕੇ ਹੀ ਲਾਲ ਪੀਲਾ ਹੋ ਜਾਂਦਾ ਹੈ ਅਤੇ ਜਿਸ ਸਾਧੂ ਦੇ ਦਵਾਰੇ ਗੁਰੂ ਸਾਹਿਬ ਸੇਵਾ ਕਰਨੀ ਮੰਗਦੇ ਹਨ, ਉਹ ਉਸ ਸਾਧੂ ਦੀ ਦਿਨ ਰਾਤ ਨਿੰਦਿਆ ਕਰਨ ਤੇ ਰਹਿੰਦਾ ਹੈ।

ਹੁਣ ਫਿਰ ਵੀਚਾਰ ਕਰਨੀ ਹੈ ਕਿ ਜਗਿਆਸੂ ਨੂੰ ਸੇਵਾ ਤੇ ਕਿਉਂ ਲਾਉਂਦੇ ਹਨ ? ਉਸ ਦੀ ਝੋਲੀਆਂ ਭਰਨ ਲਈ, ਉਸ ਨੂੰ ਬਖਸ਼ੀਸ਼ਾਂ ਦੇਣ ਲਈ, ਨੀਵੇਂ ਤੋਂ ਉੱਚਾ ਕਰਨ ਲਈ, ਨਿਥਾਵੇਂ ਤੋਂ ਥਾਂ ਵਾਲਾ ਕਰਨ ਲਈ, ਭਗਤੀ ਦਾ ਉਤਸ਼ਾਹ ਦੇਣ ਲਈ।

ਚੌਥੇ ਪਾਤਸ਼ਾਹ ਫੁਰਮਾਉਂਦੇ ਹਨ :-

ਆਪੇ ਸੇਵ ਕਰਾਇਦਾ ਪਿਆਰਾ ਆਪਿ ਦਿਵਾਵੈ ਮਾਣ ॥
(ਅੰਗ 606)

ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥
(ਅੰਗ 606)

ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ (ਅੰਗ 653)

ਕੀ ਆਪੇ ਸੇਵਾ ਤੇ ਲਾ ਦਿੰਦੇ ਹਨ ? ਉਹ ਕਿਵੇਂ ? ਵੀਰ ਘਰ ਬੈਠੇ ਬਾਂਹ ਫੜ ਕੇ ਖਿੱਚ ਕੇ ਸੇਵਾ ਤੇ ਲਾ ਲੈਂਦੇ ਹਨ। ਵਾਹ ! ਕਿੱਡੀ ਬਖਸ਼ੀਸ਼ ?

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰਿ ਬਾਂਹ ਪਕਰਿ ਪ੍ਰਭ ਸੇਵਾ ਲਾਏ ਸਦ ਦਇਆਲੁ ਹਰਿ ਢੋਲਾ ॥
(ਅੰਗ 1011)

ਵੱਡੇ ਭਾਗਾਂ ਵਾਲਾ ਸੇਵਾ ਤੇ ਲਗਦਾ ਹੈ ਪ੍ਰੰਤੂ ਬਾਬਾ ਜੀ ਫੁਰਮਾਉਂਦੇ ਸਨ ''ਭਾਗ ਭੀ ਬਣਾਇਆਂ ਬਣਦੇ ਹਨ। ਘਰ ਬੈਠਿਆਂ ਭਾਗ ਭੀ ਨਹੀਂ ਬਣਦੇ। ਰੋਟੀ ਖਾਣ ਲਈ ਭੀ ਉੱਦਮ ਕਰਨਾ ਪੈਂਦਾ ਹੈ। ਆਪਣੇ ਆਪ ਬੁਰਕੀ ਮੂੰਹ ਵਿਚ ਨਹੀਂ ਪੈ ਜਾਂਦੀ।''

ਬੰਦਾ ਸਤਿਸੰਗ ਵਿਚ ਪੂਰਬਲੇ ਕਰਮਾਂ ਨਾਲ ਪਹੁੰਚਦਾ ਹੈ ਅਤੇ ਉਥੇ ਜਾ ਕੇ ਉਦਮ ਕਰੇ। ਆਪਣੇ ਪੁੰਨ ਵਧਾਵੇ, ਵਧ ਵਧ ਕੇ ਸੇਵਾ ਕਰੇ ਤਾਂ ਤਰੱਕੀ ਹੋ ਜਾਂਦੀ ਹੈ। ਸਤ ਸੰਗਤ ਵਿਚ ਜਾ ਕੇ ਤਰੱਕੀ ਤਾਂ ਹੁੰਦੀ ਹੈ ਜੇ ਕੋਈ ਜਗਿਆਸੂ ਆਪਣੇ ਕੀਤੇ ਪਾਪਾਂ ਤੇ ਰੋਵੇ। ਬਾਬਾ ਜੀ ਫੁਰਮਾਉਂਦੇ ਸਨ ''ਫੁਰਨੇ ਖਤਮ ਨਹੀਂ ਕਰਨੇ। ਫੁਰਨੇ ਤਾਂ ਅਖੀਰ ਤੱਕ ਬਣਦੇ ਰਹਿੰਦੇ ਹਨ। ਸੋ ਭਾਈ ਤਰੱਕੀ ਇਸ ਤਰ੍ਹਾਂ ਹੁੰਦੀ ਹੈ ਚੰਗੇ ਫੁਰਨੇ ਵਧਾਈ ਜਾਵੋ ਅਤੇ ਮੰਦੇ ਫੁਰਨੇ ਘਟਾਈ ਜਾਵੋ। ਇਸ ਤਰ੍ਹਾਂ ਪੁੰਨ ਵਧ ਜਾਣਗੇ ਅਤੇ ਪਾਪ ਘਟ ਜਾਣਗੇ।''

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸ਼ਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ (ਅੰਗ 1381)

ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥
(ਅੰਗ 1112)

ਪ੍ਰੰਤੂ ਜੇ ਬੈਠ ਕੇ ਇਹੀ ਕਹਿੰਦਾ ਰਹੇ "ਭਾਗਾਂ ਵਾਲੇ ਸੇਵਾ ਕਰਦੇ ਹਨ। ਮੇਰੇ ਇਤਨੇ ਭਾਗ ਕਿਥੇ ? ਤਾਂ ਫਿਰ ਪੁੰਨ ਘਟ ਜਾਂਦੇ ਹਨ ਅਤੇ ਫਿਰ ਗੁਰੂ ਨੂੰ ਦੋਸ਼ ਨਾ ਦੇਵੇ। ਜੇ ਉਤਸ਼ਾਹ ਨਾਲ ਸੇਵਾ ਕਰੇਗਾ ਤਾ ਜਿਹੜੀ ਚੀਜ਼ ਦੀ ਪ੍ਰਾਪਤੀ ਨਾਮ ਜਪਣ ਨਾਲ ਹੋਣੀ ਹੈ ਉਹ ਸੇਵਾ ਕੀਤਿਆਂ ਹੋ ਸਕਦੀ ਹੈ।

ਕਲਗੀਧਰ ਪਾਤਸ਼ਾਹ ਅਨਦਪੁਰ ਸਾਹਿਬ ਬਿਰਾਜਮਾਨ ਸਨ। ਕਿਲੇ ਦੀ ਸੇਵਾ ਚੱਲ ਰਹੀ ਸੀ। ਇਕ ਸਾਧੂ ਪਾਤਸ਼ਾਹ ਦੇ ਦਰਸ਼ਨਾਂ ਲਈ ਆਇਆ। ਜਦ ਉਸ ਨੇ ਇਤਨੀ ਸੇਵਾ ਚਲਦੀ ਦੇਖੀ ਤਾਂ ਸੋਚਣ ਲੱਗਾ ਕਿ ਇਹਨਾਂ ਵਿਚ ਸ਼ਕਤੀ ਨਹੀਂ ਹੈ। ਇਹਨਾਂ ਨੂੰ ਕੀ ਲੋੜ ਹੈ ਇਸ ਤਰਾਂ ਇਤਨੀ ਸੇਵਾ ਕਰਵਾਉਣ ਦੀ ? ਇਹਨਾਂ ਨੂੰ ਤਾਂ ਚਾਹੀਦਾ ਹੈ ਕਿ ਭਗਤੀ ਕਰੀ ਜਾਣ। ਖੈਰ ਪਿਛੇ ਮੁੜਨ ਦੀ ਬਜਾਏ ਉਸ ਨੇ ਦਰਸ਼ਨਾਂ ਲਈ ਬੇਨਤੀ ਕਰ ਦਿਤੀ। ਗੁਰੂ ਸਾਹਿਬ ਨੇ ਸਿੱਖ ਨੂੰ ਬਚਨ ਕਰਕੇ ਭੇਜਿਆ ਕਿ ਸੰਤਾਂ ਦਾ ਇਸ਼ਨਾਨ ਕਰਵਾਓ। ਜਲ ਪਾਣੀ ਛਕਾਓ, ਆਰਾਮ ਲਈ ਕਮਰਾ ਦੇਵੋ ਅਤੇ ਦਰਸ਼ਨ ਸ਼ਾਮ ਨੂੰ ਹੋਣਗੇ।

ਇਸੇ ਤਰ੍ਹਾਂ ਹੀ ਹੋਇਆ। ਉਸ ਮਹਾਂ ਪੁਰਸ਼ ਨੂੰ ਆਰਾਮ ਕਰਦੇ-2 ਨੀਂਦ ਆ ਗਈ ਤਾਂ ਉਸ ਨੇ ਇਸ ਤਰ੍ਹਾਂ ਇਕ ਸੁਪਨਾ ਦੇਖਿਆ :-

ਇਕ ਜੰਗਲ ਦੇ ਵਿਚ ਇਕ ਰਾਹੀ ਤੁਰਿਆ ਜਾਂਦਾ ਹੈ, ਜਦੋਂ ਕਿ ਬਾਰਸ਼ ਹੋਣ ਲੱਗ ਪਈ ਅਤੇ ਨਾਲ ਗੜੇ ਪੈਣੇ ਭੀ ਸ਼ੁਰੂ ਹੋ ਗਏ। ਰਾਹੀ ਭੱਜ ਕੇ ਇਕ ਗੁਫਾ ਵਿਚ ਵੜ ਗਿਆ। ਉਹ ਗੁਫਾ ਇਕ ਸ਼ੇਰ ਦੀ ਸੀ ਜੋ ਕਿ ਬਾਹਰ ਜੰਗਲ ਵਿਚ ਗਿਆ ਹੋਇਆ ਸੀ। ਗੜਿਆਂ ਤੋਂ ਡਰਦਾ ਉਹ ਵੀ ਗੁਫਾ ਵੱਲ ਭੱਜਿਆ ਆਇਆ। ਜਦ ਗੁਫਾ ਵਿਚ ਵੜਨ ਲੱਗਿਆ ਤਾਂ

ਉਸ ਨੇ ਗੁਫਾ ਅੰਦਰ ਇਕ ਆਦਮੀ ਦੇਖਿਆ। ਹੁਣ ਉਸ ਦੇ ਦਿਲ ਅੰਦਰ ਦੋ ਖਿਆਲ ਆਏ। ਇਕ ਤਾਂ ਇਹ ਸੀ ਕਿ ਸ਼ਿਕਾਰ ਆਪਣੇ ਆਪ ਹੀ ਗੁਫਾ ਵਿਚ ਆ ਗਿਆ ਹੈ। ਚਲੋ ਮਾਰ ਕੇ ਖਾ ਲੈਂਦਾ ਹੈ ਅਤੇ ਦੂਜਾ ਇਹ ਕਿ ਜੇ ਮੈਂ ਗੁਫਾ ਦੇ ਅੰਦਰ ਦਾਖਲ ਹੋ ਜਾਵਾਂ ਅਤੇ ਇਸ ਆਦਮੀ ਨੂੰ ਨਾ ਭੀ ਖਾਵਾਂ ਤਾਂ ਭੀ ਇਹ ਮੇਰੇ ਤੋਂ ਡਰਦਾ ਬਾਹਰ ਨੂੰ ਭੱਜ ਲਵੇਗਾ ਅਤੇ ਗੜਿਆਂ ਨਾਲ ਮਰ ਜਾਵੇਗਾ। ਸੋ ਸ਼ੇਰ ਨੇ ਘਰ ਆਏ ਪ੍ਰਾਹੁਣੇ ਦੀ ਸੇਵਾ ਕਰਨੀ ਚਾਹੀ ਅਤੇ ਅੰਦਰ ਨਹੀਂ ਗਿਆ। ਗੜੇ ਬਹੁਤ ਪੈ ਰਹੇ ਸਨ। ਜਿਸ ਕਰ ਕੇ ਸ਼ੇਰ ਮਰ ਗਿਆ।

ਸ਼ੇਰ ਦਾ ਬਿਬਾਨ ਧਰਮਰਾਜ ਦੇ ਸਾਹਮਣੇ ਪੇਸ਼ ਹੋਇਆ। ਧਰਮਰਾਜ ਨੇ ਬਚਨ ਕੀਤੇ "ਇਸ ਸ਼ੇਰ ਨੂੰ ਦੇਵਤਿਆਂ ਦੀ ਜੂਨ ਵਿਚ ਪਾ ਦੇਵੋ।" ਸੋ ਉਸ ਨੂੰ ਮਹੱਲਾਂ ਵਿਚ ਪੁਚਾ ਦਿਤਾ ਗਿਆ। ਹੁਣ ਉਹ ਝੂਲੇ ਵਿਚ ਬੈਠਾ ਹੈ ਅਤੇ ਪਰੀਆਂ ਉਸ ਨੂੰ ਝੂਟੇ ਦੇ ਰਹੀਆਂ ਹਨ।

ਇਤਨੀ ਦੇਰ ਨੂੰ ਪਾਤਸ਼ਾਹ ਦੇ ਹਜ਼ੂਰੀਏ ਨੇ ਆ ਕੇ ਜਗਾ ਦਿਤਾ ਅਤੇ ਉਸ ਨੂੰ ਦੱਸਿਆ ਕਿ ਪਾਤਸ਼ਾਹ ਬੁਲਾ ਰਹੇ ਹਨ।

ਉਹ ਸਾਧੂ ਉਠਿਆ। ਜਾ ਕੇ ਕਲਗੀਧਰ ਪਾਤਸ਼ਾਹ ਨੂੰ ਮੱਥਾ ਟੇਕਿਆ। ਪਾਤਸ਼ਾਹ ਨੇ ਪੁਛਿਆ ਕਿ ਕੋਈ ਨਜ਼ਾਰਾ ਦੇਖਿਆ ਹੈ ? ਤਾਂ ਸਾਧੂ ਨੇ ਸਾਰਾ ਸੁਪਨਾ ਸੁਣਾਇਆ। ਪਾਤਸ਼ਾਹ ਨੇ ਪੁਛਿਆ ਕਿ ਕੀ ਕੋਈ ਸੋਝੀ ਪਈ ਹੈ ? ਤਾਂ ਸਾਧੂ ਨੇ ਕਿਹਾ "ਨਹੀਂ ਜੀ।"

ਪਾਤਸ਼ਾਹ ਮੁਸਕਰਾਏ ਅਤੇ ਬਚਨ ਕੀਤੇ "ਮਹਾਂ ਪੁਰਸ਼! ਉਸ ਸ਼ੇਰ ਨੇ ਥੋੜੀ ਦੇਰ ਦੀ ਸੇਵਾ ਇਕ ਮਨੁੱਖ ਦੀ ਕੀਤੀ ਅਤੇ ਉਹ ਪਸ਼ੂ ਤੋਂ ਮਨੁੱਖ

ਤਾਂ ਇਕ ਪਾਸੇ ਰਿਹਾ, ਦੇਵਤਾ ਬਣ ਗਿਆ। ਇਹ ਜੋ ਇੱਟਾਂ ਅਸੀਂ ਲਵਾ ਰਹੇ ਹਾਂ, ਇਹ ਗੁਰਦਵਾਰੇ ਅਤੇ ਕਿਲੇ ਅਸੀਂ ਨਾਲ ਨਹੀਂ ਲੈ ਕੇ ਜਾਣੇ। ਇਹ ਸਭ ਸੇਵਾ ਸੰਗਤਾਂ ਦੇ ਪੁੰਨ ਵਧਾਉਣ ਲਈ ਕਰ ਰਹੇ ਹਾਂ। ਕਲਜੁਗ ਵਿਚ ਨਾਮ ਜਪਣਾ ਔਖਾ ਹੈ।

ਆਖਣਿ ਅਉਖਾ ਸਾਚਾ ਨਾਉਂ ॥ (ਆਸਾ ਮਹਲਾ ਪਹਿਲਾ)

ਇਸ ਲਈ ਇਹ ਸੇਵਾ ਸ਼ੁਰੂ ਕੀਤੀ ਹੈ।"

ਸਾਧੂ ਦੇ ਸ਼ੰਕੇ ਦੂਰ ਹੋ ਗਏ ਅਤੇ ਉਸ ਨੇ ਪਾਤਸ਼ਾਹਾਂ ਦੇ ਚਰਨਾਂ ਤੇ ਲੰਮੇ ਪੈ ਕੇ ਮੱਥਾ ਟੇਕਿਆ।

ਹੁਣ ਇਹ ਤਾਂ ਗੁਰਬਾਣੀ ਦੁਆਰਾ ਪਤਾ ਲੱਗ ਗਿਆ ਕਿ ਸੇਵਾ ਗੁਰੂ ਜਾਂ ਸਾਧੂ ਦੀ ਕਰਨੀ ਚਾਹੀਦੀ ਹੈ। ਕਿਹੜਾ ਸਾਧੂ ? ਜਿਸ ਦਾ ਸਵਾਸ ਸਵਾਸ ਬਾਣੀ ਨਾਲ ਮਿਲ ਕੇ ਆਉਂਦਾ ਹੋਵੇ। ਕੀ ਪਛਾਣ ਹੈ ? (ਕ੍ਰਿਪਾ ਕਰਕੇ ਦਾਸ ਦੀ ਲਿਖੀ ਕਿਤਾਬ "ਪੂਰਨ ਸੰਤ ਕੌਣ ਤੇ ਕਿਥੇ ?" ਪੜ੍ਹੋ)। ਤਾਂ ਫਿਰ ਹੁਣ ਪ੍ਰਸ਼ਨ ਉਠਦਾ ਹੈ ਕਿ ਸੇਵਾ ਕਿਵੇਂ ਕਰਨੀ ਚਾਹੀਦੀ ਹੈ ?

ਬਾਬਾ ਈਸ਼ਰ ਸਿੰਘ ਜੀ ਮਹਾਰਾਜ ਫੁਰਮਾਉਂਦੇ ਸਨ :-

"ਸੇਵਕ ਦਰ ਖੜਾ ਸੇਵਾ ਕਰੇ। ਸਦਾ ਤ਼ਿਆਰ ਬਰ ਤਿਆਰ ਰਹੇ। ਇਤਨਾ ਹੁਸ਼ਿਆਰ ਹੋਣਾ ਚਾਹੀਦਾ ਹੈ ਕਿ ਜ਼ਰਾ ਇਸ਼ਾਰੇ ਨਾਲ ਭੱਜ ਕੇ

ਆਵੇ। ਮਹਾਂ ਪੁਰਸ਼ਾਂ ਦੇ ਇਸ਼ਾਰੇ ਹੀ ਹੁੰਦੇ ਹਨ। ਨੱਸਣਾ ਭੱਜਣਾ ਭੀ ਆਲਸ ਹੀ ਹੈ। ਹਵਾ ਵਾਂਗੂ ਉਥੇ ਤੇ ਇਥੇ ਹੋਵੇ, ਉਹ ਸੇਵਕ ਹੈ। ਫਿਰ ਮਾਨ ਨਾ ਕਰੇ ਕਿ ਮੈਂ ਇਤਨੀ ਸੇਵਾ ਕੀਤੀ। ਸੇਵਾ ਕਰਕੇ ਭੀ ਕਹੇ ਕਿ ਮੈਂ ਅਣਜਾਣ ਹਾਂ ਹੇ ਮਾਲਕ ਮਨਜ਼ੂਰ ਕਰ ਲਵੀਂ। ਮਾਣ ਬਿਲਕੁਲ ਨਹੀਂ ਆਉਣਾ ਚਾਹੀਦਾ। ਜੇ ਤਾੜਨਾ ਹੁੰਦੀ ਹੈ ਤਾਂ ਕਮਜ਼ੋਰੀ ਕੱਢਣ ਲਈ ਹੈ। ਵਿਚਾਰ ਨਾਲ ਸਮਝੇ।"

ਫਿਰ ਬਾਬਾ ਜੀ ਫੁਰਮਾਉਂਦੇ ਸਨ :-

"ਸੇਵਕ ਕੀ ਤੇ ਆਰਾਮ ਕੀ ?

ਅਤੇ ਭਿਖਾਰੀ ਕੀ ਤੇ ਮਾਨ ਕੀ ?"

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਢਾਢੀ ਤਿਸਨੋ ਆਖੀਐ ਜਿ ਖਸਮੈ ਧਰੇ ਪਿਆਰੁ ॥
ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥ (ਅੰਗ 516)

ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥
(ਅੰਗ 139)

ਤੀਜੇ ਪਾਤਸ਼ਾਹ ਨੇ ਆਪਣੇ ਦੋਨੋਂ ਪੁੱਤਰਾਂ ਅਤੇ ਦੋਨੋਂ ਜੁਆਈਆਂ ਨੂੰ ਥੜੇ ਬਨਾਉਣ ਦਾ ਹੁਕਮ ਕੀਤਾ। ਸਾਰਿਆਂ ਨੇ ਥੜੇ ਬਣਾ ਦਿਤੇ। ਗੁਰੂ ਸਾਹਿਬ ਆਏ ਅਤੇ ਥੜੇ ਦੇਖ ਕੇ ਬਚਨ ਕੀਤਾ "ਥੜੇ ਠੀਕ ਨਹੀਂ ਬਣੇ,

ਢਾਹ ਕੇ ਫਿਰ ਬਣਾਵੋ।" ਸਾਰਿਆਂ ਨੇ ਫਿਰ ਬਣਾ ਦਿਤੇ। ਅਤੇ ਗੁਰੂ ਸਾਹਿਬ ਨੇ ਫਿਰ ਢਹਾ ਦਿਤੇ। ਇਸੇ ਤਰ੍ਹਾਂ ਵਾਰ ਵਾਰ ਹੋਇਆ ਤਾਂ ਸਭਨਾਂ ਇਕ ਪੁੱਤਰ ਤੋਂ ਬਾਕੀ ਗੁਰੂ ਸਾਹਿਬ ਦੀ ਵਡੇਰੀ ਉਮਰ ਹੋਣ ਦੀਆਂ ਗੱਲਾਂ ਕਰਕੇ ਬੇਅਦਬੀ ਦੇ ਲਫਜ਼ ਬੋਲੇ ਪ੍ਰੰਤੂ ਇਕ ਪੁੱਤਰ ਹਰ ਵਾਰੀ ਬੋਲਿਆ "ਜੀ ਭੁੱਲ ਹੋ ਗਈ। ਮੈਂ ਅਣਜਾਣ ਹਾਂ। ਬਖਸ਼ ਦੇਵੋ" ਦੂਜਿਆਂ ਨੇ ਕਿਹਾ "ਜਿਵੇਂ ਕਿਹਾ ਸੀ, ਉਵੇਂ ਕੀਤਾ ਹੈ।" ਉਹਨਾਂ ਨੇ ਨਰਾਜ਼ਗੀ ਲੇ ਲਈ। ਅਤੇ ਆਗਿਆਕਾਰ ਪੁੱਤਰ ਨੂੰ ਪਦਵੀ ਮਿਲੀ। ਚੌਥੇ ਪਾਤਸ਼ਾਹ ਬਣ ਗਏ।

ਬਾਬਾ ਜੀ ਫੁਰਮਾਉਂਦੇ ਸਨ "ਜੋ ਸਾਹਮਣੇ ਹੀ ਬੋਲੀ ਜਾਂਦਾ ਹੈ, ਉਹ ਪਿੱਠ ਪਿਛੇ ਕੀ ਕਰਦਾ ਹੋਵੇਗਾ। ਉਹ ਤਾਂ ਬੇ ਇਤਬਾਰਾ ਬਣ ਜਾਂਦਾ ਹੈ।"

ਦੂਜੇ ਪਾਤਸ਼ਾਹ ਫੁਰਮਾਉਂਦੇ ਹਨ :-

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ (ਅੰਗ 474)

(ਮਾਲਕ ਨੂੰ ਸਲਾਮ ਭੀ ਕਰਦਾ ਹੈ ਅਤੇ ਜਵਾਬ ਭੀ ਦਿੰਦਾ ਹੈ। ਇਹ ਤਾਂ ਦੋਨੋਂ ਗੱਲਾਂ ਝੂਠੀਆਂ ਹਨ। ਇਹੋ ਜਿਹੇ ਲਈ ਕੋਈ ਥਾਂ ਨਹੀਂ)

ਹਾਂ ਜੀ ਫਿਰ ਸੇਵਕ ਕਿਹੋ ਜਿਹਾ ਹੋਣਾ ਚਾਹੀਦਾ ਹੈ ?

ਤੀਜੇ ਪਾਤਸ਼ਾਹ ਫਿਰ ਫੁਰਮਾਉਂਦੇ ਹਨ :-

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
(ਅੰਗ 1247)

ਪਹਿਲੇ ਪਾਤਸ਼ਾਹ ਫੁਰਮਾਉਂਦੇ ਹਨ :-

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
(ਅੰਗ 558)

ਪਾਣੀ ਪੱਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥
ਰਾਜ ਮਿਲਖ ਸਿਕਦਾਰੀਆ ਅਗਨਿ ਮਹਿ ਜਾਲੁ ॥ (ਅੰਗ 811)

(ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ ਪ੍ਰਭੂ ਦੇ ਦਾਸਾਂ ਪਾਸ ਜਾ ਕੇ ਮੈਂ ਪਾਣੀ ਭਰਾਂ, ਪੱਖਾ ਝੱਲਾਂ, ਦਾਣੇ ਪੀਸਾਂ ਅਤੇ ਰਾਜ, ਜਗੀਰ ਤੇ ਸਰਦਾਰੀਆਂ ਅੱਗ ਵਿਚ ਸਾੜ ਦੇਵਾਂ)

ਹੁਣ ਇਥੇ ਦੋ ਚੀਜ਼ਾਂ ਆਈਆਂ ਹਨ।

1. ਸਿਰ ਉਤਾਰ ਕੇ ਸੇਵਾ ਕਰੇ।

2. ਰਾਜ ਭਾਗ ਧਨ ਸਰਦਾਰੀਆਂ ਅਗਨੀ ਵਿਚ ਸੁਟ ਦੇਵੇ।

1. ਕਿਹੜਾ ਸਿਰ ਉਤਾਰਨਾ ਹੈ ? ਜੇ ਲਫਜ਼ੀ ਅਰਥ ਲਈਏ ਤਾਂ ਸਿਰ ਲਾਹ ਕੇ ਫਿਰ ਸੇਵਾ ਕਿਵੇਂ ਹੋ ਸਕਦੀ ਹੈ ?

ਤੀਸਰੇ ਪਾਤਸ਼ਾਹ ਸਪੱਸ਼ਟ ਕਰਦੇ ਹਨ :-

ਸਤਿਗੁਰ ਸੇਵੈ ਆਪੁ ਗਵਾਇ ॥ ਹਉ ਤਿਨ ਜਨ ਕੈ ਸਦ ਲਾਗਉ ਪਾਇ ॥ (ਅੰਗ 1262)

ਹਉਮੈ ਵਿਚਿ ਸੇਵਾ ਨ ਹੋਵਈ ਤਾਂ ਮਨ ਬਿਰਥਾ ਜਾਇ ॥
(ਅੰਗ 560)

ਮਤਲਬ ਤਨ, ਮਨ, ਧਨ ਦੇ ਕੇ ਇਹਨਾਂ ਤਿੰਨਾਂ ਨੂੰ ਦੇਣ ਵਾਲੀ ਚੀਜ਼ ਜੋ ਹੈ, ਉਹ ਭੀ ਦੇ ਦੇਵੇ। ਜਦ ਤਕ ਉਹ ਨਹੀਂ ਦਿਤੀ ਤਦ ਤਕ ਤਨ, ਮਨ, ਧਨ ਦੀ ਸੇਵਾ ਬੇਅਰਥ ਹੈ। ਉਹ ਕਿਹੜੀ ਸ਼ੈਅ ਹੈ ? "ਆਪਾ" ਜਾਂ "ਮੈਂ"

ਤੂੰ "ਮੈਂ" ਦੇ ਦੇ ਅਤੇ "ਮੈਂ" ਦੇ ਵੱਟੇ ਤੈਨੂੰ "ਤੂੰ" ਮਿਲ ਜਾਵੇਗਾ। "ਮੈਂ" ਵਾਲਾ ਸਿਰ ਵੱਢਣਾ ਹੈ।

2. ਜੇ ਰਾਜ, ਭਾਗ, ਧਨ, ਸਰਦਾਰੀਆਂ ਅਗਨੀ ਵਿਚ ਹੀ ਸੁਟ ਦਿਤੀਆਂ ਤਾਂ ਫਿਰ ਸੇਵਾ ਕਿਵੇਂ ਕਰ ਸਕਦੇ ਹਾਂ ? ਇਹ ਚੀਜ਼ਾਂ, ਇਹ ਦਾਤਾਂ ਤਾਂ ਸਾਨੂੰ ਗੁਰੂ ਸਾਹਿਬ ਦਿੰਦੇ ਹਨ ਅਤੇ ਸਾਡਾ ਅਹੰਰੋਗ ਕੱਟ ਕੇ ਸਾਨੂੰ ਰਾਜਾ ਅਤੇ ਜੋਗੀ ਬਣਾਉਂਦੇ ਹਨ। ਸੋ ਕਿਹੜੀ ਅਗਨੀ ਵਿਚ ਸੁਟਣੀਆਂ ਹਨ ਇਹ ਚੀਜ਼ਾਂ ? ਬ੍ਰਹਮ ਅਗਨੀ ਵਿਚ। ਉਹ ਕਿਵੇਂ ? ਇਤਨਾ ਕੁਝ ਹੁੰਦੇ ਹੋਏ ਭੀ ਬੇਨਤੀ ਕਰਨੀ। "ਸੱਚੇ ਪਾਤਸ਼ਾਹ, ਮੈਂ ਭੀ ਤੁਹਾਡਾ, ਰਾਜ ਭੀ ਤੁਹਾਡਾ, ਧਨ ਭੀ ਤੁਹਾਡਾ, ਸਰਦਾਰੀਆਂ ਭੀ ਤੁਸੀਂ ਹੀ ਬਖਸ਼ੀਆਂ ਹਨ।" ਇਸ ਤਰ੍ਹਾਂ ਕਰੇ ਸੇਵਾ ਤਾਂ ਲੇਖੇ ਵਿਚ ਪੈ ਜਾਂਦੀ ਹੈ।

ਹੁਣ ਜਿਸ ਨੇ ਤਨ, ਮਨ, ਧਨ ਤੇ ਆਪਾ ਦੇ ਦਿਤਾ ਤਾਂ ਉਹ ਸੇਵਕ ਦੀ ਪਦਵੀ ਤੇ ਪਹੁੰਚਦਾ ਹੈ। ਕਹਿ ਲੈਣਾ ਸੌਖਾ ਹੈ, ਕਮਾਈ ਕਰਨੀ ਔਖੀ ਹੈ।

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਪ੍ਰਭ ਦੇਇ ਸਦੇਸਾ ॥
(ਅੰਗ 247)

ਫਿਰ ਗੁਰੂ ਸਾਹਿਬ ਕੀ ਕਰਦੇ ਹਨ ? ਜਿਹੜੇ ਸੇਵਕ ਉਪਰਲੀ ਮੰਜ਼ਲ ਤੇ ਪਹੁੰਚ ਜਾਂਦੇ ਹਨ, ਉਹਨਾਂ ਨੂੰ ਗੁਰੂ ਸਾਹਿਬ ਆਪਣੇ ਪਾਸ ਰਖਦੇ ਹਨ, ਦੂਜਿਆਂ ਨੂੰ ਹੋਰ ਕਾਰ ਤੇ ਲਾ ਛਡਦੇ ਹਨ।

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥
(ਅੰਗ 648)

ਸੇਵਕ ਸੇਵਹਿ ਕਰਹਿ ਅਰਦਾਸਿ ॥
ਤੂ ਆਪੇ ਮੇਲਿ ਬਹਾਲਹਿ ਪਾਸ ॥ (ਅੰਗ 1067)

ਜਿਹੜਾ ਆਪਾ ਨਿਵਾਰ ਦੇਵੇ ਤਾਂ ਫਿਰ ਗੁਰੂ ਸਾਹਿਬ ਉਸ ਸੇਵਕ ਨੂੰ ਸ੍ਰਿਸ਼ਟੀ ਦਾ ਰਾਜ ਦੇ ਦਿੰਦੇ ਹਨ :-

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥

ਇਉ ਗੁਰਮੁਖਿ ਆਪਿ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
(ਅੰਗ 648)

(ਜਿਵੇਂ ਹਾਥੀ ਦਾ ਸਿਰ ਕੁੰਡੇ ਥੱਲੇ ਹੁੰਦਾ ਹੈ ਅਤੇ ਅਹਿਰਣ ਹਥੌੜੇ ਥੱਲੇ ਹੁੰਦੀ ਹੈ। ਇੰਜ ਗੁਰੂ ਦੇ ਹੁਕਮ ਨੂੰ ਮੰਨ ਕੇ ਮਨ, ਤਨ ਤੇ ਆਪਾ ਖਤਮ ਕਰ ਦੇਵੇ, ਤਾਂ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਬਣ ਜਾਂਦਾ ਹੈ)

ਤੀਜੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਜੇ ਆਪਾ ਭਾਵ ਗੁਆ ਕੇ ਸੇਵਾ ਕਰਨ ਵਾਲਾ ਮੈਨੂੰ ਮਿਲ ਜਾਵੇ ਤਾਂ ਮੈਂ ਸਦਾ ਹੀ ਉਸ ਦੇ ਚਰਨੀ ਲੱਗਿਆ ਰਹਾਂ :-

ਸਤਿਗੁਰ ਸੇਵੇ ਆਪੁ ਗਵਾਏ ॥ ਹਉ ਤਿਨ ਜਨ ਕੇ ਸਦ ਲਾਗਉ ਪਾਇ ॥
(ਅੰਗ 1262)

ਹੁਣ ਕਈ ਵੀਰ ਬੜੀ ਠੁੱਕ ਨਾਲ ਗੱਜ ਬੱਜ ਕੇ ਪੜ੍ਹਦੇ ਹਨ :-

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥ ਰਹਾਉ ॥
ਤਿਸ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥

ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕੁ ਪਰਸਣਿ ਆਵੈ ॥
(ਅੰਗ 403)

(ਜਿਥੇ ਕਿਤੇ ਸੇਵਕ ਦਾ ਕੰਮ ਹੋਵੇ, ਉਹ ਦੌੜਿਆ ਆਉਂਦਾ ਹੈ। ਸੇਵਕ ਨੂੰ ਨੇੜੇ ਹੋ ਕੇ ਦਰਸ਼ਨ ਦਿੰਦਾ ਹੈ। ਜੋ ਬੇਨਤੀ ਸੇਵਕ ਕਰਦਾ ਹੈ ਉਹ ਇਕ ਦਮ ਮਨਜ਼ੂਰ ਹੋ ਜਾਂਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਮੈਂ ਇਹੋ ਜਿਹੇ ਸੇਵਕ ਦੇ ਦਰਸ਼ਨ ਕਰਨ ਆਉਂਦਾ ਹਾਂ)

ਹਾਂ ਜੀ ਗੁਰੂ ਸਾਹਿਬ ਭੀ ਸੇਵਕ ਦੇ ਦਰਸ਼ਨਾਂ ਨੂੰ ਦੌੜੇ ਆਉਂਦੇ ਹਨ ਪ੍ਰੰਤੂ ਸੇਵਕ ਦਾ ਭੀ ਫਰਜ਼ ਹੈ। ਜਿਥੇ ਮਾਲਕ ਡਿਊਟੀ ਲਾ ਦੇਵੇ, ਉਥੇ ਭੱਜ ਭੱਜ ਕੇ ਸੇਵਾ ਕਰੇ। ਤਨ, ਮਨ, ਧਨ ਤੇ ਆਪਾ ਵਾਰ ਦੇਵੇ। ਉਹ ਬਣਦਾ ਹੈ ਸੇਵਕ ! ਆਪਾਂ ਨਾ ਕਿਤੇ ਭੁਲੇਖੇ ਵਿਚ ਆ ਕੇ ਆਪਣੇ ਆਪ ਨੂੰ ਉਸ ਤੁਲ ਸਮਝ ਲਈਏ।

ਅਤੇ ਜੇ ਕੋਈ ਇਹੋ ਜਿਹਾ ਸੇਵਕ ਹੋਵੇ ਜੋ ਗੁਰੂ ਦੇ ਦਰ ਤੇ ਖੜ ਕੇ ਨਿਸ਼ਕਾਮਤਾ ਨਾਲ ਸੇਵਾ ਕਰਦਾ ਹੋਵੇ ਤਾਂ ਉਸ ਦਾ ਦਰਜਾ ਕੀ ਹੋ ਸਕਦਾ ਹੈ :-

ਜਾਤਿ ਕੁਲੀਨੁ ਸੇਵਕੁ ਜੇ ਹੋਇ
ਤਾਂ ਕਾ ਕਹਣਾ ਕਹਹੁ ਨ ਕੋਇ ॥
ਵਿਚਿ ਸਨਾਂਤੀ ਸੇਵਕੁ ਹੋਇ
ਨਾਨਕ ਪਣ੍ਹੀਆ ਪਹਿਰੈ ਸੋਇ ॥ (ਅੰਗ 1256)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਨੀਚ ਜਾਤ ਦਾ ਭੀ ਕੋਈ ਸੇਵਕ ਹੋਵੇ ਤਾਂ ਮੈਂ ਆਪਣੇ ਚਮੜੇ ਦੀ ਜੁੱਤੀ ਸੁਆ ਕੇ ਉਸ ਨੂੰ ਪਹਿਨਾ ਦੇਵਾਂ ।

ਬਾਬਾ ਜੀ ਫੁਰਮਾਉਂਦੇ ਸਨ "ਭਾਈ ਸੇਵਾ ਭੀ ਨਿਸ਼ਕਾਮਤਾ ਨਾਲ ਕਰੇ । ਜੇ ਕੋਈ ਨਿਸ਼ਕਾਮਤਾ ਨਾਲ ਸੇਵਾ ਕਰਦਾ ਹੈ ਤਾਂ ਉਸ ਨੂੰ ਇਕ ਤਿਲ ਦਾ ਮਣ ਮਿਲ ਜਾਂਦਾ ਹੈ ਪ੍ਰੰਤੂ ਜੇ ਹਉਮੈ ਆ ਗਈ ਤਾਂ ਮਣ ਦਾ ਤਿਲ ਭੀ ਬਣ ਜਾਂਦਾ ਹੈ ।"

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥ (ਸੁਖਮਨੀ ਸਾਹਿਬ)

ਨਿਸ਼ਕਾਮਤਾ ਨਾਲ ਸੇਵਾ ਕਰੇ ਤਾਂ ਉਸ ਨੂੰ ਸੁਆਮੀ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਜਿਸ ਨੂੰ ਪ੍ਰਭੂ ਠਾਕੁਰ ਮਿਲ ਗਏ ਤਾਂ ਫਿਰ ਕਿਸ ਚੀਜ਼ ਦਾ ਘਾਟਾ ਹੈ ?

ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥
ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥ (ਅੰਗ 715)

ਮਤਲਬ ਸੇਵਾ ਕਰਕੇ ਨਿਆਂ (ਇਨਸਾਫ) ਨਾ ਮੰਗੇ ਪ੍ਰੰਤੂ ਬੇਨਤੀ ਕਰੇ "ਹੇ ਸੱਚੇ ਪਾਤਸ਼ਾਹ ! ਮੈਂ ਆਪ ਦੀ ਬਖਸ਼ਸ਼ ਦੁਆਰਾ ਸੇਵਾ ਕਰਦਾ ਹਾਂ । ਪ੍ਰੰਤੂ ਮੈਨੂੰ ਕਰਨੀ ਨਹੀਂ ਆਉਂਦੀ । ਮੈਂ ਅਨਜਾਣ ਹਾਂ ਸੱਚੇ ਪਾਤਸ਼ਾਹ

ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥
(ਅੰਗ 619)

ਜੇ ਨਿਸ਼ਕਾਮਤਾ ਨਹੀਂ ਹੈ, ਗੁਰੂ ਸਾਹਿਬ ਨਾਲ ਸੇਵਾ ਦੀ ਗਿਣਤੀ ਮਿਣਤੀ ਕਰਦਾ ਹੈ ਤਾਂ ਉਸ ਲਈ ਚੌਥੇ ਪਾਤਸ਼ਾਹ ਫੁਰਮਾਉਂਦੇ ਹਨ :

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥
............ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾਂ ਜਾਇ ॥ (ਅੰਗ 1246)

[ਜੇ ਸੇਵਾ ਦੀ ਗਿਣਤੀ ਮਿਣਤੀ ਕਰਦਾ ਹੈ ਤਾਂ ਜੇ ਉਹ ਇਕ ਕਦਮ ਅੱਗੇ ਨੂੰ ਪੁੱਟਦਾ ਹੈ ਤਾਂ ਦਸ ਕਦਮਾਂ ਪਿਛੇ ਨੂੰ ਜਾ ਪੈਂਦਾ ਹੈ]

★

# ਨਾਮ ਵੱਡਾ ਹੈ ਜਾਂ ਹੁਕਮ ?

ਬਾਬਾ ਨੰਦ ਸਿੰਘ ਜੀ ਮਹਾਰਾਜ ਨੇ ਇਕ ਵਾਰੀ ਇਕ ਸੇਵਕ ਨੂੰ ਬਚਨ ਕੀਤੇ "ਅੱਜ ਸਾਡਾ ਸਰੀਰ ਥੱਕ ਗਿਆ ਹੈ, ਉਤੇ ਖੜ੍ਹ ਕੇ ਲਤਾੜ ਦੇ।" ਉਸ ਸੇਵਕ ਨੇ ਬੇਨਤੀ ਕੀਤੀ "ਇਹ ਕਿਵੇਂ ਹੋ ਸਕਦਾ ਹੈ ? ਮੈਂ ਤੁਹਾਡੇ ਸਰੀਰ ਤੇ ਕਿਵੇਂ ਪੈਰ ਰੱਖ ਸਕਦਾ ਹਾਂ ?" ਬਾਬਾ ਜੀ ਨੇ ਤਾੜਨਾ ਕੀਤੀ "ਸਰੀਰ ਤੇ ਪੈਰ ਤਾਂ ਰੱਖਦਾ ਨਹੀਂ ਪ੍ਰੰਤੂ ਜੋ ਬਚਨ ਮੋੜਦਾ ਹੈਂ ਇਹ ਸਾਡੇ ਮੂੰਹ ਤੇ ਪੈਰ ਰਖਦਾ ਹੈਂ।" ਸੋ ਗੁਰੂ ਦਾ ਹੁਕਮ ਨਾ ਮੰਨਣਾ, ਗੁਰੂ ਦੇ ਮੂੰਹ ਤੇ ਪੈਰ ਰੱਖਣ ਦੇ ਬਰਾਬਰ ਹੈ।

ਇਕ ਵਾਰੀ ਬਹੁਤ ਬਾਰਸ਼ ਪੈ ਰਹੀ ਸੀ। ਗੁਰੂ ਸਾਹਿਬ ਦੇ ਕਮਰੇ ਦੀ ਛੱਤ ਚੋਣ ਲੱਗ ਪਈ। ਬਾਬਾ ਨੰਦ ਸਿੰਘ ਜੀ ਮਹਾਰਾਜ ਨੇ ਇਕ ਸਿੱਖ ਨੂੰ ਹੁਕਮ ਦਿਤਾ ਕਿ ਛੱਤ ਤੇ ਚੜ੍ਹ ਕੇ ਚੋਆ ਬੰਦ ਕਰ ਆ। ਉਸ ਨੇ ਅੱਗੋਂ ਕਿਹਾ ਉਪਰ ਛੱਤ ਤੇ ਚੜ੍ਹਨਾ ਬੇਅਦਬੀ ਹੈ ਕਿਉਂਕਿ ਹੇਠਾਂ ਗੁਰੂ ਸਾਹਿਬ ਹਨ। ਬਾਬਾ ਜੀ ਨੇ ਤਾੜਨਾ ਕੀਤੀ, "ਜਿਹੜਾ ਚੋਆ ਗੁਰੂ ਸਾਹਿਬ ਤੇ ਪੈ ਰਿਹਾ ਹੈ, ਉਹ ਬੇਅਦਬੀ ਹੈ ਜਾਂ ਉਪਰ ਛੱਤ ਤੇ ਚੜ੍ਹ ਕੇ ਚੋਆ ਬੰਦ ਕਰ ਦੇਣਾ ਬੇਅਦਬੀ ਹੈ।"

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਹਰ ਰੋਜ਼ ਅੰਮ੍ਰਿਤ ਵੇਲੇ ਭਾਈ ਲਹਿਣੇ ਨੂੰ ਨਾਲ ਲਿਜਾ ਕੇ ਨਦੀ ਵਿਚ ਖੜ੍ਹ ਕੇ ਭਜਨ ਬੰਦਗੀ ਕਰਦੇ ਸਨ ਅਤੇ ਭਾਈ ਲਹਿਣੇ ਨੂੰ ਬਾਹਰ ਬਸਤਰਾਂ ਪਾਸ ਖੜਾ ਦਿੰਦੇ ਸਨ। ਇਕ ਵਾਰੀ ਸਰਦੀਆਂ ਦੇ ਦਿਨ ਸਨ। ਜਦੋਂ ਗੁਰੂ ਨਾਨਕ ਸਾਹਿਬ ਉਸੇ ਤਰ੍ਹਾਂ ਨਦੀ ਵਿਚ ਖੜੇ ਤਪੱਸਿਆ ਕਰ ਰਹੇ ਸਨ। ਭਾਈ ਲਹਿਣਾ ਜੀ ਨੇ ਸੋਚਿਆ ਕਿ ਮੈਂ ਇਥੇ ਬਸਤਰਾਂ ਪਾਸ ਵਿਹਲਾ ਹੀ ਖੜਾ ਹਾਂ। ਮੈਂ ਭੀ ਪਾਣੀ ਵਿਚ ਖੜ੍ਹ ਕੇ ਤਪੱਸਿਆ ਕਿਉਂ ਨਾ ਕਰ ਲਵਾਂ ? ਸੋ ਭਾਈ ਲਹਿਣਾ ਜੀ ਨੇ ਭੀ ਬਸਤਰ ਉਤਾਰੇ ਅਤੇ ਪਾਣੀ ਵਿਚ ਜਾ ਖੜੇ ਹੋਏ। ਪਾਣੀ ਬਹੁਤ ਠੰਡਾ ਸੀ। ਸੋ ਇਕ ਦਮ ਹੀ ਬਾਹਰ ਆ ਗਏ। ਕਾਫੀ ਦੇਰ ਬਾਦ ਗੁਰੂ ਨਾਨਕ ਦੇਵ ਜੀ ਬਾਹਰ ਆਏ ਅਤੇ ਪੁਛਿਆ "ਤੂੰ ਭਗਤੀ ਕਰਨ ਗਿਆ ਸੀ। ਫਿਰ ਕੀਤੀ ਕਿਉਂ ਨਾ ?" ਭਾਈ ਲਹਿਣਾ ਜੀ ਨੇ ਬੇਨਤੀ ਕੀਤੀ "ਸੱਚੇ ਪਾਤਸ਼ਾਹ ! ਪਾਣੀ ਬਹੁਤ ਠੰਡਾ ਸੀ।" ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ "ਜੋ ਭਗਤੀ ਅਸੀਂ ਕਰ ਰਹੇ ਹਾਂ, ਉਹ ਕਿਸ ਦੇ ਲਈ ਹੈ ? ਪਿਤਾ ਜਾਇਦਾਦ ਬਣਾਉਂਦਾ ਹੈ ਪੁੱਤਰਾਂ ਲਈ। ਸੋ ਇਹ ਸਭ ਕੁਝ ਤੇਰੇ ਲਈ ਹੀ ਕਰ ਰਹੇ ਹਾਂ। ਤੇਰੀ ਭਗਤੀ ਇਸੇ ਵਿਚ ਹੀ ਹੈ ਕਿ ਤੂੰ ਹੁਕਮ ਮੰਨ। ਤੈਨੂੰ ਬਸਤਰਾਂ ਪਾਸ ਖੜਾ ਕੀਤਾ ਹੈ। ਤੂੰ ਉਥੇ ਖੜਾ ਰਹਿ। ਉਹੀ ਤੇਰੀ ਭਗਤੀ ਹੈ। ਤੈਨੂੰ ਹੋਰ ਭਗਤੀ ਦੀ ਲੋੜ ਨਹੀਂ ਹੈ।"

ਬੱਚਾ ਸਕੂਲ ਜਾਂਦਾ ਹੈ। ਜੇ ਤਾਂ ਮਾਸਟਰ ਦਾ ਹੁਕਮ ਮੰਨਦਾ ਹੈ ਤਾਂ ਪਾਸ ਹੋ ਜਾਵੇਗਾ। ਜੇ ਹੁਕਮ ਨਹੀਂ ਮੰਨਦਾ ਤਾਂ ਫੇਲ ਹੋ ਜਾਵੇਗਾ। ਇਸ ਵਿਚ ਮਾਸਟਰ ਦਾ ਕੋਈ ਕਸੂਰ ਨਹੀਂ ਹੈ।

ਪਤੀ ਕਹਿੰਦਾ ਹੈ "ਰੋਟੀ ਬਣਾ। ਮੈਂ ਜਲਦੀ ਜਾਣਾ ਹੈ।" ਅੱਗੋਂ ਜੇ

ਪਤਨੀ ਕਹਿੰਦੀ ਹੈ "ਮੈਂ ਤਾਂ ਮਾਲਾ ਫੇਰਦੀ ਹਾਂ। ਮੈਂ ਨਹੀਂ ਬਣਾ ਸਕਦੀ," ਤਾਂ ਉਸ ਦੀ ਮਾਲਾ ਫੇਰਨੀ ਨਿਸਫਲ ਹੈ। ਉਸ ਦੀ ਮਾਲਾ ਪਤੀ ਦਾ ਹੁਕਮ ਮੰਨਣਾ ਹੈ।

ਇਸੇ ਲਈ ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-
ਜੋ ਹੁਕਮ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥ (ਅੰਗ 1094)

ਨਾਮ ਅਤੇ ਸੇਵਾ ਤੋਂ ਇਕ ਚੀਜ਼ ਉਤੇ ਹੈ ਉਹ ਹੈ 'ਹੁਕਮ'। ਜੇ ਹੁਕਮ ਨਹੀਂ ਮੰਨਦਾ ਤਾਂ ਭਾਵੇਂ ਲੱਖ ਮਾਲਾ ਫੇਰ ਲਵੇ, ਲੱਖ ਸੇਵਾ ਕਰ ਲਵੇ ਤਾਂ ਉਹ ਕਿਸੇ ਅਰਥ ਨਹੀਂ ਹਨ।

ਕਈ ਕਹਿੰਦੇ ਹਨ ਕਿ ਨਾਮ ਦਾ ਸਰੂਪ ਪਹਿਲੀ ਪਉੜੀ ਹੈ, ਕਈ ਕਹਿੰਦੇ ਹਨ ਕਿ ਮੂਲ ਮੰਤਰ ਹੈ ਪ੍ਰੰਤੂ ਇਸ ਤੋਂ ਅੱਗੇ ਭੀ ਇਕ ਕਲਾਸ ਹੈ। ਉਹ ਹੈ "ਹੁਕਮ"। ਜਿਥੇ ਡਿਊਟੀ ਲਾ ਦਿਤੀ, ਉਹੀ ਨਾਮ ਹੈ ਉਹੀ ਸੇਵਾ ਹੈ।

ਸਤਿ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥
(ਅੰਗ 72)

ਜੋ ਹੁਕਮ ਮੰਨਦਾ ਹੈ, ਉਹੀ ਸੇਵਕ ਕਹਾਉਣ ਦਾ ਹੱਕਦਾਰ ਹੈ। ਫਿਰ ਹੁਕਮ ਮੰਨਣ ਵਾਲਾ ਹੀ ਮਾਲਕ ਦੀ ਪ੍ਰਾਪਤੀ ਕਰ ਸਕਦਾ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ :-
ਹੁਕਮ ਮੰਨਿਹਿ ਤਾਂ ਹਰਿ ਮਿਲੈ ॥ (ਅੰਗ 560)
ਹੁਕਮੁ ਬੂਝੈ ਸੋ ਸੇਵਕੁ ਕਹੀਐ ॥ (ਅੰਗ 898)

ਕਹੁ ਨਾਨਕ ਜਿਨਿ ਹੁਕਮ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ (ਅੰਗ 819)

ਅਤੇ ਹੁਕਮ ਨੂੰ ਮੰਨਣ ਵਾਲੇ ਦੀ ਸੱਚੇ ਪਾਤਸ਼ਾਹ ਨੇ ਕੀ ਨਿਸ਼ਾਨੀ ਦਿਤੀ ਹੈ ? ਉਸ ਦੀ ਹਉਮੈ ਦੂਰ ਹੋ ਜਾਂਦੀ ਹੈ।

ਨਾਨਕ ਹੁਕਮੈ ਜੇ ਬੁਝੈ ਤਹ ਹਉਮੈ ਕਹੈ ਨ ਕੋਇ ॥
(ਜਪੁਜੀ ਸਾਹਿਬ)

ਤਾਂ ਫਿਰ ਹੁਣ ਸਵਾਲ ਉਠਦਾ ਹੈ ਕਿ ਕੀ ਫਿਰ ਹਰੇਕ ਜਗਿਆਸੂ ਹੀ ਹੁਕਮ ਮੰਨ ਸਕਦਾ ਹੈ ?

ਨਹੀਂ ਵੀਰ, ਤੀਜੇ ਪਾਤਸ਼ਾਹ ਫੁਰਮਾਉਂਦੇ ਹਨ :-

ਜਿਸਨੋ ਕਿਰਪਾਲੁ ਹੋਵੈ ਹਰਿ ਆਪੇ ਤਿਸਨੋ ਹੁਕਮੁ ਮਨਾਵੈ ॥
(ਅੰਗ 551)

ਸੋ ਗੁਰੂ ਸਾਹਿਬਾਨ ਕੀ ਸੋਝੀ ਪਾਉਂਦੇ ਹਨ :-

ਹੁਕਮ ਮੰਨਣਾ ਹੈ, ਤਾਂ ਹਉਮੈ ਛੱਡਣੀ ਪੈਂਦੀ ਹੈ। ਹੁਕਮ ਮੰਨਣ ਵਾਲੇ ਨੂੰ ਹੀ ਪ੍ਰਭੂ ਮਿਲਦਾ ਹੈ। ਵੀਰ 'ਹੁਕਮ' ਦਾ ਅਰਥ ਕੀ ਹੋਇਆ ਫਿਰ ? ਹੁਕਮ ਬਣਦਾ ਹੈ :-

ਹ......ਕ......ਮ ਨਾਲ

ਹ ਕਹਿੰਦਾ ਹੈ ਹਉਮੈ ਤਿਆਗ ਦੇ।

ਕ ,, ਫਿਰ ਕ੍ਰਿਪਾ ਹੋਵੇਗੀ।

ਮ ,, ਫਿਰ ਮਾਲਕ ਮਿਲ ਜਾਵੇਗਾ।

ਹੁਣ ਭਲਾ ਵੀਚਾਰ ਕਰੀਏ ਵਿਸਥਾਰ ਨਾਲ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ ॥
(ਵਾਰ 28, 10)

ਪਹਿਲੇ ਪਾਤਸ਼ਾਹ ਫੁਰਮਾਉਂਦੇ ਹਨ :-

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥
(ਅੰਗ 933)

(ਜੋ ਗੁਰੂ ਨੇ ਹੁਕਮ ਦਿਤਾ ਹੈ ਉਹ ਕੰਮ ਕਰੋ। ਗੁਰੂ ਦੀ ਕਰਨੀ ਮਗਰ ਕਿਉਂ ਦੌੜਦੇ ਹੋ ?

ਸੋ ਵੀਰ, ਸਾਰੀ ਉਮਰ ਨਾਮ ਜਪੀ ਜਾਵੇ, ਪਾਠ ਕਰੀ ਜਾਵੇ, ਮਾਲਾ ਫੇਰੀ ਜਾਵੇ, ਕੀਰਤਨ ਕਰੀ ਜਾਵੇ ਜਾਂ

ਸੁਣੀ ਜਾਵੇ, ਸਭ ਬੇਅਰਥ ਹੈ ਜੇ ਹੁਕਮ ਨਹੀਂ ਮੰਨਦਾ। ਅਤੇ ਜੇ ਹੁਕਮ ਮੰਨਦਾ ਹੈ, ਤਾਂ ਪਾਠ ਵੀ ਸਫਲ ਹੈ, ਕੀਰਤਨ ਭੀ ਸਫਲ ਹੈ।

ਚੌਥੇ ਪਾਤਸ਼ਾਹ ਫੁਰਮਾਉਂਦੇ ਹਨ :-

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ॥
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥
(ਅੰਗ 669)

(ਪ੍ਰਭੂ ਉਹਨਾਂ ਦਾ ਗਾਵਿਆ ਤੇ ਸੁਣਿਆ ਸਫਲ ਕਰਦਾ ਹੈ, ਜਿਨ੍ਹਾਂ ਨੇ ਸਤਿਗੁਰੂ ਦੇ ਹੁਕਮ ਨੂੰ ਸੱਚ ਸੱਚ ਕਰਕੇ ਮੰਨਿਆ ਹੈ)

ਅਤੇ ਫਿਰ ਕੀ ਆਗਿਆ ਕਰਦੇ ਹਨ ਸਾਹਿਬ ਕਲਗੀਧਰ ਪਾਤਸ਼ਾਹ :-

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗਰੰਥ ॥
ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਾਹੈ ਖੋਜ ਸ਼ਬਦ ਮਹਿ ਲੇਹ ॥

(ਪੰਥ ਪ੍ਰਕਾਸ਼)

ਹਾਂ ਵੀਰ, ਸੁਣ ਲਿਆ ਫਿਰ ਹੁਕਮ ?

ਸ੍ਰੀ ਗੁਰੂ ਗਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਮੰਨਣਾ ਹੈ ਅਤੇ ਅੱਜ ਕੱਲ ਗਿਆਨੀਆ ਤੇ ਪ੍ਰਬੰਧਕਾਂ ਦੀ ਬਹੁ ਸੰਮਤੀ ਕਰਦੀ ਕੀ ਹੈ ?

ਆਪ ਤਾਂ ਨਵਾਰੀ ਪਲੰਘਾਂ ਤੇ ਸੌਂਦੇ ਹਨ ਜਦੋਂ ਕਿ ਗੁਰੂ ਸਾਹਿਬ ਨੂੰ ਅਲਮਾਰੀਆਂ ਵਿਚ ਬੰਦ ਕਰਕੇ ਜਿੰਦੇ ਲਾ ਦਿੰਦੇ ਹਨ। ਆਪ ਵੱਡੇ ਵੱਡੇ ***dining room*** ਅਤੇ ***drawing room*** ਵਿਚ ਸੋਫਿਆਂ ਤੇ ਬੈਠਦੇ ਹਨ ਅਤੇ ਗੁਰੂ ਸਾਹਿਬ ਨੂੰ ਕਿਸੇ ਖੂੰਜੇ ਵਿਚ ਛੋਟੇ ਜਿਹੇ ਕਮਰੇ ਵਿਚ ਕਿਸੇ ਤੰਗ ਜਿਹੇ ਪੀਹੜੇ ਤੇ ਪ੍ਰਕਾਸ਼ ਕਰ ਦਿੰਦੇ ਹਨ। ਆਪ ਤਾਂ ***air-conditioner*** (ਠੰਡੀ ਹਵਾ ਕਰਨ ਵਾਲੀ ਮਸ਼ੀਨ) ਜਾਂ ਸਰਦੀਆਂ ਵਿਚ ***heater*** (ਗਰਮ ਹਵਾ ਕਰਨ ਵਾਲੀ ਮਸ਼ੀਨ) ਵਰਤਦੇ ਹਨ ਅਤੇ ਗੁਰੂ ਸਾਹਿਬ ਕਿਸੇ ਬੰਦ ਤੰਗ ਕਮਰੇ ਵਿਚ ਸਖਤ ਗਰਮੀ ਵਿਚ ਬਰਾਜਦੇ ਹਨ। ਜੇ ਕਿਤੇ ਆਪ ਅੰਦਰ ਵੜਦੇ ਹਨ ਤਾਂ ਇਕ ਦਮ ਪੱਖਾ ਚਲਾ ਲੈਂਦੇ ਹਨ ਅਤੇ ਜਦੋਂ ਬਾਹਰ ਜਾਣ ਲਗਦੇ ਹਨ ਤਾਂ ਪੱਖਾ ਬੰਦ ਕਰ ਦਿੰਦੇ ਹਨ। ਆਪ ਤਾਂ 400–500 ਰੁ: ਪ੍ਰਤੀ ਮੀਟਰ ਵਾਲੇ ਗਰਮ ਕੱਪੜੇ ਪਾਉਂਦੇ ਹਨ ਪ੍ਰੰਤੂ ਗੁਰੂ ਸਾਹਿਬ ਵਾਸਤੇ 15–20 ਰੁ: ਦਾ ਰੁਮਾਲਾ ਬਹੁਤ ਸਮਝਦੇ ਹਨ।

ਕੀ ਇਹ ਵੀਰ ਗੁਰੂ ਸਾਹਿਬ ਦਾ ਹੁਕਮ ਮੰਨਦੇ ਹਨ। ਜਿਸ ਸ਼ਬਦ ਨੂੰ ਗੁਰੂ ਮੰਨਣਾ ਚਾਹੁੰਦੇ ਹਨ ਉਹ ਸ਼ਬਦ ਇਹਨਾਂ ਨੂੰ ਸਪੱਸ਼ਟ ਦੱਸ ਰਿਹਾ ਹੈ :-

ਜੋ ਹੁਕਮ ਨਾ ਬੂਝੈ ਖਸਮ ਕਾ ਸੋ ਨਰ ਕਚਾ ॥ (ਅੰਗ 1094)

ਫਿਰ ਗੁਰੂ ਸਾਹਿਬ ਨੂੰ ਛੱਡ ਕੇ ਅਕਾਲ ਪੁਰਖ ਨਾਲ ਲਿਵ ਲਾਉਣਾ ਚਾਹੁੰਦੇ ਹਨ। ਭਾਈ ਸਾਹਿਬ ਇਸਤਰੀ ਲਈ ਤਾਂ ਪਤੀ ਹੀ ਸਭੋ ਕੁਝ ਹੈ। ਸਹੁਰਾ ਭਾਵੇਂ ਪਤੀ ਦਾ ਬਾਪ ਹੈ ਪ੍ਰੰਤੂ ਉਸ ਪਾਸੋਂ ਉਹ ਪ੍ਰਾਪਤੀ ਨਹੀਂ ਹੋ ਸਕਦੀ ਜੋ ਪਤੀ ਪਾਸੋਂ ਹੋ ਸਕਦੀ ਹੈ।

ਸਾਨੂੰ ਤਾਂ ਹੁਕਮ ਹੈ :-

ਗੁਰ ਪਰਮੇਸ਼ਰ ਏਕੋ ਜਾਣ ॥ (ਅੰਗ 864)

ਹਉ ਤਿਸ ਦੈ ਚਉਖੰਨੀਐ ॥<br>
ਗੁਰ ਪਰਮੇਸ਼ਰੁ ਏਕੋ ਜਾਣੈ ॥ (ਵਾਰ 12, 5)

ਸੋ ਕਬੀਰ ਸਾਹਿਬ ਫੁਰਮਾਉਂਦੇ ਹਨ :-

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥<br>
ਜਾ ਕੈ ਰਿਦੈ ਭਾਉ ਹੈ ਦੂਜਾ ॥ (ਅੰਗ 324)

ਜੋ ਗੁਰੂ ਗਰੰਥ ਸਾਹਿਬ ਨੂੰ ਛੱਡ ਕੇ ਪ੍ਰਭੂ ਹੋਰ ਕਿਤੇ ਦੇਖਦਾ ਹੈ ਤਾਂ ਭਾਵਨਾ ਵਿਚ ਫਰਕ ਹੈ ਅਤੇ ਜਦੋਂ ਤੱਕ ਭਾਵਨਾ ਹੀ ਨਹੀਂ ਬਣੀ, ਉਦੋਂ ਤੱਕ ਦਰਜਾ ਬਹੁਤ ਪਿਛੇ ਹੈ। ਗੁਰੂ ਗਰੰਥ ਸਾਹਿਬ ਨੂੰ ਛੱਡ ਕੇ ਹੋਰ ਕਿਤੇ ਪ੍ਰਭੂ ਲੱਭਣਾ ਤਾਂ ਹਨ੍ਹੇਰੇ ਦੀਆਂ ਟੱਕਰਾਂ ਹਨ। ਹੱਡ ਗੋਡੇ ਭਨਾਉਣਾ ਹੀ ਹੈ।

ਅੱਜ ਇਹ ਗਿਆਨੀ ਉਹਨਾਂ ਦੀ ਨਿੰਦਿਆ ਕਰਦੇ ਹਨ, ਜੋ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਪੂਜਦੇ ਹਨ ਅਤੇ ਇਸ ਦੇ ਨਾਲ ਹੀ ਉਹਨਾਂ ਨੂੰ ਬੁਰਾ ਭਲਾ ਕਹਿੰਦੇ ਹਨ ਜੋ ਦਾੜ੍ਹੀ ਕੇਸ ਕੱਟਦੇ ਹਨ। ਤੁਸੀਂ ਗਿਆਨੀ ਹੋ ਕੇ ਇਤਨੀ ਵੱਡੀ ਹੁਕਮ ਅਦੂਲੀ ਕਰੀ ਜਾਂਦੇ ਹੋ। ਉਹ ਤਾਂ ਅਣਜਾਣ ਹਨ। ਉਹਨਾਂ ਨੂੰ ਤਾਂ ਸਿੱਖੀ ਦਾ ਪਤਾ ਹੀ ਨਹੀਂ ਹੈ।

ਕਸੂਰਵਾਰ ਉਹ ਹੋਏ ਕਿ ਤੁਸੀਂ ?

ਤੁਸੀਂ ਆਪ ਤਾਂ ਹੁਕਮ ਦੀ ਬੁਨਿਆਦ ਹੀ ਵੱਢ ਰਹੇ ਹੋ ਅਤੇ ਉਹਨਾਂ ਨੂੰ ਕਹਿ ਰਹੇ ਹੋ ਕਿ ਕਲਗੀਧਰ ਦਾ ਹੁਕਮ ਹੈ ਕਿ ਪੰਜ ਕਕਾਰ ਰੱਖੋ। ਜੇ ਉਹ ਤੁਹਾਨੂੰ ਸੁਆਲ ਕਰ ਦੇਣ ਕਿ ਕਲਗੀਧਰ ਦਾ ਹੁਕਮ ਹੈ ਕਿ ਪ੍ਰਗਟ ਗੁਰਾਂ ਕੀ ਦੇਹ ਕਰਕੇ ਮੰਨੋ ਅਤੇ ਤੁਸੀਂ ਅਲਮਾਰੀਆਂ ਵਿਚ ਬੰਦ ਕਰ ਦਿੰਦੇ ਹੋ, ਤੁਸੀਂ ਕਹਿੰਦੇ ਹੋ ਕਿ ਧੂਪ ਨਾ ਜਗਾਓ ਜੋਤ ਨਾ ਜਗਾਓ ਕਿਉਂਕਿ ਇਹ ਦੇਹ ਨਹੀਂ ਹੈ, ਕਾਗਜ਼ ਹਨ ਅਤੇ ਇਸ ਨੂੰ ਸੁਗੰਧੀ ਦੀ ਕੋਈ ਲੋੜ ਨਹੀਂ। ਤਾਂ ਤੁਹਾਡੇ ਪਾਸ ਕੀ ਜਵਾਬ ਹੋਵੇਗਾ ?

ਗੁਰੂ ਸਾਹਿਬ ਹੁਕਮ ਦਿੰਦੇ ਹਨ :-

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ (ਅੰਗ 994)

ਤੁਸੀਂ ਕਹਿੰਦੇ ਹੋ ਅਸੀਂ ਨਹੀਂ ਟੋਲਣਾ।

ਗੁਰੂ ਸਾਹਿਬ ਸਾਨੂੰ ਹੁਕਮ ਦਿੰਦੇ ਹਨ :-

ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥ (ਅੰਗ 1010)

(ਜੋ ਭੁਲੇ ਜਾਂਦੇ ਨੂੰ ਗੁਰੂ ਸਾਹਿਬ ਦਾ ਰਸਤਾ ਦੱਸ ਦੇਵੇ, ਉਸ ਦੇ ਪੈਰ ਫੜ ਲਵੋ)

ਤੁਸੀਂ ਕਹਿੰਦੇ ਹੋ, ਤੁਸੀਂ ਪੈਰ ਫੜਨ ਨੂੰ ਹੁਕਮ ਦਿੰਦੇ ਹੋ, ਅਸੀਂ ਸਿਰ ਹੀ ਨਹੀਂ ਝੁਕਾਉਣਾ।

ਗੁਰੂ ਸਾਹਿਬ ਹੁਕਮ ਦਿੰਦੇ ਹਨ :-

ਸਾਧ ਰੂਪ ਅਪਨਾ ਤਨੁ ਧਾਰਿਆ ॥ (ਅੰਗ 1005)

(ਸਾਧੂ ਦੀ ਸ਼ਕਲ ਵਿਚ ਪ੍ਰਭੂ ਆਪ ਆਉਂਦਾ ਹੈ)

ਤੁਸੀਂ ਕਹਿੰਦੇ ਹੋ, ਅਸੀਂ ਨਹੀਂ ਮੰਨਦੇ। ਸਾਧ ਤਾਂ ਕੋਈ ਹੈ ਹੀ ਨਹੀਂ।

ਗੁਰੂ ਸਾਹਿਬ ਹੁਕਮ ਦਿੰਦੇ ਹਨ, ਚਲੋ ਵੀਰ ਸਾਧ ਨਾ ਮੰਨੋ, ਸਾਡੇ ਹੁਕਮ ਨੂੰ ਧਿਆਨ ਨਾਲ ਸੁਣੋ :-

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥
(ਅੰਗ 726)

(ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਸਾਨੂੰ ਕਿਸੇ ਨਾਮ ਧਿਆਉਣ ਵਾਲੇ ਗੁਰਮੁਖ ਦੇ ਦਰਸ਼ਨ ਹੋ ਜਾਣ, ਤਾਂ ਅਸੀਂ ਉਸ ਦੇ ਚਰਨ ਧੋ ਧੋ ਕੇ ਉਸ ਦੀ ਚਰਨ ਧੂੜ ਘੋਲ ਘੋਲ ਕੇ ਪੀ ਲਈਏ)

ਤੁਸੀਂ ਕਹਿੰਦੇ ਹੋ ਕਿ ਤੁਹਾਡੀ ਬਾਣੀ ਤਾਂ ਪਿਛਲੇ ਸਾਲਾਂ ਵਿਚ ਸੱਚ ਸੀ, ਅੱਗੇ ਵਾਸਤੇ ਤਾਂ ਕੋਈ ਗੁਰਮੁਖ ਹੀ ਨਹੀਂ ਹੋ ਸਕਦਾ ਜਾਂ ਕਹਿ ਦਿੰਦੇ ਹੋ ਕਿ ਗੁਰਮੁਖ ਤਾਂ ਤੁਸੀਂ ਹੀ ਸੀ, ਹੋਰ ਕੋਈ ਨਹੀਂ ਹੈ।

ਗੁਰੂ ਸਾਹਿਬ ਤੁਹਾਨੂੰ ਫਿਰ ਸਮਝਾਉਂਦੇ ਹਨ ਕਿ ਚੰਗਾ ਇਹ ਗੱਲ ਸੀ ਤਾਂ ਫਿਰ ਸਾਡੀ ਇਹ ਤੁਕ ਹੀ ਸੁਣ ਲਵੋ :-

ਜਾਤਿ ਕੁਲੀਨ ਸੇਵਕ ਜੇ ਹੋਇ ॥
ਤਾ ਕਾ ਕਹਣਾ ਕਹਹੁ ਨ ਕੋਇ ॥
ਵਿਚਿ ਸਨਾਂਤੀ ਸੇਵਕੁ ਹੋਇ ॥
ਨਾਨਕ ਪਣੀਆ ਪਹਿਰੈ ਸੋਇ ॥ (ਅੰਗ 1256)

(ਗੁਰੂ ਸਾਹਿਬ ਫੁਰਮਾਉਂਦੇ ਹਨ ਜੇ ਉੱਚੀ ਜਾਤ ਦਾ ਸੇਵਕ ਮਿਲ ਜਾਵੇ ਤਾਂ ਕਹਿਣਾ ਹੀ ਕੀ ਹੈ ਪ੍ਰੰਤੂ ਜੇ ਅਤੀ ਨੀਵੀਂ ਜਾਤ ਦਾ ਸੇਵਕ ਮਿਲ ਜਾਵੇ ਤਾਂ ਮੈਂ ਆਪਣੀ ਚਮੜੀ ਉਤਾਰ ਕੇ ਉਸ ਦੇ ਚਰਨਾਂ ਵਿਚ ਜੋੜਾ ਪਾ ਦੇਵਾਂ)

ਤੁਹਾਡੀਆਂ ਅੱਖਾਂ ਹੀ ਖੁਲ੍ਹੀਆਂ ਰਹਿ ਜਾਂਦੀਆਂ ਹਨ। ਤੁਸੀਂ ਸ਼ੱਕ ਕਰਦੇ ਹੋ ਕਿ ਇਹ ਗੁਰਬਾਣੀ ਨਹੀਂ ਹੈ। ਤੁਸੀਂ ਸੋਚਦੇ ਹੋ ਕਿ ਜੇ ਤੁਹਾਡੀ ਵਾਹ ਚੱਲੇ ਤਾਂ ਇਸ ਤੁਕ ਨੂੰ ਗੁਰਬਾਣੀ ਵਿਚੋਂ ਹੀ ਕੱਢ ਦੇਵੀਏ।

ਸੋ ਤੁਹਾਡਾ ਤਾਂ ਇਹ ਹਾਲ ਹੋ ਗਿਆ ਕਿ ਹੁਕਮ ਮੰਨਣਾ ਨਹੀਂ ਪ੍ਰੰਤੂ ਦਿਖਾਵਾ ਜ਼ਰੂਰ ਕਰ ਦੇਣਾ ਹੈ, ਅੱਖਾਂ ਜ਼ਰੂਰ ਬੰਦ ਕਰ ਲੈਣੀਆਂ ਹਨ, ਗੋਡੇ ਲਾ ਕੇ ਮੱਥਾ ਜ਼ਰੂਰ ਟੇਕ ਦੇਣਾ ਹੈ। ਸੋ ਪਹਿਲੇ ਪਾਤਸ਼ਾਹ ਕੀ ਫੁਰਮਾਉਂਦੇ ਹਨ ? ਸੁਣੋ :-

ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥ (ਅੰਗ 227)
(ਹੁਕਮ ਮੰਨਦਾ ਨਹੀਂ ਹੈ, ਉਹ ਤਾਂ ਭਰਮਾਂ ਵਿਚ ਭੁਲਿਆ ਫਿਰਦਾ ਹੈ)

ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :-

ਸਦਾ ਨਿਕਟਿ ਕਰਿ ਤਿਸਨੋ ਜਾਣੁ ॥
ਪ੍ਰਭ ਕੀ ਆਗਿਆ ਸਤਿ ਕਰਿ ਮਾਣੁ ॥ (ਅੰਗ 177)

ਸੋ ਵੀਰ ਹਲੇ ਭੀ ਕੁਝ ਵਿਗੜਿਆ ਨਹੀਂ। ਜੇ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਵੇ, ਤਾਂ ਉਸ ਨੂੰ ਭੁਲਿਆ ਨਹੀਂ ਕਹਿੰਦੇ। ਇਹ ਕਦੀ ਨਹੀਂ ਹੋ ਸਕਦਾ, ਕਿ ਗੁਰਬਾਣੀ ਗਲਤ ਹੈ। ਗੁਰਬਾਣੀ ਸਦਾ ਲਈ ਸਤ ਹੈ। ਜਿਹੜੇ ਤੁਹਾਡੇ ਤੋਂ ਉੱਚੀ ਕਲਾਸ ਦੇ ਹਨ, ਉਹਨਾਂ ਦੀ ਚਰਨ ਧੂੜ ਚੁਕ ਕੇ ਮੱਥੇ ਨਾਲ ਲਾਵੋ, ਤਾਂ ਕਿ ਮੱਥੇ ਦੀ ਕਾਲਸ ਦੂਰ ਹੋ ਜਾਵੇ। ਨਫਰਤ ਨਾ ਕਰੋ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਦਿਖਾਵੋ। ਜੇ ਤੁਸੀਂ ਆਗੂ ਹੋ ਕੇ ਹੀ ਗੁਰੂ ਸਾਹਿਬ ਦਾ ਹੁਕਮ ਨਹੀਂ ਮੰਨੋਗੇ ਤਾਂ ਫਿਰ ਇਹ ਨੌਜਵਾਨਾਂ ਤੇ ਤੁਹਾਡਾ ਕੀ ਅਸਰ ਪਵੇਗਾ ? ਅੱਜ ਕੱਲ ਜੋ ਛਿੱਤਰਾਂ ਵਿਚ ਦਾਲ ਵੰਡੀ ਜਾ ਰਹੀ ਹੈ, ਇਹ ਇਸੇ ਹੁਕਮ ਅਦੂਲੀ ਕਾਰਨ ਹੀ ਹੈ।

# ਹੁਕਮ ਦੀ ਉਲੰਘਣਾ

ਹੁਕਮ ਦੀ ਉਲੰਘਣਾ ਕਰਨ ਵਾਲੇ ਲਈ ਗੁਰੂ ਸਾਹਿਬ ਬੜੀ ਤਾੜਨਾ ਕਰਦੇ ਹਨ। ਉਂਜ ਦੁਨਿਆਵੀ ਤੌਰ ਤੇ ਆਪਾਂ ਦੇਖੀਏ ਤਾਂ ਭੀ ਸਪੱਸ਼ਟ ਹੈ ਕਿ ਜਿਹੜਾ ਕਪੁੱਤਰ ਆਪਣੇ ਬਾਪ ਦੇ ਹੁਕਮ ਦੀ ਉਲੰਘਣਾ ਕਰੇ, ਉਹ ਸਦਾ ਲਈ ਬਾਪ ਦੀ ਨਿਗਾਹ ਵਿਚ ਗਿਰ ਜਾਂਦਾ ਹੈ। ਉਸ ਦਾ ਬਾਪ ਉਸ ਨੂੰ ਜਾਇਦਾਦ ਤੋਂ ਬੇ ਦਖਲ ਕਰ ਦਿੰਦਾ ਹੈ। ਦੂਜੇ ਪਾਤਸ਼ਾਹ ਭੀ ਫੁਰਮਾਉਂਦੇ ਹਨ :-

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆਂ ਥਾਇ ਨ ਕਾਈ ਪਾਇ ॥ (ਅੰਗ 474)

ਕਿਤਨੀ ਸਖਤ ਤਾੜਨਾ ਹੈ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਵਾਸਤੇ ?

ਪ੍ਰੰਤੂ ਹੁਕਮ ਦੀ ਉਲੰਘਣਾ ਦੋ ਕਿਸਮ ਦੀ ਹੈ। ਆਪਾਂ ਕੇਵਲ ਇਕੋ ਕਿਸਮ ਦੀ ਉਲੰਘਣਾ ਦਾ ਹੀ ਹੁਣ ਤੱਕ ਜ਼ਿਕਰ ਕੀਤਾ ਹੈ।

ਦੂਜੀ ਕਿਸਮ ਹੁਕਮ ਦੀ ਉਲੰਘਣਾ ਦੀ ਉਹ ਹੈ, ਜਿਸ ਨਾਲ ਬਾਪ ਖੁਸ਼ ਹੁੰਦਾ ਹੈ ਅਤੇ ਦੂਜੇ ਸਾਰੇ ਪੁੱਤਰਾਂ ਦਾ ਹੱਕ ਖੋਹ ਕੇ ਭੀ ਸਾਰੀ ਜਾਇਦਾਦ ਉਸ ਉਲੰਘਣਾ ਕਰਨ ਵਾਲੇ ਪੁੱਤਰ ਨੂੰ ਦੇ ਦਿੰਦਾ ਹੈ।

ਪਹਿਲੀ ਕਿਸਮ ਜਿਸ ਤੇ ਬਾਪ ਨਰਾਜ਼ ਹੁੰਦਾ ਹੈ, ਉਹ ਕਹਾਉਂਦੀ ਹੈ ਕਪੁੱਤਰਾਂ ਵਾਲੀ ਉਲੰਘਣਾ।

ਦੂਜੀ ਕਿਸਮ ਜਿਸ ਤੇ ਬਾਪ ਅਤੀ ਖ਼ੁਸ਼ ਹੁੰਦਾ ਹੈ ਉਹ ਕਹਾਉਂਦੀ ਹੈ, ਸਪੁੱਤਰਾਂ ਵਾਲੀ ਉਲੰਘਣਾ।

ਵੀਰ, ਸ਼ਬਦ "ਉਲੰਘਣਾ" ਦੇ ਭੀ ਦੋ ਅਰਥ ਹਨ। (ਕਪੁੱਤਰਾਂ ਵਾਲੀ ਅਤੇ ਸਪੁੱਤਰਾਂ ਵਾਲੀ) ਉਹ ਅਰਥ ਕਿਹੜੇ ਹਨ ?

1. ਆਗਿਆ ਭੰਗ ਕਰਨੀ, ਹੁਕਮ ਉਦੂਲੀ ਕਰਨੀ
2. ਲੰਘਣ ਦੀ ਕ੍ਰਿਯਾ, ਕਿਸੇ ਤੋਂ ਅੱਗੇ ਵਧਣਾ

(ਦੇਖੋ ਮਹਾਨ ਕੋਸ਼)

ਕਈ ਹੁਕਮ ਐਸੇ ਹੁੰਦੇ ਹਨ ਜੋ ਮੰਨਣੇ ਚਾਹੀਦੇ ਹਨ ਪ੍ਰੰਤੂ ਕਈ ਹੁਕਮ ਐਸੇ ਹੁੰਦੇ ਹਨ ਜੋ ਨਾ ਮੰਨੇ ਜਾਣ ਤਾਂ ਬਾਪ ਜਾਂ ਗੁਰੂ ਖ਼ੁਸ਼ ਹੁੰਦਾ ਹੈ। ਹੁਕਮ ਉਦੂਲੀ ਕਰਨ ਵਾਲੇ ਨੂੰ ਖ਼ੁਸ਼ੀਆਂ ਮਿਲਦੀਆਂ ਹਨ।

ਕੀ ਦੂਜੀ ਕਿਸਮ ਦੀ ਕੋਈ ਮਿਸਾਲ ਹੈ ਜਾਂ ਐਵੇਂ ਹੀ ਮਨ ਘੜਤ ਗੱਲਾਂ ਹਨ ? ਵੀਰ, ਇਕ ਨਹੀਂ, ਸੈਂਕੜੇ ਨਹੀਂ, ਹਜ਼ਾਰਾਂ ਮਿਸਾਲਾਂ ਗੁਰੂ ਘਰ ਵਿਚ ਇਸ ਤਰ੍ਹਾਂ ਦੀਆਂ ਮਿਲਦੀਆਂ ਹਨ। ਕੁਝ ਦਾ ਜ਼ਿਕਰ ਦਾਸ ਇਥੇ ਕਰਦਾ ਹੈ।

ਇਹਨਾਂ ਨੂੰ ਸਮਝਣ ਲਈ ਇਕ ਦੁਨਿਆਵੀ ਮਿਸਾਲ ਆਪਾਂ ਇਥੇ ਲੇ

ਲਈਏ। ਫਿਰ ਗੁਰੂ ਘਰ ਵਾਲੀਆਂ ਮਿਸਾਲਾਂ ਸਮਝ ਆ ਜਾਣਗੀਆਂ। ਕਈ ਦਫਾ ਘਰ ਵਿਚ ਪਤੀ ਤੇ ਪਤਨੀ ਦੀ ਲੜਾਈ ਹੋ ਜਾਂਦੀ ਹੈ ਅਤੇ ਕਈ ਦਫਾ ਪਤੀ ਗੁੱਸੇ ਵਿਚ ਆ ਕੇ ਪਤਨੀ ਨੂੰ ਕਹਿ ਦਿੰਦਾ ਹੈ ਕਿ ਜਾ ਫਲਾਨੇ ਦੇ ਘਰ ਚਲੀ ਜਾ, ਉਸ ਨੂੰ ਪਤੀ ਬਣਾ ਲੈ। ਹੁਣ ਜੇ ਉਹ ਹੁਕਮ ਮੰਨ ਕੇ ਕਿਸੇ ਹੋਰ ਦੀ ਪਤਨੀ ਬਣ ਜਾਵੇ ਤਾਂ ਕੀ ਪ੍ਰਸੰਨਤਾ ਲੈ ਜਾਵੇਗੀ ? ਸੋ ਜ਼ਾਹਰ ਹੈ ਕਿ ਇਹੋ ਜਿਹੇ ਹੁਕਮ ਨੂੰ ਤਾਂ ਉਲੰਘਣਾ ਹੀ ਪਵੇਗਾ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1539 ਈਸਵੀ ਵਿਚ ਚੋਲਾ ਬਦਲਣ ਦੀ ਸਲਾਹ ਕੀਤੀ ਤਾਂ ਇਕ ਅਜੀਬ ਹੀ ਸਵਾਂਗ ਵਰਤਾਇਆ। ਜੰਗਲ ਨੂੰ ਚੱਲ ਪਏ। ਪਿਛੇ ਸਾਰੀ ਸੰਗਤ ਚੱਲ ਪਈ। ਗੁਰੂ ਸਾਹਿਬ ਨੇ ਬਚਨ ਕੀਤੇ ਕਿ ਵਾਪਸ ਮੁੜ ਜਾਓ। ਬਾਬਾ ਬੁੱਢਾ ਜੀ ਅਤੇ ਭਾਈ ਲਹਿਣਾ ਜੀ (ਦੂਸਰੇ ਪਾਤਸ਼ਾਹ) ਤੋਂ ਬਗੈਰ ਸਭ ਵਾਪਸ ਮੁੜ ਗਏ। (ਕਈ ਇਤਹਾ-ਸਕਾਰ ਲਿਖਦੇ ਹਨ ਕਿ ਪੰਜ ਜਾਣੇ ਰਹਿ ਗਏ ਸਨ, ਬਾਕੀ ਮੁੜ ਗਏ ਸਨ) ਹੁਣ ਗੁਰੂ ਸਾਹਿਬ ਨੇ ਡੰਡੇ ਨਾਲ ਦੋਨਾਂ ਨੂੰ ਕੁੱਟਣਾ ਸ਼ੁਰੂ ਕੀਤਾ ਅਤੇ ਹੁਕਮ ਦਿਤਾ ਕਿ ਵਾਪਸ ਚਲੇ ਜਾਓ।

ਅੱਗੋਂ ਦੋਨਾਂ ਨੇ ਬੇਨਤੀ ਕੀਤੀ "ਸੱਚੇ ਪਾਤਸ਼ਾਹ ਸਾਡੇ ਨਿਮਾਣਿਆਂ ਦੇ ਤਾਂ ਤੁਸੀਂ ਹੀ ਹੋ। ਤੁਹਾਨੂੰ ਛੱਡ ਕੇ ਕਿਥੇ ਚਲੇ ਜਾਈਏ ?

ਗੁਰੂ ਸਾਹਿਬ ਹੋਰ ਅੱਗੇ ਚਲੇ ਗਏ ਜਦ ਪਿਛੇ ਮੁੜ ਕੇ ਦੇਖਿਆ ਤਾਂ ਦੋਨੋਂ ਨਾਲ ਹੀ ਸਨ ਤਾਂ ਗੁਰੂ ਸਾਹਿਬ ਨੇ ਬਚਨ ਕੀਤੇ "ਜੇ ਸਾਡੇ ਨਾਲ ਜਾਣਾ ਹੈ ਤਾਂ ਇਕ ਸ਼ਰਤ ਹੈ। ਕਹਿ ਦੇਵੋ ਕਿ ਅਸੀਂ ਤੇਰੇ ਸਿੱਖ ਨਹੀਂ ਤੂੰ ਸਾਡਾ ਗੁਰੂ ਨਹੀਂ।"

ਦੋਨੋਂ ਹੱਥ ਬੰਨ੍ਹ ਕੇ ਖੜੇ ਹੋ ਗਏ ਅਤੇ ਬੇਨਤੀ ਕੀਤੀ "ਸੱਚੇ ਪਾਤਸ਼ਾਹ ਭਾਵੇਂ ਕੁੰਭੀ ਨਰਕ ਵਿਚ ਸੁੱਟ ਦੇਵੋ। ਤੁਹਾਡਾ ਇਹ ਹੁਕਮ ਨਹੀਂ ਮੰਨਣਾ।"

ਗੁਰੂ ਸਾਹਿਬ ਨੇ ਫਿਰ ਕੁਟਣਾ ਸ਼ੁਰੂ ਕਰ ਦਿਤਾ ਅਤੇ ਬਚਨ ਕੀਤੇ ਕਿ ਕਹਿ ਦੇਵੋ ਕਿ ਅਸੀਂ ਤੇਰੇ ਸਿੱਖ ਨਹੀਂ ਅਤੇ ਤੂੰ ਸਾਡਾ ਗੁਰੂ ਨਹੀਂ।

ਦੋਨਾਂ ਨੇ ਫਿਰ ਬੇਨਤੀ ਕੀਤੀ ਕਿ ਇਹ ਹੁਕਮ ਨਹੀਂ ਮੰਨਣਾ ਭਾਵੇਂ ਟੁਕੜੇ-ਟੁਕੜੇ ਕਰ ਦੇਵੋ (ਇਸ ਦੇ ਮੁਕਾਬਲੇ ਅੱਜ ਕੱਲ ਦੇ ਸਿੱਖਾਂ ਦੀ ਹਾਲਤ ਦੇਖੋ ਜੋ ਕਲਗੀਧਰ ਨੂੰ ਪਰਮੇਸ਼ਰ ਨਹੀਂ ਕਹਿੰਦੇ। ਡਰਦੇ ਹਨ ਕਿ ਨਰਕਾਂ ਵਿਚ ਸੁੱਟੇ ਜਾਵਾਂਗੇ)।

ਗੁਰੂ ਸਾਹਿਬ ਹੋਰ ਅੱਗੇ ਚਲੇ ਗਏ। ਅੱਗੇ ਇਕ ਮੁਰਦਾ ਪਿਆ ਸੀ ਜਿਸ ਤੇ ਚਾਦਰ ਪਾਈ ਹੋਈ ਸੀ। ਗੁਰੂ ਸਾਹਿਬ ਨੇ ਬਚਨ ਕੀਤੇ "ਜੇ ਸਾਡੇ ਸਿੱਖ ਹੋ ਤਾਂ ਬਚਨ ਮੰਨੋ। ਜਾਓ, ਜਾ ਕੇ ਮੁਰਦਾ ਖਾਓ।" ਭਾਈ ਲਹਿਣਾ ਜੀ ਅਤੇ ਬਾਬਾ ਬੁੱਢਾ ਜੀ ਦੋਨੋਂ ਭੱਜ ਲਏ। ਬਾਬਾ ਬੁੱਢਾ ਜੀ ਦੇ ਦਿਲ ਵਿਚ ਫੁਰਨਾ ਆ ਗਿਆ ਕਿ ਗੁਰੂ ਸਾਹਿਬ ਨੇ ਇਹ ਤਾਂ ਬਚਨ ਕੀਤੇ ਨਹੀਂ ਕਿ ਸਿਰ ਵਲੋਂ ਖਾਣਾ ਹੈ ਜਾਂ ਪੈਰਾਂ ਵਲੋਂ ਜਦੋਂ ਕਿ ਭਾਈ ਲਹਿਣਾ ਜੀ ਨੇ ਜਾਂਦੇ ਸਾਰ ਚੱਕ ਮਾਰਿਆ (ਬੁਰਕੀ ਵੱਢ ਲਈ) ਤਾਂ ਕੀ ਦੇਖਦੇ ਹਨ ਕਿ ਕੜਾਹ ਪ੍ਰਸ਼ਾਦ ਹੈ (ਕਦੀ ਗੁਰੂ ਭੀ ਆਪਣੇ ਸਿੱਖਾਂ ਨੂੰ ਮੁਰਦਾ ਖਵਾਉਂਦਾ ਹੈ?)

ਹੁਣ ਗੁਰੂ ਸਾਹਿਬ ਨੇ ਬਚਨ ਕੀਤੇ "ਇਕ ਮਿਆਨ ਵਿਚ ਦੋ ਕਿਰਪਾਨਾਂ ਨਹੀਂ ਆ ਸਕਦੀਆਂ ਸਨ। ਤੁਸੀਂ ਦੋਨੋਂ ਇਕੋ ਹੀ ਰਫਤਾਰ ਤੇ ਚੱਲੇ ਆ

ਰਹੇ ਸੀ ਅਤੇ ਤੁਹਾਡੇ ਵਿਚੋਂ ਛਾਂਟੀ ਕਰਨੀ ਹੀ ਪੈਣੀ ਸੀ ਕਿ ਕੌਣ ਪਹਿਲੇ ਨੰਬਰ ਤੇ ਆਉਂਦਾ ਹੈ ਅਤੇ ਕੌਣ ਦੂਜੇ ਨੰਬਰ ਤੇ। ਸੋ ਗੱਦੀ ਭਾਈ ਲਹਿਣਾ ਜੀ ਨੂੰ ਮਿਲੇਗੀ ਜਦੋਂ ਕਿ ਬਾਬਾ ਬੁੱਢਾ ਜੀ ਗੁਰੂ ਸਾਹਿਬਾਨ ਨੂੰ ਆਪਣੀ ਜ਼ਿੰਦਗੀ ਤੱਕ ਤਿਲਕ ਲਾਉਣ ਦੀ ਰਸਮ ਕਰਨਗੇ।"

ਸੋ ਕੁਝ ਹੁਕਮ ਗੁਰੂ ਸਾਹਿਬ ਦੇ ਇਹੋ ਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਉਲੰਘਣ ਦੀ ਜੇ ਕੋਈ ਹਿੰਮਤ ਰਖਦਾ ਹੋਵੇ ਤਾਂ ਉਸ ਨੂੰ ਕੱਪ ਮਿਲ ਜਾਂਦਾ ਹੈ। ਜੇ ਦੋਨੋਂ ਗੁਰੂ ਸਾਹਿਬ ਦਾ ਬਚਨ ਮੰਨ ਲੈਂਦੇ ਅਤੇ ਕਹਿ ਦਿੰਦੇ ਕਿ ਅਸੀਂ ਤੇਰੇ ਸਿੱਖ ਨਹੀਂ ਅਤੇ ਤੂੰ ਸਾਡਾ ਗੁਰੂ ਨਹੀਂ, ਤਾਂ ਜਨਮਾਂ ਜਨਮਾਂਤਰਾਂ ਦਾ ਛੇਤ ਪੈ ਜਾਣਾ ਸੀ। ਜੇ ਹੁਕਮ ਨੂੰ ਉਲੰਘ ਦਿਤਾ ਤਾਂ ਆਪ ਦੂਜੇ ਗੁਰੂ ਨਾਨਕ ਬਣ ਗਏ।

ਗੁਰੂ ਘਰ ਵਿਚ ਕਾਫੀ ਮਿਸਾਲਾਂ ਮਿਲਦੀਆਂ ਹਨ ਪ੍ਰੰਤੂ ਇਸ ਥਾਂ ਇਕ ਦੋ ਮਿਸਾਲਾਂ ਦਿਤੀਆਂ ਜਾਂਦੀਆਂ ਹਨ। ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਭੋਰੇ ਵਿਚ ਬਿਰਾਜਮਾਨ ਸਨ ਅਤੇ ਬਾਹਰ 22 ਮੰਜੀਆਂ ਗੁਰੂ ਡੰਮ ਬਣਾਈ ਬੈਠੇ ਸਨ। ਮੱਖਣ ਸ਼ਾਹ ਨੇ ਨੌਵੇਂ ਪਾਤਸ਼ਾਹ ਦੀ ਪਛਾਣ ਕਰ ਲਈ ਤਾਂ ਗੁਰੂ ਸਾਹਿਬ ਨੇ ਹੁਕਮ ਦਿਤਾ, "ਜੇ ਬਾਹਰ ਜਾ ਕੇ ਕਿਸੇ ਨੂੰ ਸਾਡੇ ਬਾਰੇ ਦੱਸਿਆ ਤਾਂ ਤੇਰਾ ਮੂੰਹ ਕਾਲਾ ਕਰਾਂਗੇ, ਗਲ ਵਿਚ ਛਿੱਤਰਾਂ ਦੀ ਮਾਲਾ ਪਾਵਾਂਗੇ ਅਤੇ ਢੋਲ ਪਾਵਾਂਗੇ ਅਤੇ ਗਧੇ ਤੇ ਚੜ੍ਹਾ ਕੇ ਜਲੂਸ ਕੱਢਾਂਗੇ।" ਮੱਖਣ ਸ਼ਾਹ ਬਾਹਰ ਆਇਆ। ਆਪੇ ਹੀ ਮੂੰਹ ਕਾਲਾ ਕਰ ਲਿਆ, ਛਿੱਤਰਾਂ ਦੀ ਮਾਲਾ ਪਾ ਲਈ, ਗਲ ਵਿਚ ਢੋਲ ਪਾ ਲਿਆ ਅਤੇ ਗਧੇ ਤੇ ਚੜ੍ਹ ਕੇ ਦੱਸਣਾ ਤਾਂ ਇਕ ਪਾਸੇ ਰਿਹਾ, ਉੱਚੀ-2 ਢੰਡੋਰਾ ਫੇਰਨ ਲੱਗ ਪਿਆ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ (ਗੁਰੂ ਲੱਭ ਗਿਆ, ਗੁਰੂ ਲੱਭ ਗਿਆ)" ਕਿੱਡੀ ਵੱਡੀ ਹੁਕਮ ਦੀ ਉਲੰਘਣਾ ਪ੍ਰੰਤੂ ਗੁਰੂ

ਸਾਹਿਬ ਨੇ ਛਾਤੀ ਨਾਲ ਲਾ ਲਿਆ ਅਤੇ ਰਹਿੰਦੀ ਦੁਨੀਆਂ ਤੱਕ ਮੱਖਣ ਸ਼ਾਹ ਦਾ ਨਾਂ ਅਮਰ ਹੋ ਗਿਆ।

ਗੁਰੂ ਘਰ ਵਿਚ ਮੁੱਢ ਤੋਂ ਹੀ ਈਰਖਾ ਬਖੀਲੀ ਕਰਨ ਵਾਲੇ ਭੀ ਤੁਰ ਆਉਂਦੇ ਹਨ ਅਤੇ ਦਾਤਾਂ ਨਾਲ ਝੋਲੀਆਂ ਭਰਨ ਵਾਲੇ ਭੀ ਤੁਰੇ ਆਉਂਦੇ ਹਨ। ਇਸੇ ਦੀ ਇਕ ਮਿਸਾਲ ਸਾਹਮਣੇ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੂੰ ਦੂਜੇ ਪਾਤਸ਼ਾਹ ਦੇ ਸਾਹਿਬਜ਼ਾਦੇ ਦਾਤੂ ਨੇ ਦੀਵਾਨ ਵਿਚ ਹੀ ਲੱਤ ਮਾਰੀ ਅਤੇ ਬੋਲ ਕੁਬੋਲ ਬੋਲਿਆ। ਸੋ ਤੀਜੇ ਪਾਤਸ਼ਾਹ ਕਿਸੇ ਨੂੰ ਦੱਸੇ ਤੋਂ ਬਗੈਰ ਹੀ ਪਿੰਡ ਬਾਸਰਕੀ ਦੇ ਬਾਹਰਵਾਰ ਇਕ ਕੋਠੇ ਵਿਚ ਬਰਾਜਮਾਨ ਹੋ ਗਏ। ਦਰਵਾਜ਼ਾ ਬੰਦ ਕਰ ਲਿਆ ਅਤੇ ਬਾਹਰ ਲਿਖ ਕੇ ਲਾ ਦਿਤਾ "ਜੋ ਦਰਵਾਜ਼ਾ ਖੋਹਲੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ।"

ਗੁਰ ਪ੍ਰਤਾਪ ਸੂਰਜ ਰਾਸਿ ।, ਅੰਸੂ 35 ਵਿਖੇ ਲਿਖਿਆ ਹੈ :-

ਇਸ ਦਰ ਜੋ ਨਰ ਕਰਹਿ ਉਪਾਰੇ।
ਤਿਸ ਕੇ ਗੁਰ ਨਹਿਂ ਸਿਖ ਹਮਾਰੇ ॥
ਲੋਕ ਪ੍ਰਲੋਕ ਦੋਨੋ ਹੀ ਖੋਵੈ।
ਨਹੀ ਸਹਾਇਕ ਹਮ ਤਬ ਹੋਵੇ ॥
ਲਿਖਣ ਦੂਰ ਕੋ ਲਿਖਿ ਕੈ ਸੁ ਪ੍ਰਵੇਸ਼ੇ।
ਪਦਮਾਸਨ ਕਰਿ ਸ੍ਰੀ ਗੁਰ ਬੈਸੇ ॥
ਛਪੇ ਤਹਾਂ ਨਹਿਂ ਜਾਨਹਿ ਕੋਊ।
ਨਿਜ ਸਰੂਪ ਮਹਿਂ ਥਿਤਿ ਬ੍ਰਿਤਿ ਹੋਊ ॥

ਹੁਣ ਸੰਗਤਾਂ ਦਰਸ਼ਨਾਂ ਤੋਂ ਬਗੈਰ ਬਿਹਬਲ ਹੋ ਉਠੀਆਂ। ਸਾਰਿਆਂ ਨੇ ਆ ਕੇ ਬਾਬਾ ਬੁੱਢਾ ਜੀ ਪਾਸ ਬੇਨਤੀ ਕੀਤੀ। ਬਾਬਾ ਬੁੱਢਾ ਜੀ ਨੇ ਬਚਨ ਕੀਤੇ ਕਿ ਗੁਰੂ ਸਾਹਿਬ ਦੀ ਘੋੜੀ ਖੋਹਲ ਦੇਵੋ। (ਕਿਉਂਕਿ ਘੋੜੀ ਨੇ ਉਸ ਦਿਨ ਤੋਂ ਪੱਠੇ ਖਾਣੇ ਛੱਡ ਦਿਤੇ ਸਨ) ਸਾਰੀ ਸੰਗਤ ਪਿਛੇ-2 ਤੁਰ ਚੱਲੋ। ਜਿਥੇ ਘੋੜੀ ਖੜੇਗੀ, ਉਥੇ ਗੁਰੂ ਸਾਹਿਬ ਹੋਣਗੇ। ਇਸੇ ਤਰਾਂ ਹੋਇਆ, ਘੋੜੀ ਕੋਠੇ ਪਾਸ ਪਹੁੰਚ ਕੇ ਕੋਠੇ ਦੀ ਪ੍ਰਕਰਮਾ ਕਰਨ ਲੱਗ ਪਈ। ਸੰਗਤਾਂ ਨੂੰ ਗਿਆਨ ਹੋ ਗਿਆ ਕਿ ਗੁਰੂ ਸਾਹਿਬ ਇਥੇ ਹੀ ਹਨ। ਅੱਗੇ ਦੇਖਿਆ ਕਿ ਸ਼ਰਤ ਬੜੀ ਕਰੜੀ ਲਿਖੀ ਹੈ। ਜੋ ਬੂਹਾ ਖੋਹਲੇਗਾ, ਉਸ ਦਾ ਲੋਕ ਪ੍ਰਲੋਕ ਖਤਮ ਹੋ ਜਾਵੇਗਾ। ਸਿੱਖੀ ਤੋਂ ਖਾਰਜ ਹੋ ਜਾਵੇਗਾ।

ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਹੁਣ ਕੀ ਕੀਤਾ ਜਾਵੇ ? ਅਖੀਰ ਬਾਬਾ ਬੁੱਢਾ ਜੀ ਹੁਣ ਲਕੀਰ ਟੱਪਣ ਲਈ ਤਿਆਰ ਹੋਏ। ਉਹਨਾਂ ਨੇ ਕੋਠੇ ਦੀ ਪਿਛਲੀ ਕੰਧ ਨੂੰ ਪਾੜ ਲਾ ਲਿਆ ਅਤੇ ਅੰਦਰ ਲੰਘ ਗਏ ਅਤੇ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਸ਼ੁਰੂ ਕਰ ਦਿਤੀ। ਗੁਰੂ ਸਾਹਿਬ ਦੀ ਸਮਾਧੀ ਖੁਲ੍ਹੀ ਅਤੇ ਭਬਕ ਮਾਰੀ ਕਿ ਕੀ ਬਾਹਰ ਹੁਕਮ ਨਹੀਂ ਪੜ੍ਹਿਆ ? ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ ਕਿ ਸੰਗਤਾਂ ਦਰਸ਼ਨਾਂ ਨੂੰ ਤਰਸ ਰਹੀਆਂ ਹਨ। ਭੁੱਲ ਮੁਆਫ ਕਰੋ।

ਗੁਰੂ ਸਾਹਿਬ ਮੁਸਕਰਾ ਪਏ ਅਤੇ ਬਚਨ ਕੀਤੇ ਕਿ ਜੋ ਜਗਿਆਸੂ ਇਸ ਸੰਨ੍ਹ (ਪਾੜ) ਰਾਹੀਂ ਲੰਘ ਜਾਵੇਗਾ, ਉਸਦੀ 84 ਕੱਟੀ ਜਾਵੇਗੀ ਅਤੇ ਮਨੋਂ ਕਾਮਨਾਵਾਂ ਪੂਰੀਆਂ ਹੋਣਗੀਆਂ। ਇਹ ਅਸਥਾਨ ਹੁਣ ਗੁਰਦਵਾਰਾ ਸੰਨ੍ਹ ਸਾਹਿਬ ਕਰਕੇ ਮਸ਼ਹੂਰ ਹੈ। ਹਜ਼ਾਰਾਂ ਸੰਗਤਾਂ ਦਰਸ਼ਨ ਕਰਕੇ ਜਨਮ ਮਰਨ ਕਟਦੀਆਂ ਹਨ।

ਅਤੇ ਹੁਣ ਸੋਚੋ ਕਿ ਜੇ ਹੁਕਮ ਪੜ੍ਹ ਕੇ ਬਾਹਰ ਹੀ ਖੜ ਜਾਂਦੇ ਜਾਂ ਵਾਪਸ ਮੁੜ ਜਾਂਦੇ, ਫਿਰ ਸੰਗਤਾਂ ਦਾ ਉਧਾਰ ਕਿਵੇਂ ਹੁੰਦਾ ? ਹੁਕਮ ਉਲੰਘ ਕੇ ਸੰਨ੍ਹ ਲਾਈ ਅਤੇ ਬਖਸ਼ਿਸ਼ ਕਿਤਨੀ ਵੱਡੀ ਮਿਲ ਗਈ।

ਸਦਾ ਲਈ ਰਹਿੰਦੀ ਦੁਨੀਆਂ ਤੱਕ ਭਾਵਨਾਂ ਵਾਲਿਆਂ ਨੂੰ ਬਖਸ਼ੀਸ਼ਾਂ ਲੈ ਦਿਤੀਆਂ। ਲੱਖਾਂ ਆਉਂਦੇ ਹਨ, ਮੱਥਾ ਟੇਕਦੇ ਹਨ। ਲੱਖਾਂ ਵਰੋਸਾਉਂਦੇ ਹਨ। ਅਖੰਡ ਪਾਠ ਹੁੰਦੇ ਹਨ ਤੇ ਭਾਵਨਾ ਵਾਲਿਆਂ ਨੂੰ ਦਰਸ਼ਨ ਭੀ ਹੋ ਜਾਂਦੇ ਹਨ।

ਹੁਕਮ ਤਾਂ ਇਕ ਗੋਲ ਦੀ ਲਕੀਰ ਦੀ ਤਰ੍ਹਾਂ ਹੈ। ਜਦੋਂ ਤੱਕ ਗੋਲ ਦੀ ਲਕੀਰ ਤੋਂ ਦੀ ਗੇਂਦ ਅੱਗੇ ਨਹੀਂ ਟੱਪ ਜਾਂਦੀ, ਉਦੋਂ ਤੱਕ ਜਿੱਤ ਹਾਸਲ ਨਹੀਂ ਹੁੰਦੀ। ਕੱਪ ਭੀ ਉਹੀ ਲੈਂਦੇ ਹਨ, ਜੋ ਲਕੀਰ ਦੇ ਉਤੋਂ ਦੀ ਗੇਂਦ ਲੰਘਾ ਦਿੰਦੇ ਹਨ।

ਕਲਗੀਧਰ ਪਾਤਸ਼ਾਹ ਨੇ 1708 ਈਸਵੀ ਵਿਚ ਚੋਲਾ ਬਦਲ ਲਿਆ ਅਤੇ ਹੁਕਮ ਦਿਤਾ ਕਿ ਸਾਡੇ ਅੰਗੀਠੇ ਵਾਲੀ ਥਾਂ *(cremation place)* ਤੇ ਜੇ ਕੋਈ ਯਾਦਗਾਰ ਬਣਾਵੇਗਾ ਤਾਂ ਉਸਦਾ ਸਰਬੰਸ ਨਾਸ ਹੋ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਜੀ ਨੇ 1799 ਈਸਵੀ ਤੋਂ 1839 ਈਸਵੀ ਤੱਕ ਰਾਜ ਕੀਤਾ। ਮਹਾਰਾਜਾ ਸਾਹਿਬ ਨੂੰ ਅੰਗਰੇਜ਼ਾਂ ਨੇ ਤਾਹਨਾ ਮਾਰਿਆ ਕਿ ਜਿਸ ਨੂੰ ਤੁਸੀਂ ਗੁਰੂ ਮੰਨਦੇ ਹੋ ਉਸਦੇ ਅੰਗੀਠੇ ਵਾਲੀ ਥਾਂ ਦੀ ਘੋਰ ਬੇਅਦਬੀ ਹੋ ਰਹੀ ਹੈ। ਮਹਾਰਾਜਾ ਸਾਹਿਬ ਨੇ ਸਿੱਖ ਭੇਜੇ ਦਰਸ਼ਨ ਕਰਨ

ਵਾਸਤੇ। ਉਨ੍ਹਾਂ ਨੇ ਆ ਕੇ ਰਿਪੋਰਟ ਦਿਤੀ ਕਿ ਸੱਚ ਮੁਚ ਬੇਅਦਬੀ ਹੋ ਰਹੀ ਹੈ। ਇਹ ਗੱਲ ਕੋਈ 1830-32 ਦੀ ਹੈ। ਮਹਾਰਾਜ ਸਾਹਿਬ ਨੇ ਕਾਰਨ ਪੁਛਿਆ ਤਾਂ ਉਹਨਾਂ ਦਸਿਆ ਕਿ ਗੁਰੂ ਸਾਹਿਬ ਦਾ ਹੁਕਮ ਹੈ ਕਿ ਜੇ ਕੋਈ ਸਾਡੀ ਯਾਦਗਾਰ ਬਣਾਵੇਗਾ ਤਾਂ ਉਸ ਦਾ ਸਰਬੰਸ ਨਾਸ ਹੋ ਜਾਵੇਗਾ ।

ਮਹਾਰਾਜਾ ਸਾਹਿਬ ਨੇ ਹੁਕਮ ਸਾਹਮਣੇ ਸੀਸ ਝੁਕਾਇਆ ਅਤੇ ਬਚਨ ਕੀਤੇ "ਦਾਸ ਦਾ ਸਰਬੰਸ ਨਾਸ ਹੋ ਜਾਵੇ ਤਾਂ ਕੋਈ ਪ੍ਰਵਾਹ ਨਹੀਂ। ਜਾਓ ਜਾ ਕੇ ਮੇਰੇ ਪਾਤਸ਼ਾਹ ਦੀ ਯਾਦਗਾਰ ਬਣਾਉਣੀ ਸ਼ੁਰੂ ਕਰੋ।"

ਯਾਦਗਾਰ ਬਣਨੀ ਸ਼ੁਰੂ ਹੋ ਗਈ। ਜਦੋਂ ਮੁਕੰਮਲ ਹੋ ਗਈ ਤਾਂ ਮਹਾਰਾਜ ਸਾਹਿਬ ਦੇ ਦੋਨੋਂ ਪਾਸੇ ਮਾਰੇ ਗਏ। ਜਿਸ ਦੀ ਤਾਕਤ ਤੋਂ ਦੁਨੀਆਂ ਵਾਲੇ ਤ੍ਰਾਹ-2 ਕੰਬਦੇ ਸਨ, ਉਹ ਅੱਜ ਆਪਣੇ ਹੱਥ ਪੈਰ ਹਿਲਾਉਣ ਤੋਂ ਵੀ ਅਸਮਰਥ ਸੀ। ਮਹਾਰਾਜਾ ਸਾਹਿਬ ਸਰੀਰ ਛੱਡ ਗਏ ਮਗਰੋਂ ਇਕ ਇਕ ਕਰਕੇ ਸਿਵਾਏ ਦਲੀਪ ਸਿੰਘ ਤੋਂ ਸਭ ਮਾਰ ਦਿਤੇ ਗਏ। ਦਲੀਪ ਸਿੰਘ ਨੂੰ ਅੰਗਰੇਜ਼ ਇੰਗਲੈਂਡ ਲੈ ਗਏ। ਉਸਦੇ ਸਾਰੇ ਬੱਚੇ ਛੋਟੇ ਹੁੰਦੇ ਜਾਂ ਬੇ ਉਲਾਦੇ ਮਰ ਗਏ। ਇਸ ਤਰ੍ਹਾਂ ਮਹਾਰਾਜ ਸਾਹਿਬ ਦਾ ਕਹਿੰਦੇ ਹਨ ਕਿ ਸਰਬੰਸ ਨਾਸ ਹੋ ਗਿਆ।

ਪ੍ਰੇਮੀ ਜ਼ਰਾ ਗੌਰ ਨਾਲ ਸੋਚੋ। ਕੀ ਸਰਬੰਸ ਨਾਸ ਹੋ ਗਿਆ ਹੈ? ਨਹੀਂ ਨਹੀਂ ਜਦ ਤੱਕ ਕਲਗੀਧਰ ਪਾਤਸ਼ਾਹ ਦਾ ਨਾਂ ਰਹੇਗਾ ਉਦੋਂ ਤੱਕ ਸਾਰਿਆਂ ਦਾ ਸਿਰ ਮਹਾਰਾਜ ਸਾਹਿਬ ਦੇ ਚਰਨਾਂ ਵਿਚ ਝੁਕਦਾ ਰਹੇਗਾ। ਸਰਬੰਸ ਕਿਸਦਾ ਚੱਲ ਰਿਹਾ ਹੈ? ਸਾਨੂੰ ਆਪਣੇ ਦਾਦਿਆਂ ਦੇ ਦਾਦਿਆਂ ਪੜਦਾਦਿਆਂ ਦੇ ਨਾਵਾਂ ਦਾ ਪਤਾ ਨਹੀਂ ਹੈ, ਉਹ ਨਾਂ ਖਤਮ ਹੋ ਗਏ ਹਨ। ਪ੍ਰੇਮੀ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਰਹਿੰਦੀ ਦੁਨੀਆਂ ਤੱਕ ਰਹੇਗਾ,

ਸਿਰਫ ਰਹੇਗਾ ਹੀ ਨਹੀਂ ਬਲਕਿ ਸਾਰੀ ਸਿੱਖ ਕੌਮ ਉਸ ਨੂੰ ਸਦਾ ਲਈ ਸੀਸ ਝੁਕਾਉਂਦੀ ਰਹੇਗੀ।

ਜਿਸ ਨੇ ਹੁਕਮ ਦੀ ਉਲੰਘਣਾ ਕੀਤੀ, ਉਸ ਦੇ ਚਰਨਾਂ ਤੇ ਵਾਰ-2 ਪ੍ਰਣਾਮ ਹੁੰਦਾ ਰਹੇਗਾ।

ਕੱਪ ਭੀ ਉਹੀ ਲੈਂਦੇ ਹਨ, ਜਿਨ੍ਹਾਂ ਨੇ ਆਪਣਾ ਆਪ ਗਵਾ ਲਿਆ ਹੋਵੇ। ਆਪਣਾ ਆਪ ਤਾਂ ਗੁਆਉਣਾ ਹੀ ਲੱਗਣਾ ਹੈ ਜੇ ਸਿੱਖੀ ਦੇ ਸਕੂਲ ਦੀ ਪੜ੍ਹਾਈ ਕਰਨੀ ਹੈ। ਸੱਚੇ ਪਾਤਸ਼ਾਹ ਦਾ ਮਿਲਾਪ ਚਤਰਾਈਆਂ ਨਾਲ ਤਾਂ ਹੁੰਦਾ ਨਹੀਂ। ਜਿਨ੍ਹਾਂ ਨੇ ਆਪਣਾ ਆਪ ਗੁਆ ਦਿਤਾ, ਤਿਨ੍ਹਾਂ ਨੇ ਸ਼ੌਹ (ਪ੍ਰਭੂ) ਨੂੰ ਪਾ ਲਿਆ।

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥
(ਅੰਗ 722)

★

# ਤਤਕਰਾ ਪ੍ਰਗਟ ਗੁਰਾਂ ਕੀ ਦੇਹ (ਭਾਗ ਪਹਿਲਾ)

[ਦੂਜੀ ਐਡੀਸ਼ਨ]


| | | ਸਫਾ |
|---|---|---|
| 1. | ਕਿਤਾਬ ਦਾ ਮੁੱਢ ਕਿਵੇਂ ਬੱਝਿਆ ? | 1 |
| 2. | ਨਾਨਕਸਰ ਦਾ ਇਤਿਹਾਸ | 9 |
| 3. | ਬਾਬਾ ਨੰਦ ਸਿੰਘ ਜੀ ਬਾਰੇ | 11 |
| 4. | ਬਾਬਾ ਈਸ਼ਰ ਸਿੰਘ ਜੀ ਬਾਰੇ | 16 |
| 5. | ਕੀ ਪ੍ਰਮਾਤਮਾ ਹੈ ? | 26 |
| 6. | ਕੀ ਗੁਰੂ ਸਾਹਿਬ ਸੰਤ ਜਾਂ ਸਾਧ ਹਨ ? | 42 |
| 7. | ਕੀ ਗੁਰੂ ਸਾਹਿਬ ਦੀ ਪੂਜਾ ਮੂਰਤੀ ਪੂਜਾ ਹੈ ? | 51 |
| 8. | "ਜੋ ਹਮ ਕੋ ਪ੍ਰਮੇਸ਼ਰ ਉਚਰਿ ਹੈ ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥" | 69 |
| 9. | ਸ੍ਰੀ ਗੁਰੂ ਗਰੰਥ ਸਾਹਿਬ ਦੀ ਸੇਵਾ | 84 |
| | a) ਗੁਰੂ ਸਾਹਿਬ ਵਾਸਤੇ ਕਮਰਾ | 85 |
| | b) ਕਮਰੇ ਵਿਚ ਕਿਸ ਤਰ੍ਹਾਂ ਜਾਣਾ ਹੈ ? | 86 |
| | c) ਪਲੰਘ ਜਾਂ ਪੀਹੜਾ | 87 |
| | d) ਪ੍ਰਕਾਸ਼ ਕਿੰਨੀ ਦੇਰ ? | 88 |
| | e) ਮੂੰਹ ਤੇ ਕੱਪੜਾ | 89 |
| | f) ਪੱਖੇ ਹੀਟਰ ਤੇ ਇਸ਼ਨਾਨ ਦਾ ਸਾਮਾਨ | 90 |
| | g) ਰੁਮਾਲੇ | 92 |
| | h) ਹੁਕਮਨਾਮਾ ਕਿਵੇਂ ਲੈਣਾ ਹੈ ? | 94 |
| | i) ਭੋਗ ਲਵਾਉਣਾ | 100 |
| | j) ਬਾਕੀ ਸਾਮਾਨ | 103 |

10. ਗੁਰੂ ਸਾਹਿਬ ਦਾ ਸਰਗੁਣ ਸਰੂਪ 107
11. ਪਾਠਾਂ ਦੇ ਫਲ 127
12. ਇਕ ਦੂਜੇ ਦੇ ਉਲਟ ਤੁਕਾਂ *(Contradicting)* 136
a] ਸੁਰਗ ਅਤੇ ਮੁਕਤੀ ਬਾਰੇ 137
b] ਕੀ ਲੇਖ ਮਿਟ ਸਕਦੇ ਹਨ ? 140
c] ਕੀ ਵਾਹਿਗੁਰੂ ਜੀ ਬੇਅੰਤ ਹਨ ? 162
d] "ਗੁਰੂ ਨਾਨਕ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ ॥" [ਅੰਗ 612] 165
e] ਕੀ ਪ੍ਰਮਾਤਮਾ ਨੂੰ ਛੁਪਾਉਣਾ ਚਾਹੀਦਾ ਹੈ ? 172
13. ਬਾਦਸ਼ਾਹ ਤੇ ਵਜ਼ੀਰ

★★
★★

# ਤਤਕਰਾ

[ਪ੍ਰਗਟ ਗੁਰਾਂ ਕੀ ਦੇਹ (ਭਾਗ ਦੂਜਾ)]


1. ਤ੍ਰਿਗਧ ਜੂਨਾਂ
2. ਗੁਰਮੁਖ ਅਤੇ ਮਨਮੁਖ
3. ਮੰਗਣਾ ਕੀ ਹੈ ?
4. ਮਾਇਆ
5. ਨਿੰਦਿਆ
6. ਮੌਤ ਤੋਂ ਬਾਦ ਬੰਦਾ ਕਿੱਥੇ ਜਾਂਦਾ ਹੈ ?
7. ਸੈਕੂਲਰਿਜ਼ਮ ਅਤੇ ਕਮਿਊਨਿਜ਼ਮ
8. ਅੰਮ੍ਰਿਤ
   i) ਸਹਿਜਧਾਰੀਆਂ ਵਾਸਤੇ ਕਿਹੜਾ ਅੰਮ੍ਰਿਤ ?
   ii) ਅੰਮ੍ਰਿਤ ਛਕਾਉਣ ਦੇ ਕੁਝ ਕੁ ਵੇਰਵੇ
9. ਦਸਵੇਂ ਪਾਤਸ਼ਾਹ ਤੇ ਦੁਰਗਾ ਦੇਵੀ
10. ਫੁਰਨੇ
11. ਮਾਸ, ਸ਼ਰਾਬ ਤੇ ਹੋਰ ਵਿਵਿਰਜਤ ਕਰਮ
12. 6 ਅਕਤੂਬਰ 1963 ਦੇ ਬਚਨ
13. ਭਾਣਾ ਵਰਤਾਉਣ ਦੇ ਇਸ਼ਾਰੇ
14. ਬਾਬਾ ਈਸ਼ਰ ਸਿੰਘ ਜੀ ਮਹਾਰਾਜ ਤੋਂ ਮਗਰੋਂ ਕੌਣ ?


*
*

# ਤਤਕਰਾ (ਪੂਰਨ ਸੰਤ ਕੌਣ ਤੇ ਕਿੱਥੇ)


1. ਕੀ ਗੁਰੂ ਸਾਹਿਬ ਸੰਤ ਜਾਂ ਸਾਧ ਹਨ ? 5
2. ਪੂਰਨ ਸੰਤ ਦੀ ਸੰਗਤ ਨਾਲ ਮਿਲਦਾ ਕੀ ਹੈ ? 14
3. ਪੂਰਨ ਸੰਤ ਦੀ ਪਛਾਣ 22
   - a) ਟਣਕਾਉਣਾ 23
   - b) ਕਸਵੱਟੀ 24
   - c) ਪਦਾਰਥ, ਰਿਧੀ, ਸਿਧੀ 26
   - d) ਜੜ੍ਹ ਅਤੇ ਚੇਤੰਨ ਮਾਇਆ ਤੋਂ ਰਹਿਤ 28
   - e) ਤਾਣਾ ਪੇਟਾ 40
   - f) ਤਿੰਨ ਭੱਬੇ 42
   - g) ਪੂਰਨ ਮਹਾਂ ਪੁਰਖ ਦਾ ਦਿਮਾਗ 46
   - h) ਚਾਰ ਕਿਸਮ ਦੇ ਫ਼ਕੀਰ 47
   - i) ਕੌਲ ਫੁੱਲ ਦੀ ਤਰ੍ਹਾਂ 54
   - j) ਅਰਬੀ ਘੋੜੇ 55
   - k) ਗਰੀਬੀ ਦੀਆਂ ਤੇਹਾਂ 60
   - l) ਨਿਰਵੈਰ ਅਤੇ ਅਕ੍ਰਿਤਘਣਾਂ ਨੂੰ ਪਾਲਦੇ ਹਨ 64
   - m) ਕਥਾ, ਕੀਰਤਨ, ਸਿਮਰਨ, ਸੇਵਾ ਵਾਲੇ 66
4. ਕੀ ਪੂਰਨ ਮਹਾਂ ਪੁਰਸ਼ ਦੀ ਸੰਗਤ ਹਰੇਕ ਨੂੰ ਮਿਲ ਸਕਦੀ ਹੈ ? 77
5. ਕੀ ਮਹਾਂ ਪੁਰਸ਼ ਤੋਂ ਬਗੈਰ ਨਾਮ ਨਹੀਂ ਮਿਲ ਸਕਦਾ ? 82
6. ਮਹਾਂ ਪੁਰਸ਼ ਦੀ ਸੰਗਤ ਤੋਂ ਕੌਣ ਲਾਭ ਲੈ ਸਕਦਾ ਹੈ ? 97
7. ਕੀ ਪੂਰਨ ਮਹਾਂ ਪੁਰਸ਼ ਨੂੰ ਮੱਥਾ ਟੇਕਣਾ ਚਾਹੀਦਾ ਹੈ ? 103
8. ਪੂਰਨ ਸੰਤ ਦੀ ਚਰਨ ਧੂੜੀ ਦੀ ਤਾਕਤ 115
9. ਕੀ ਪੂਰਨ ਸੰਤ ਹੁਣ ਵੀ ਹੈ ? 128
10. ਕੀ ਪੂਰਨ ਸੰਤ ਦੀ ਬਾਣੀ ਕੱਚੀ ਹੈ ? 140
11. ਕੀ ਨਕਲੀ ਸੰਤ ਰੀਸ ਕਰਨ ਨਾਲ ਪੂਰਨ ਸੰਤ ਬਣ ਸਕਦਾ ਹੈ ? 145
12. ਪੂਰਨ ਸੰਤ ਦੇ ਨਿੰਦਕਾਂ ਦਾ ਹਾਲ 149